ਵਿਸਾਖੀ ਵਿਸ਼ੇਸ਼


# ਸਾਡੇ ਲੋਕ

SADE LOK

9-15 ਅਪ੍ਰੈਲ 2025

sadelok.com




1699 'ਚ ਵਿਸਾਖੀ ਵਾਲੇ ਦਿਨ ਸਰਬੰਸ ਦਾਨੀ ਦਸਵੇਂ ਨਾਨਕ ਨੇ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਾਲ ਪੁਰਖ ਕੀ ਫੌਜ ਸਿੱਖ ਪੰਥ ਦੀ ਸਾਜਨਾ ਕੀਤੀ। ਕੁਦਰਤੀ ਸਰੂਪ ਨੂੰ ਸੰਭਾਲਣ ਲਈ ਪੰਜ ਕਕਾਰ ਦੇ ਕੇ ਸੁਨੇਹਾ ਦਿੱਤਾ ਕਿ ਖੁਦ ਵੀ ਰੱਬ ਦੇ ਦਿੱਤੇ ਸਰੂਪ ਵਿਚ ਜੀਵਨ ਬਸਰ ਕਰੋ ਤੇ ਕੁਦਰਤ ਨਾਲ ਕੋਈ ਖਿਲਵਾੜ ਨਾ ਕਰੋ। ਆਓ ਅੱਜ ਖਾਲਸੇ ਦੇ ਜਨਮ ਦਿਹਾੜੇ ਮੌਕੇ ਸੱਚੇ ਸਿੱਖ, ਸੱਚੇ ਇਨਸਾਨ ਬਣਨ ਦਾ ਪ੍ਰਣ ਕਰੀਏ ਕਿ ਅਸੀਂ ਕੁਦਰਤ ਦੇ ਵੀ ਸੱਚੇ ਪਹਿਰੇਦਾਰ ਬਣ ਸਕੀਏ । ਸਾਡੀ ਇਹੋ ਅਰਦਾਸ ਹੈ ਕਿ ਤੁਸੀਂ ਸਾਰੇ ਦਸਮੇਸ਼ ਪਿਤਾ ਦੇ ਨਿਮਾਣੇ ਸਿੱਖ ਬਣੋ। ਵਿਸਾਖੀ ਮੌਕੇ 'ਸਾਡੇ ਲੋਕ' ਵੱਲੋਂ ਕੱਢੇ ਇਸ ਵਿਸ਼ੇਸ਼ ਅੰਕ ਲਈ ਅਸੀਂ ਸਾਰੇ ਐਡਵੋਟਾਈਜਰਾਂ ਅਤੇ ਪਾਠਕਾਂ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ।

-ਸਤਨਾਮ ਸਿੰਘ ਖਾਲਸਾ

## ਲੱਖ-ਲੱਖ ਮੁਬਾਰਕਾਂ

Dosanjh Family
AUTO GROUP

Cadillac CHEVROLET INFINITI KIA NISSAN BUICK GMC
CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD

ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

9-15 ਅਪ੍ਰੈਲ 2025

ਸਾਲ 16ਵਾਂ - ਅੰਕ 15
email : info@sadelok.com

Ph. : 510-706-1300
Fax : 925-373-1300

## 8ਵੀਂ ਨੈਸ਼ਨਲ ਸਿੱਖ ਡੇਅ-ਪਰੇਡ ਦੌਰਾਨ ਵਾਸ਼ਿੰਗਟਨ ਡੀ. ਸੀ. ਵਿਖੇ ਸਿੱਖ ਸੰਗਤਾਂ ਦਾ ਹੋਇਆ ਰਿਕਾਰਡ ਇਕੱਠ

(ਦੇਖੋ ਸਫ਼ਾ 7 'ਤੇ)



## ਇੰਗਲੈਂਡ ਦੇ ਗੁਰਦੁਆਰਿਆਂ ਤੇ ਸਿੱਖ ਸੰਗਠਨਾਂ ਵਲੋਂ ਸਾਕਾ ਨੀਲਾ ਤਾਰਾ 'ਚ ਯੂਕੇ ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਮੰਗ

ਲੰਡਨ : ਇੰਗਲੈਂਡ ਦੇ 400 ਤੋਂ ਵੱਧ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਸਾਕਾ ਨੀਲਾ ਤਾਰਾ 'ਚ ਯੂ. ਕੇ. ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਮੰਗ ਕਰਦਿਆਂ ਉਨ੍ਹਾਂ ਦਾ ਵਾਅਦਾ ਮੁੜ ਯਾਦ ਕਰਵਾਇਆ ਹੈ, ਜੋ ਉਨ੍ਹਾਂ ਨੇ ਚੋਣਾਂ ਦੌਰਾਨ ਸਿੱਖਾਂ ਨਾਲ ਕੀਤਾ ਸੀ। ਸਿੱਖ ਫੈਡਰੇਸ਼ਨ ਯੂ. ਕੇ. ਦੇ ਭਾਈ ਦਬਿੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੇ ਪੱਤਰ ਭੇਜ ਕੇ ਜੂਨ 1984 ਦੀਆਂ ਘਟਨਾਵਾਂ ਅਤੇ ਮਾਰਗਰੇਟ ਥੈਚਰ ਦੇ ਅਧੀਨ ਸਿੱਖ ਵਿਰੋਧੀ ਉਪਾਵਾਂ 'ਚ ਯੂ. ਕੇ.



(ਦੇਖੋ ਸਫ਼ਾ 5 'ਤੇ)

## 84 ਸਿੱਖ ਨਸਲਕੁਸ਼ੀ

### ਜਗਦੀਸ਼ ਟਾਈਟਲਰ ਨੇ ਕਬੂਲੀ 100 ਸਿੱਖਾਂ ਦੀ ਹੱਤਿਆ ਦੀ ਗੱਲ : ਮਨਜੀਤ ਸਿੰਘ ਜੀਕੇ



(ਦੇਖੋ ਸਫ਼ਾ 18 'ਤੇ)

# ਟਰੇਸੀ ਖਾਲਸਾਈ ਕੇਸਰੀ ਜਾਹੋ ਜਲਾਲ ਨਾਲ ਰੰਗਿਆ ਗਿਆ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਸ਼ਰਧਾ ਸੇਵਾ ਨਾਲ ਮਨਾਇਆ ਗਿਆ



ਟਰੇਸੀ, (ਬਿਊਰੋ ਨਿਊਜ਼) : ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਬੜੇ ਉਤਸ਼ਾਹ ਨਾਲ ਸਜਾਇਆ ਗਿਆ। ਜਿਸ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਵਿਸ਼ਾਲ ਇਕੱਠ ਸੀ। ਇਸ ਵਾਰ

(ਦੇਖੋ ਸਫ਼ਾ 22-25 'ਤੇ)

# ਟਰੰਪ ਪ੍ਰਸ਼ਾਸਨ ਵਿਰੁੱਧ ਸਮੁੱਚੇ ਅਮਰੀਕਾ 'ਚ ਹਜ਼ਾਰਾਂ ਲੋਕਾਂ ਵਲੋਂ ਪ੍ਰਦਰਸ਼ਨ

## ਟਰੰਪ ਸਰਕਾਰ ਨੇ ਆਪਣਾ ਫੈਸਲਾ ਬਦਲਿਆ 90 ਦੇਸ਼ਾਂ ਦਾ ਟੈਰਿਫ 10% ਘਟਾਇਆ

ਸੈਕਰਾਮੈਂਟੋ/ਕੈਲੀਫੋਰਨੀਆ : ਅਮਰੀਕਾ ਦੇ ਸਮੁੱਚੇ 50 ਰਾਜਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਦੇ ਜੋਟੀਦਾਰ ਅਰਬਪੱਤੀ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਵੱਲੋਂ ਹਿੱਸਾ ਲੈਣ ਦੀ ਖਬਰ ਹੈ। ਇਨਾਂ ਪ੍ਰਦਰਸ਼ਨਾਂ ਦਾ ਅਯੋਜਨ ਇਕ 'ਪ੍ਰੋ ਡੈਮੋਕਰੇਸੀ ਮੂਵਮੈਂਟ' ਦੁਆਰਾ ਕੀਤਾ ਗਿਆ ਜਿਸ ਨੇ ਕਿਹਾ ਹੈ ਕਿ ਸੱਤਾ ਉਪਰ ਕਾਬਜ਼ ਲੋਕਾਂ ਨੇ ਦੁਸ਼ਮਣੀ ਵਾਲਾ ਵਤੀਰਾ ਅਪਣਾਇਆ ਹੋਇਆ ਹੈ ਤੇ ਉਹ ਅਮਰੀਕੀਆਂ ਦੇ ਅਧਿਕਾਰਾਂ ਅਤੇ ਆਜ਼ਾਦੀ ਉਪਰ ਹਮਲੇ ਕਰ ਰਹੇ ਹਨ। ਪ੍ਰਬੰਧਕਾਂ ਅਨੁਸਾਰ ਰਾਜਾਂ ਦੀਆਂ ਰਾਜਧਾਨੀਆਂ, ਸੰਘੀ ਇਮਾਰਤਾਂ, ਕਾਂਗਰਸ ਦੇ ਦਫਤਰਾਂ, ਸਮਾਜਿਕ ਸੁਰੱਖਿਆ ਦੇ ਮੁੱਖ ਦਫਤਰਾਂ,

(ਦੇਖੋ ਸਫ਼ਾ 9 'ਤੇ)



(ਫੋਟੋਆਂ : ਧੰਨਵਾਦ ਸਹਿਤ ਸੋਸ਼ਲ ਮੀਡੀਆ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

Punjabi International Services Inc
Harminder Singh Samana
Bonded Immigration Consultant
bond number #10177780
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਇੰਗਲੈਂਡ ਦੇ ਗੁਰਦੁਆਰਿਆਂ ਤੇ ਸਿੱਖ ਸੰਗਠਨਾਂ ਵਲੋਂ ਸਾਕਾ ਨੀਲਾ ਤਾਰਾ 'ਚ ਯੂ. ਕੇ. ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਮੰਗ

ਲੰਡਨ : ਇੰਗਲੈਂਡ ਦੇ 400 ਤੋਂ ਵੱਧ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਸਾਕਾ ਨੀਲਾ ਤਾਰਾ 'ਚ ਯੂ. ਕੇ. ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਮੰਗ ਕਰਦਿਆਂ ਉਨ੍ਹਾਂ ਦਾ ਵਾਅਦਾ ਮੁੜ ਯਾਦ ਕਰਵਾਇਆ ਹੈ, ਜੋ ਉਨ੍ਹਾਂ ਨੇ ਚੋਣਾਂ ਦੌਰਾਨ ਸਿੱਖਾਂ ਨਾਲ ਕੀਤਾ ਸੀ। ਸਿੱਖ ਫੈਡਰੇਸ਼ਨ ਯੂ. ਕੇ. ਦੇ ਭਾਈ ਦਬਿੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਨੇ ਪੱਤਰ ਭੇਜ ਕੇ ਜੂਨ 1984 ਦੀਆਂ ਘਟਨਾਵਾਂ ਅਤੇ ਮਾਰਗਰੇਟ ਥੈਚਰ ਦੇ ਅਧੀਨ ਸਿੱਖ ਵਿਰੋਧੀ ਉਪਾਵਾਂ 'ਚ ਯੂ. ਕੇ. ਦੀ ਸ਼ਮੂਲੀਅਤ ਦੀ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਦਾ ਐਲਾਨ ਕਰਨ ਲਈ ਸਰਕਾਰ ਨੂੰ ਦੋ ਮਹੀਨਿਆਂ ਦਾ ਸਮਾਂ (ਅਲਟੀਮੇਟਮ) ਦਿੱਤਾ ਹੈ। ਇਥੇ ਹੀ ਬੱਸ ਨਹੀਂ ਬੀਤੇ ਦਿਨੀਂ ਸਾਰੇ ਲੇਬਰ ਸੰਸਦ ਮੈਂਬਰਾਂ ਨੂੰ ਵੀ ਚਾਰ ਮੁੱਦਿਆਂ 'ਤੇ ਇਕ ਪੱਤਰ ਭੇਜਿਆ ਹੈ, ਜਿਸ 'ਚ ਸਾਕਾ ਨੀਲਾ ਤਾਰਾ ਦੀ ਜਨਤਕ ਜਾਂਚ ਦੇ ਨਾਲ-ਨਾਲ ਜੱਗੀ ਜੌਹਲ ਦੀ ਰਿਹਾਈ, ਵਿਦੇਸ਼ਾਂ 'ਚ ਭਾਰਤ ਦੀ ਦਖਲਅੰਦਾਜ਼ੀ ਅਤੇ ਜਲ੍ਹਿਆਂਵਾਲਾ ਬਾਗ ਕਾਂਢ ਦੀ ਮੁਆਫ਼ੀ ਦੀ ਮੰਗ ਵੀ ਸ਼ਾਮਿਲ ਹੈ। ਪੱਤਰ 'ਚ ਲਿਖਿਆ ਹੈ ਕਿ ਜੂਨ 1984 ਦੀਆਂ ਦੁਖਦਾਈ ਘਟਨਾਵਾਂ ਦੀ 40ਵੀਂ ਵਰ੍ਹੇਗੰਢ ਦੇ ਸਾਲ 'ਚ ਹੋਣ ਦੇ ਬਾਵਜੂਦ ਸੁਤੰਤਰ ਜਨਤਕ ਜਾਂਚ ਦਾ ਐਲਾਨ ਅਗਲੇ ਦੋ ਮਹੀਨਿਆਂ 'ਚ ਕੀਤਾ ਜਾਣਾ ਚਾਹੀਦਾ ਹੈ। ਜਾਂਚ ਕੀਤੇ ਜਾਣ ਵਾਲੇ ਸਬੂਤਾਂ ਦੀ ਪ੍ਰਕਿਰਤੀ ਅਤੇ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਇਹ ਇਕ ਜੱਜ ਦੀ ਅਗਵਾਈ ਵਾਲੀ ਜਨਤਕ ਜਾਂਚ ਹੋਣੀ ਚਾਹੀਦੀ ਹੈ। ਇਹ ਵੀ ਕਿਹਾ ਗਿਆ ਹੈ ਕਿ ਜਨਵਰੀ 2014 'ਚ 30 ਸਾਲਾਂ ਦੇ ਨਿਯਮ ਅਧੀਨ ਅਚਾਨਕ ਗੁਪਤ ਸਰਕਾਰੀ ਕਾਗਜ਼ਾਤ ਜਾਰੀ ਕੀਤੇ ਗਏ ਸਨ, ਜਿਨ੍ਹਾਂ 'ਚ ਖ਼ੁਲਾਸਾ ਹੋਇਆ ਸੀ ਕਿ ਮਾਰਗਰੇਟ ਥੈਚਰ ਨੇ ਫਰਵਰੀ 1984 'ਚ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਆਲੇ-ਦੁਆਲੇ ਦੇ ਕੰਪਲੈਕਸ 'ਤੇ ਹਮਲੇ ਤੋਂ ਪਹਿਲਾਂ ਭਾਰਤੀ ਫ਼ੌਜ ਨੂੰ ਸਲਾਹ ਦੇਣ ਲਈ ਇਕ ਬ੍ਰਿਟਿਸ਼ ਵਿਸ਼ੇਸ਼ ਬਲਾਂ ਦੇ ਅਧਿਕਾਰੀ ਨੂੰ ਗੁਪਤ ਤੌਰ 'ਤੇ ਅੰਮ੍ਰਿਤਸਰ ਜਾਣ ਦਾ ਅਧਿਕਾਰ ਦਿੱਤਾ ਸੀ, ਜਿਸ 'ਚ ਹਜ਼ਾਰਾਂ ਸ਼ਰਧਾਲੂਆਂ ਦਾ ਕਤਲੇਆਮ ਕੀਤਾ ਗਿਆ ਸੀ। ਇਸ ਤੋਂ ਬਾਅਦ ਭਾਰਤੀ ਕਬੂਲਨਾਮਿਆਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤੀ ਖੁਫ਼ੀਆ ਵਿਭਾਗ ਦੇ ਮੁਖੀ ਆਰ. ਐਨ. ਕਾਓ ਨੇ ਨਵੰਬਰ, 1983 'ਚ ਐਮ. ਆਈ. 6 ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ, ਜਿਨ੍ਹਾਂ ਨੇ ਦਸੰਬਰ 1983 'ਚ ਮਾਰਗਰੇਟ ਥੈਚਰ ਦੁਆਰਾ ਫਰਵਰੀ 1984 'ਚ ਐਸ. ਏ. ਐਸ. ਅਧਿਕਾਰੀ ਨੂੰ ਦੌਰਾ ਕਰਨ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਜਾਂਚ ਕੀਤੀ ਸੀ। ਮਾਰਗਰੇਟ ਥੈਚਰ ਨੇ ਇਸ ਨੂੰ ਸੰਸਦ ਅਤੇ ਜਨਤਾ ਤੋਂ ਪੂਰੀ ਤਰ੍ਹਾਂ ਗੁਪਤ ਰੱਖਿਆ, ਕਿਉਂਕਿ ਉਹ ਜਾਣਦੀ ਸੀ ਕਿ ਇਹ ਬਹੁਤ ਵਿਵਾਦਪੂਰਨ ਅਤੇ ਨੁਕਸਾਨਦੇਹ ਹੈ, ਕਿਉਂਕਿ ਮਾਰਚ 1983 'ਚ ਭਾਰਤ 'ਚ ਬ੍ਰਿਟਿਸ਼ ਹਾਈ ਕਮਿਸ਼ਨਰ ਵਲੋਂ ਸਲਾਹ ਦਿੱਤੀ ਗਈ ਸੀ ਕਿ ਜੇਕਰ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਕਾਰਵਾਈ ਹੁੰਦੀ ਹੈ ਤਾਂ ਖ਼ੂਨ ਖਰਾਬਾ ਹੋਵੇਗਾ। ਇਥੇ ਹੀ ਬੱਸ ਨਹੀਂ ਪੱਤਰ 'ਚ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਵਲੋਂ ਕਰਵਾਈ ਗਈ ਸਮੀਖਿਆ ਦਾ ਵੀ ਜ਼ਿਕਰ ਕੀਤਾ ਹੈ, ਜਿਸ ਨੂੰ ਸਿੱਖ ਭਾਈਚਾਰੇ ਨੇ ਮੁੱਢੋਂ ਹੀ ਰੱਦ ਕਰ ਦਿੱਤਾ ਸੀ।




ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences



ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- - FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# 8ਵੀਂ ਨੈਸ਼ਨਲ ਸਿੱਖ ਡੇਅ-ਪਰੇਡ ਦੌਰਾਨ ਵਾਸ਼ਿੰਗਟਨ ਡੀ. ਸੀ. ਖਾਲਸਾਈ ਰੰਗ ਵਿੱਚ ਰੰਗਿਆ, ਸਿੱਖ ਸੰਗਤਾਂ ਦਾ ਹੋਇਆ ਰਿਕਾਰਡ ਇਕੱਠ

- ਨਿਊਯਾਰਕ ਸਟੇਟ ਵੱਲੋਂ 1984 ਸਿੱਖ ਨਸਲਕੁਸ਼ੀ ਬਿਲ ਅਤੇ ਮੇਰੀਲੈਂਡ ਸਟੇਟ ਵੱਲੋਂ ਸਿੱਖ ਹੈਰੀਟੇਜ ਮੰਥ ਸਬੰਧੀ ਦਸਤਾਵੇਜ਼ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਸੰਗਤਾਂ ਨੂੰ ਸਮਰਪਿਤ
- ਪੰਥਕ ਆਗੂਆਂ ਅਤੇ ਅਮਰੀਕਨ ਸਿਆਸਤ ਵਿੱਚ ਸ਼ਾਮਲ ਸ਼ਖ਼ਸੀਅਤਾਂ ਨੇ ਵਿਸਾਖੀ ਦੇ ਪਵਿੱਤਰ ਦਿਹਾੜੇ ਦੀ ਸਿੱਖ ਜਗਤ ਨੂੰ ਦਿੱਤੀ ਵਧਾਈ














ਵਾਸ਼ਿੰਗਟਨ/ਡੀ.ਸੀ.: 5 ਅਪ੍ਰੈਲ 2025 ਨੂੰ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ (SCCEC) ਵੱਲੋਂ ਹਰ ਸਾਲ ਦੀ ਤਰ੍ਹਾਂ ਅਪ੍ਰੈਲ ਦੇ ਪਹਿਲੇ ਹਫਤੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਵਿੱਚ ਕੱਢੀ ਗਈ ਨੈਸ਼ਨਲ ਸਿੱਖ ਡੇਅ ਪਰੇਡ, ਇਸ ਵਾਰ ਸੰਗਤਾਂ ਦੀ ਬਹੁਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਅਤੇ ਵੱਖ-ਵੱਖ ਅਮਰੀਕਨ ਅਤੇ ਹੋਰ ਆਗੂਆਂ ਦੇ ਪਹੁੰਚਣ ਨਾਲ ਸਿਖਰਾਂ ਉੱਤੇ ਪਹੁੰਚ ਗਈ। ਅਮਰੀਕਾ ਭਰ ਤੋਂ ਅਤੇ ਖਾਸ ਤੌਰ 'ਤੇ ਈਸਟ-ਕੋਸਟ ਦੀਆਂ ਸਾਰੀਆਂ ਸਟੇਟਾਂ ਦੇ ਗੁਰਦੁਆਰਿਆਂ ਤੋਂ ਸੰਗਤਾਂ ਲਈ ਬੱਸਾਂ ਦੇ ਪ੍ਰਬੰਧ ਕੀਤੇ ਗਏ ਸਨ ਅਤੇ ਪਰੇਡ ਵਿੱਚ ਸ਼ਾਮਲ ਸੰਗਤਾਂ ਦਾ ਉਤਸ਼ਾਹ ਇਸ ਵਾਰ ਵੇਖਿਆਂ ਹੀ ਬਣਦਾ ਸੀ ।

ਪਰੇਡ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਾਰਕ ਵਿੱਚ ਟੈਂਟ ਲਗਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੋਦ ਵਿੱਚ ਦੀਵਾਨ ਸਜਾਏ ਗਏ ਜਿਸ ਵਿੱਚ ਕੀਰਤਨ, ਢਾਡੀ ਵਾਰਾਂ, ਕਵੀਸ਼ਰੀ ਜਥਿਆਂ ਨੇ ਹਾਜ਼ਰੀ ਲਵਾਈ। ਉਪਰੰਤ ਅਰਦਾਸ ਕਰਕੇ ਗੁਰੂ ਸਾਹਿਬ ਜੀ ਦੀ ਛਤਰਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਹੋਈ ਅੱਠਵੀਂ ਪਰੇਡ ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਫਰੀਡਮ ਮਾਰਚ ਵਜੋਂ ਸਿੱਖ ਰਾਜ ਦਾ ਸੁਨੇਹਾ ਦੁਨੀਆ ਭਰ ਦੇ ਲੋਕਾਂ ਨੂੰ ਪਹੁੰਚਾਉਣ ਵਿੱਚ ਕਾਮਯਾਬ ਹੋਈ। ਇਸ ਦੌਰਾਨ ਸੰਗਤਾਂ ਅਤੇ ਜਥੇਬੰਦੀਆਂ ਨਿਸ਼ਾਨ ਸਾਹਿਬ, ਖਾਲਸਤਾਨ ਦੇ ਝੰਡੇ ਤੇ ਵੱਖ ਵੱਖ ਗੁਰਦੁਆਰਿਆਂ ਅਤੇ ਜਥੇਬੰਦੀਆਂ ਦੇ ਬੈਨਰ ਲੈ ਕੇ ਪਰੇਡ ਵਿੱਚ ਸ਼ਾਮਲ ਹੋਈਆਂ।

ਪਰੇਡ ਦੇ ਦੌਰਾਨ ਨਿਊਜਰਸੀ ਸਟੇਟ ਦੇ ਗਵਰਨਰ ਕੈਂਡੀਡੇਟ ਸਟੀਵ ਸਵੀਨੀ, ਜਿੰਨਾ ਦਾ ਕਈ ਸਿੱਖ ਬਿਲ ਪਾਸ ਕਰਾਉਣ ਵਿੱਚ ਵੱਡਾ ਯੋਗਦਾਨ ਰਿਹਾ, ਉਹ ਅੱਜ ਖਾਸ ਤੌਰ 'ਤੇ ਸ਼ਾਮਲ ਹੋਏ। ਨਾਲ ਹੀ ਕਨੈਕਟੀਕਟ ਸਟੇਟ ਦੇ ਨੌਰਵਿਚ ਸ਼ਹਿਰ ਦੇ ਮੇਅਰ ਕੈਂਡੀਡੇਟ ਸਵਰਨਜੀਤ ਸਿੰਘ ਖਾਲਸਾ ਵੀ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ। ਬਾਬੇ ਨਾਨਕ ਦੀ ਚਰਨਛੋਹ ਪ੍ਰਾਪਤ ਧਰਤੀ (ਹੁਣ ਪਾਕਿਸਤਾਨ) ਤੋਂ ਸਾਬਕਾ ਸਿੱਖ ਅਸੈਂਬਲੀ ਮੈਂਬਰ ਸ. ਮਹਿੰਦਰਪਾਲ ਸਿੰਘ ਉਚੇਚੇ ਤੌਰ 'ਤੇ ਸੰਗਤ ਨਾਲ ਸਾਂਝ ਪਾਉਣ ਲਈ ਪਹੁੰਚੇ ਹੋਏ ਸਨ। ਨਿਊਯਾਰਕ ਸਿਟੀ ਕੌਂਸਲ ਦੀ ਚੋਣ ਲੜ ਰਹੇ ਜਪਨੀਤ ਸਿੰਘ ਨੇ ਵੀ ਹਾਜ਼ਰੀ ਲਗਵਾਈ। ਟੋਗੋ ਦੇ ਪ੍ਰੈਜ਼ੀਡੈਂਟ-ਇਨ-ਐਕਸਾਈਲ ਨੇ ਵੀ ਪਰੇਡ ਵਿਚ ਸ਼ਿਰਕਤ ਕੀਤੀ।

ਪਰੇਡ ਦੇ ਉਪਰੰਤ ਅਮਰੀਕੀ ਕੈਪੀਟਲ ਦੇ ਸਾਹਮਣੇ ਤਿੰਨ ਸਟਰੀਟ ਉੱਤੇ ਪਾਰਕ ਵਿੱਚ ਸਟੇਜ ਸਜਾਈ ਗਈ ਜਿੱਥੋਂ ਸਿੱਖ, ਅਮਰੀਕਨ ਅਤੇ ਅਫਰੀਕੀ ਨੁਮਾਇੰਦਿਆਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸ. ਹਰਜਿੰਦਰ ਸਿੰਘ ਮੀਡੀਆ ਸਪੋਕਸਮੈਨ SCCEC ਨੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੀਆਂ ਪ੍ਰਾਪਤੀਆਂ ਸੰਗਤਾਂ ਦੇ ਸਾਹਮਣੇ ਰੱਖੀਆਂ। ਸਟੇਜ ਦੀ ਸੇਵਾ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਬਾਖੂਬੀ ਨਿਭਾਈ ਜਿਨ੍ਹਾਂ ਨੇ ਕਿ ਵਿਦੇਸ਼ਾਂ ਵਿੱਚ ਸਿੱਖ ਕੌਮ ਦੀ ਪਛਾਣ, ਪ੍ਰਾਪਤੀਆਂ ਅਤੇ ਪੰਜਾਬ ਵਿੱਚ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਦੀ ਗੱਲ 'ਤੇ ਜ਼ੋਰ ਦਿੱਤਾ। ਇਸ ਪਰੇਡ ਵਿਚ ਵਿਸ਼ੇਸ਼ ਤੌਰ 'ਤੇ ਡਾ. ਅਮਰਜੀਤ ਸਿੰਘ ਨੇ ਹਮੇਸ਼ਾ ਵਾਂਗ ਸਿੱਖ ਰਾਜ ਦੇ ਸੰਕਲਪ ਤੇ ਖਾਲਿਸਤਾਨ ਦੇ ਸਬੰਧ ਵਿੱਚ ਵਿਸਥਾਰ ਨਾਲ ਗੱਲ ਕੀਤੀ। ਡਾ. ਪ੍ਰਿਤਪਾਲ ਸਿੰਘ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਸ ਤੌਰ 'ਤੇ ਪਰੇਡ ਵਿੱਚ ਸ਼ਾਮਲ ਹੋ ਕੇ ਸੰਗਤਾਂ ਨੂੰ ਸੰਬੋਧਨ ਹੋਏ। ਨਿਊਯਾਰਕ ਸਿਟੀ ਹਿਊਮੈਨ ਰਾਈਟਸ ਕਮਿਸ਼ਨ ਦੇ ਚੇਅਰਮੈਨ ਸ. ਗੁਰਦੇਵ ਸਿੰਘ ਕੰਗ ਨੇ ਵਿਸਾਖੀ ਦੇ ਦਿਹਾੜੇ ਤੇ ਸੰਗਤਾਂ ਨੂੰ ਵਧਾਈ ਦਿੱਤੀ। ਡਾ. ਹਰਦਮ ਸਿੰਘ ਅਜ਼ਾਦ ਨੇ ਅਮਰੀਕਾ ਵਿਚ ਪਿਛਲੇ ਚਾਰ ਦਹਾਕਿਆਂ ਦੇ ਸੰਘਰਸ਼ ਬਾਰੇ ਸਾਂਝ ਪਾਈ। ਨੌਰਵਾਕ ਬੋਰਡ ਆਫ਼ ਐਜੂਕੇਸ਼ਨ ਤੋਂ ਮਿਸਟਰ ਕੈਵਿਨ ਨੇ ਸਿੱਖ ਅਵੇਅਰਨੈਸ ਅਤੇ ਹਿਸਟਰੀ ਨੂੰ ਸਿਲੇਬਸ ਵਿੱਚ ਸ਼ਾਮਲ ਕਰਾਉਣ ਬਾਰੇ ਵਿਚਾਰ ਸਾਂਝੇ ਕੀਤੇ।

ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਵਿੱਚ ਪਾਸ ਹੋਏ ਬਿੱਲ ਅਤੇ ਸਾਈਟੇਸ਼ਨ ਅਤੇ ਹੋਰ ਸੰਦੇਸ਼ ਸੰਗਤਾਂ ਨਾਲ ਨੂੰ ਸਮਰਪਿਤ ਕੀਤੇ ਗਏ। ਇਸ ਮੌਕੇ ਉੱਤੇ ਮੌਜੂਦਾ ਸਿੱਖ ਸੰਘਰਸ਼ ਦੇ ਸ਼ਹੀਦਾਂ ਸਬੰਧੀ ਇੱਕ ਪ੍ਰਦਰਸ਼ਨੀ ਵੀ ਖਾਸ ਤੌਰ 'ਤੇ ਸਿੱਖ ਯੂਥ ਵੱਲੋਂ ਲਗਾਈ ਗਈ ਸੀ।

ਵਰਜੀਨੀਆਂ, ਮੇਰੀਲੈਂਡ ਤੋ ਲੈ ਕੇ ਨਿਊਯਾਰਕ, ਨਿਊਜਰਸੀ, ਪੈਨਸਲਵੇਨੀਆਂ, ਡੈਲਵੇਅਰ, ਕਨੈਕਟੀਕਟ, ਮੈਸਾਚਿਊਸਟਸ ਅਤੇ ਕੈਲੇਫੋਰਨੀਆ ਤੱਕ ਸਟੇਟਾਂ ਤੋਂ ਵੀ ਗੁਰਦੁਆਰਾ ਪ੍ਰਬੰਧਕ ਅਤੇ ਜਥੇਬੰਦੀਆਂ ਦੇ ਆਗੂਆਂ ਨੇ ਇਸ ਪਰੇਡ ਵਿੱਚ ਭਰਵੀਂ ਹਾਜਰੀ ਲਗਵਾਈ, ਇਨ੍ਹਾਂ ਵਿੱਚ ਸ. ਬਰਜਿੰਦਰ ਸਿੰਘ ਬਰਾੜ, ਸ. ਦਵਿੰਦਰ ਸਿੰਘ ਬੋਪਾਰਾਏ, ਸ. ਬੂਟਾ ਸਿੰਘ ਖੜੌਦ, ਸ. ਸੁਰਜੀਤ ਸਿੰਘ ਕੁਲਾਰ, ਸ. ਅਵਤਾਰ ਸਿੰਘ ਪੰਨੂ, ਡਾ. ਬਖਸ਼ੀਸ਼ ਸਿੰਘ, ਸ. ਭਗਤ ਸਿੰਘ, ਸ. ਦਵਿੰਦਰ ਸਿੰਘ ਦਿਓ, ਸ. ਸੰਤੋਖ ਸਿੰਘ, ਸ. ਗੁਰਦੇਵ ਸਿੰਘ ਮਿਸ਼ੀਗਨ, ਸ. ਇੰਦਰਜੀਤ ਸਿੰਘ, ਸ. ਅਮਰਦੀਪ ਸਿੰਘ, ਸ. ਰਜਿੰਦਰ ਸਿੰਘ, ਸ. ਜਸਬੀਰ ਸਿੰਘ, ਸ. ਬਲਵਿੰਦਰ ਸਿੰਘ ਚੱਠਾ, ਸ. ਨਰਿੰਦਰ ਸਿੰਘ, ਸ. ਹਰਮਿੰਦਰ ਸਿੰਘ ਆਹਲੂਵਾਲੀਆ, ਸ. ਜੁਗਰਾਜ ਸਿੰਘ, ਸ. ਬਲਾਕਾ ਸਿੰਘ, ਸ. ਜੱਸਾ ਸਿੰਘ, ਸ. ਊਧਮ ਸਿੰਘ, ਸ. ਨਵਤੇਜ ਸਿੰਘ ਤੇਜੀ, ਸ. ਹਰਚਰਨ ਸਿੰਘ, ਸ. ਸਰਬਜੀਤ ਸਿੰਘ, ਸ. ਪਵਨ ਸਿੰਘ, ਸ. ਕੇਵਲ ਸਿੰਘ, ਸ. ਤੇਜਪਾਲ ਸਿੰਘ, ਸ. ਬਲਵਿੰਦਰ ਸਿੰਘ, ਸ. ਗੁਰਦੇਵ ਸਿੰਘ ਧਾਲੀਵਾਲ, ਸ. ਸਪਿੰਦਰ ਸਿੰਘ, ਸ. ਪ੍ਰਦੀਪ ਸਿੰਘ, ਸ. ਬਲਜੀਤ ਸਿੰਘ, ਸ. ਜਿੰਦਰ ਸਿੰਘ, ਸ. ਕਰਮ ਸਿੰਘ, ਬੀਬੀ ਕੁਲਵਿੰਦਰ ਕੌਰ ਬੌਸਟਨ, ਬੀਬੀ ਰਾਜਵਿੰਦਰ ਕੌਰ ਨਿਊਯਾਰਕ, ਸ. ਮੱਖਣ ਸਿੰਘ ਅਤੇ ਹੋਰ ਬਹੁਤ ਸਾਰੇ ਪਤਵੰਤੇ ਹਾਜ਼ਰ ਸਨ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਪਰੇਡ ਬਹੁਤ ਚੜ੍ਹਦੀ ਕਲਾ ਨਾਲ ਸੰਪੂਰਨ ਹੋਈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟਕੋਸਟ ਵੱਲੋਂ ਸਾਰੇ ਗੁਰਦੁਆਰਾ ਪ੍ਰਬੰਧਕਾਂ, ਪੰਥਕ ਜਥੇਬੰਦੀਆਂ, ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ।






# ਸੈਨੇਟ ਦੁਆਰਾ ਹਰਮੀਤ ਢਿੱਲੋਂ ਦੀ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕੀ ਸੈਨੇਟ ਨੇ ਪੰਜਾਬੀ ਤੇ ਅਮਰੀਕੀ ਭਾਈਚਾਰੇ ਵਿਚ ਜਾਣੀ ਪਛਾਣੀ ਸਖਸ਼ੀਅਤ ਹਰਮੀਤ ਢਿੱਲੋਂ ਦੀ ਮਾਨਵੀ ਹੱਕਾਂ ਬਾਰੇ ਅਸਿਸਟੈਂਟ ਅਟਾਰਨੀ ਜਨਰਲ ਵਜੋਂ ਪੁਸ਼ਟੀ ਕਰ ਦਿੱਤੀ ਹੈ। ਢਿਲੋਂ ਦੇ ਸੰਵਿਧਾਨਕ ਆਜ਼ਾਦੀ ਕਾਇਮ ਰੱਖਣ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ ਰਾਸ਼ਟਰਪਤੀ ਡੋਨਾਲਟ ਟਰੰਪ ਨੇ ਇਸ ਅਹਿਮ ਅਹੁਦੇ ਲਈ ਉਨ੍ਹਾਂ ਨੂੰ ਨਾਮਜ਼ਦ ਕੀਤਾ ਸੀ। ਅਲਾਸਕਾ ਤੋਂ ਕੇਵਲ ਇਕ ਰਿਪਬਲੀਕਨ ਸਾਂਸਦ ਲੀਸਾ ਮੁਰਕੋਵਸਕੀ ਨੇ ਪਾਰਟੀ ਲਾਈਨ ਤੋਂ ਹਟ ਕੇ ਢਿੱਲੋਂ ਦੇ ਵਿਰੋਧ ਵਿਚ ਡੈਮੋਕਰੈਟਸ ਦਾ ਸਾਥ ਦਿੱਤਾ ਬਾਕੀ ਸਭ ਰਿਪਬਲੀਕਨ ਸੈਨੇਟ ਮੈਂਬਰਾਂ ਨੇ ਪਾਰਟੀ ਲਾਈਨ ਅਨੁਸਾਰ ਉਨ੍ਹਾਂ ਨੂੰ ਵੋਟ ਪਾਈ। ਢਿੱਲੋਂ ਦੇ ਹੱਕ ਵਿਚ 52 ਤੇ ਵਿਰੁੱਧ 42 ਵੋਟਾਂ ਪਈਆਂ। ਰਾਸ਼ਟਰਪਤੀ ਟਰੰਪ ਦੀ ਕੱਟੜ ਸਮਰਥਕ ਢਿੱਲੋਂ ਨਿਆਂ ਵਿਭਾਗ ਨਾਲ ਸਬੰਧਿਤ ਕੰਮਕਾਜ ਵੇਖੇਗੀ।

# ਅਮਰੀਕਾ ਦੀ ਅਚਾਨਕ ਕਾਰਵਾਈ 'ਚ ਲਗਭਗ 150 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਹੋਏ ਰੱਦ

## ਅਚਾਨਕ ਕਾਰਵਾਈ ਕਾਰਨ ਵਿਦਿਆਰਥੀਆਂ ਤੇ ਯੂਨੀਵਰਸਿਟੀਆਂ 'ਚ ਬਣਿਆ ਡਰ ਦਾ ਮਾਹੌਲ



ਨਿਊਯਾਰਕ : ਅਚਾਨਕ ਅਤੇ ਚਿੰਤਾਜਨਕ ਕਦਮ ਚੁੱਕਦੇ ਹੋਏ, ਟਰੰਪ ਪ੍ਰਸ਼ਾਸਨ ਨੇ ਅਮਰੀਕਾ ਭਰ 'ਚ ਲਗਭਗ 150 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ, ਜਿਨ੍ਹਾਂ 'ਚ ਹਾਰਵਰਡ ਯੂਨੀਵਰਸਿਟੀ ਅਤੇ ਸਟੈਨਫੋਰਡ ਯੂਨੀਵਰਸਿਟੀ ਵਰਗੇ ਵੱਕਾਰੀ ਸੰਸਥਾਨਾਂ ਦੇ ਵਿਦਿਆਰਥੀ ਵੀ ਸ਼ਾਮਲ ਹਨ। ਵਿਦਿਆਰਥੀਆਂ ਨੂੰ ਹਾਲ ਹੀ ਦੇ ਦਿਨਾਂ 'ਚ ਬਰਖ਼ਾਸਤਗੀ ਬਾਰੇ ਸੂਚਿਤ ਕੀਤਾ ਗਿਆ ਸੀ, ਪਰ ਕਾਰਵਾਈ ਦੇ ਪਿੱਛੇ ਦੇ ਕਾਰਨ ਅਜੇ ਵੀ ਸਪੱਸ਼ਟ ਨਹੀਂ ਹਨ। ਇਸ ਨਾਲ ਵਿਦਿਆਰਥੀਆਂ ਅਤੇ ਯੂਨੀਵਰਸਿਟੀਆਂ 'ਚ ਭੰਬਲਭੂਸਾ ਅਤੇ ਡਰ ਪੈਦਾ ਹੋ ਗਿਆ ਹੈ। ਅਚਾਨਕ ਵੀਜ਼ਾ ਰੱਦ ਹੋਣ ਨਾਲ ਅਮਰੀਕਾ ਵਿੱਚ ਅੰਤਰਰਾਸ਼ਟਰੀ ਸਿੱਖਿਆ ਦੇ ਭਵਿੱਖ ਬਾਰੇ ਚਿੰਤਾਵਾਂ ਵਧ ਗਈਆਂ ਹਨ। ਇਮੀਗ੍ਰੇਸ਼ਨ ਵਕੀਲਾਂ ਅਤੇ ਯੂਨੀਵਰਸਿਟੀ ਅਧਿਕਾਰੀਆਂ ਨੇ ਪ੍ਰਭਾਵਿਤ ਵਿਦਿਆਰਥੀਆਂ ਦੀ ਸਹਾਇਤਾ ਲਈ ਕੰਮ ਕੀਤਾ, ਜਿਨ੍ਹਾਂ ਨੂੰ ਹੁਣ ਸੰਭਾਵਿਤ ਹਿਰਾਸਤ ਅਤੇ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਿਵੇਂ ਕਿ ਦ ਨਿਊਯਾਰਕ ਟਾਈਮਜ਼ ਨੇ ਰਿਪੋਰਟ 'ਚ ਦਸਿਆ, ਇਕੱਲੇ ਕੈਲੀਫੋਰਨੀਆ ਯੂਨੀਵਰਸਿਟੀ ਦੇ ਕੈਂਪਸਾਂ 'ਚ ਦਰਜਨਾਂ ਮਾਮਲੇ ਸਾਹਮਣੇ ਆਏ ਹਨ, ਕਈ ਹੋਰ ਯੂਨੀਵਰਸਿਟੀਆਂ, ਜਿਨ੍ਹਾਂ ਵਿੱਚ ਆਸਟਿਨ ਵਿਖੇ ਟੈਕਸਾਸ ਯੂਨੀਵਰਸਿਟੀ ਅਤੇ ਮਿਨੀਸੋਟਾ ਸਟੇਟ ਯੂਨੀਵਰਸਿਟੀ-ਮੈਨਕਾਟੋ ਸ਼ਾਮਲ ਹਨ, ਵਿੱਚ ਵੀ ਪ੍ਰਭਾਵਿਤ ਵਿਦਿਆਰਥੀ ਦੇਖੇ ਗਏ ਹਨ।

ਯੂਨੀਵਰਸਿਟੀਆਂ ਅਤੇ ਮੀਡੀਆ ਰਿਪੋਰਟਾਂ ਦੇ ਅਨੁਸਾਰ, ਘੱਟੋ-ਘੱਟ 147 ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਰੱਦ ਕਰਨ ਤੋਂ ਪ੍ਰਭਾਵਿਤ ਹੋਏ ਹਨ, ਜੋ ਕਿ ਟਰੰਪ ਪ੍ਰਸ਼ਾਸਨ ਦੇ ਅਧੀਨ ਹਮਲਾਵਰ ਇਮੀਗ੍ਰੇਸ਼ਨ ਲਾਗੂ ਕਰਨ ਦੇ ਵਿਸ਼ਾਲ ਪੈਟਰਨ ਦਾ ਹਿੱਸਾ ਜਾਪਦੇ ਹਨ। ਪ੍ਰਭਾਵਿਤ ਵਿਦਿਆਰਥੀਆਂ ਵਿੱਚ ਅੰਡਰਗ੍ਰੈਜੂਏਟ ਅਤੇ ਗ੍ਰੈਜੂਏਟ ਵਿਦਿਆਰਥੀ ਸ਼ਾਮਲ ਹਨ ਜੋ ਇਸ ਅਚਾਨਕ ਕਾਰਵਾਈ ਵਿੱਚ ਫਸ ਗਏ ਸਨ। ਕੁਝ ਨਿਸ਼ਾਨਾ ਬਣਾਏ ਗਏ ਵਿਦਿਆਰਥੀ ਪਹਿਲਾਂ ਹੀ ਕਾਰਵਾਈ 'ਚ ਸ਼ਾਮਲ ਰਹੇ ਹਨ, ਖਾਸ ਕਰਕੇ ਫ਼ਲਸਤੀਨ ਪੱਖੀ ਕਾਰਨਾਂ ਨਾਲ ਸਬੰਧਤ, ਜਦੋਂ ਕਿ ਕੁਝ ਨੇ ਕਈ ਸਾਲ ਪਹਿਲਾਂ ਟਰੈਫ਼ਿਕ ਉਲੰਘਣਾਵਾਂ ਵਰਗੀਆਂ ਛੋਟੀਆਂ ਕਾਨੂੰਨੀ ਉਲੰਘਣਾਵਾਂ ਦਾ ਸਾਹਮਣਾ ਕੀਤਾ ਹੈ।

**ਸਰਕਾਰ ਦਾ ਵਿਆਪਕ ਇਮੀਗ੍ਰੇਸ਼ਨ ਏਜੰਡਾ** : ਅਚਾਨਕ ਵੀਜ਼ਾ ਸਮਾਪਤੀ ਟਰੰਪ ਪ੍ਰਸ਼ਾਸਨ ਦੇ ਵਿਆਪਕ ਨੀਤੀ ਉਦੇਸ਼ਾਂ ਦੇ ਅਨੁਸਾਰ ਹੈ, ਜਿਸਦਾ ਉਦੇਸ਼ ਕਾਨੂੰਨੀ ਅਤੇ ਗ਼ੈਰ-ਦਸਤਾਵੇਜ਼ੀ ਇਮੀਗ੍ਰੇਸ਼ਨ ਦੋਵਾਂ ਨੂੰ ਘਟਾਉਣਾ ਹੈ। ਇਹ ਕਦਮ ਅਮਰੀਕੀ ਕੈਂਪਸਾਂ ਵਿੱਚ ਯਹੂਦੀ-ਵਿਰੋਧ ਅਤੇ ਹੋਰ ਰਾਜਨੀਤਿਕ ਮੁੱਦਿਆਂ 'ਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਚੱਲ ਰਹੇ ਯਤਨਾਂ ਨੂੰ ਵੀ ਦਰਸ਼ਾਉਂਦੇ ਹਨ। ਪ੍ਰਸ਼ਾਸਨ ਦੀਆਂ ਕਾਰਵਾਈਆਂ ਨੇ ਯੂਨੀਵਰਸਿਟੀ ਦੇ ਆਗੂਆਂ ਅਤੇ ਅੰਤਰਰਾਸ਼ਟਰੀ ਸਿੱਖਿਆ ਦੇ ਸਮਰਥਕਾਂ ਵਿੱਚ ਚਿੰਤਾ ਦੀ ਲਹਿਰ ਪੈਦਾ ਕਰ ਦਿੱਤੀ ਹੈ, ਜਿਨ੍ਹਾਂ ਨੂੰ ਚਿੰਤਾ ਹੈ ਕਿ ਇਹ ਨੀਤੀਆਂ ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਦੀ ਅਮਰੀਕੀ ਯੋਗਤਾ ਨੂੰ ਕਮਜ਼ੋਰ ਕਰ ਸਕਦੀਆਂ ਹਨ।

# ਡਾ. ਦੀਪ ਸਿੰਘ ਵਲੋਂ ਯੂ.ਐਨ.ਉ. ਵਿਖੇ ਸਯੁੰਕਤ ਰਾਸ਼ਟਰ ਦਫਤਰ ਆਫ ਕਾਂਉਟਰ ਟੈਰੋਰਿਜਮ (ICTSG) ਦੁਆਰਾ ਰੌਡੀਨ ਸਿਟਾਡੇਲਾ ਪੇਸ ਨਾਲ ਮਿਲ ਕੇ ਆਯੋਜਿਤ ਕੀਤੀ ਗਈ ਮਾਹਿਰ ਬ੍ਰੀਫਿੰਗ 'ਚ ਬਤੌਰ ਮਾਹਿਰ ਵਜੋਂ ਕੀਤੀ ਸ਼ਮੂਲੀਅਤ

## ਗੱਤਕਾ ਖੇਡ ਨੂੰ ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਅੰਤਰਰਾਸ਼ਟਰੀ ਪੰਰਪਰਾਗਤ ਖੇਡਾਂ ਦੀ ਕੌਂਸਲ (ICTSG) ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰਨ ਦਾ ਉਪਰਾਲਾ-ਡਾ.ਦੀਪ ਸਿੰਘ



ਡਾ. ਦੀਪ ਸਿੰਘ ਸਕੱਤਰ ਜਨਰਲ ਵਿਸ਼ਵ ਗੱਤਕਾ ਫੇਡਰੇਸ਼ਨ ਅਤੇ ਮੈਂਬਰ ਅੰਤਰਰਾਸ਼ਟਰੀ ਪ੍ਰੰਪਰਾਗਤ ਖੇਡਾਂ ਫੋਟੋ ਵਿੱਚ ਨਜ਼ਰ ਆ ਰਹੇ ਹਨ।

ਨਿਉਯਾਰਕ : ਅਮਰੀਕਾ ਵੱਸਦੀ ਉੱਘੀ ਸਿੱਖ ਸਖਸ਼ੀਅਤ ਡਾ. ਦੀਪ ਸਿੰਘ ਵਲੋਂ ਸਿੱਖ ਕਮਯੁਨਿਟੀ ਲਈ ਕੀਤੀ ਜਾ ਰਹੀਆਂ ਸੇਵਾਵਾਂ ਅਤੇ ਵਿਸ਼ੇਸ ਤੌਰ ਤੇ ਗੱਤਕਾ ਖੇਡ ਦੇ ਪ੍ਰਚਾਰ-ਪ੍ਰਸਾਰ ਨੂੰ ਉਦੋਂ ਵੱਡਾ ਹਲੂਣਾ ਮਿਲਿਆ ਜਦੋਂ ਉਹਨਾਂ ਵਲੋਂ ਯੂ.ਐਨ.ਉ. ਵਿਖੇ ਸਯੰਕਤ ਰਾਸ਼ਟਰ ਦਫਤਰ ਆਫ ਕਾਂਉਟਰ ਟੈਰੋਰਿਜਮ (UNOCT) ਦੁਆਰਾ ਰੌਡੀਨ ਸਿਟਾਡੇਲਾ ਪੇਸ ਨਾਲ ਮਿਲ ਕੇ ਆਯੋਜਿਤ ਕੀਤੀ ਗਈ ਮਾਹਿਰ ਬ੍ਰੀਫਿੰਗ ਵਿੱਚ ਬਤੌਰ ਮਾਹਿਰ ਵਜੋਂ ਸ਼ਮੂਲੀਅਤ ਕੀਤੀ ਗਈ। ਉਹਨਾਂ ਦਸਿੱਆ ਕਿ ਇਸ ਯੂ.ਐਨ.ਓ. ਰਾਹੀਂ ਅੰਤਰਰਾਸ਼ਟਰੀ ਪੱਧਰ ਤੇ ਗੁਰੂ ਸਾਹਿਬ ਵਲੋਂ ਵਰੋਸਾਈ ਖੇਡ-ਗੱਤਕਾ ਖੇਡ ਦੀ ਅਗਵਾਈ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ ਅਤੇ ਇਸ ਨਵੇਂ ਪਲੇਟਫਾਰਮ ਨਾਲ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਹੋਰ ਵੱਡੇ ਪੱਧਰ ਤੇ ਉਜਾਗਰ ਕੀਤਾ ਜਾ ਸਕੇਗਾ।

ਦੀਪ ਸਿੰਘ ਦੀ ਇਸ ਬ੍ਰੀਫਿਗ ਵਿੱਚ ਸ਼ਮੂਲੀਅਤ ਖੇਡਾਂ ਰਾਹੀਂ ਸ਼ਾਤੀ ਨੂੰ ਉਤਸ਼ਾਹਿਤ ਕਰਨ ਦੇ ਸਾਧਨ ਵਜੋਂ ਗੱਤਕੇ ਨੂੰ ਉਤਸ਼ਾਹਿਤ ਕਰਨ ਦੇ ਉਹਨਾਂ ਦੇ ਚਲ ਰਹੇ ਯਤਨਾਂ ਵਿੱਚ ਇੱਕ ਹੋਰ ਮੱਹਤਵਪੂਰਨ ਮੀਲ ਪੱਥਰ ਹੈ। ਜਿਵੇਂ ਕਿ ਉਹ ਪ੍ਰੰਰਪਰਾਗਤ ਖੇਡਾਂ ਦੀ ਦੁਨੀਆਂ ਵਿੱਚ ਇੱਕ ਆਗੂ ਵਜੋਂ ਆਪਣੇ ਤਜਰਬੇ ਸਾਂਝੇ ਕਰਨਗੇ, ਉਹ ਇਹਨਾਂ ਮੁਦਿਆਂ ਉਪਰ ਚਾਨਣਾ ਪਾਉਣਗੇ ਕਿ ਕਿਵੇਂ ਗੱਤਕਾ-ਸਿੱਖ ਮਾਰਸ਼ਲ ਆਰਟਸ ਖਿਡਾਰੀਆਂ ਨੂੰ ਕਿਵੇ ਹੋਰ ਅਨੁਸਾਸ਼ਨ ਅਤੇ ਸਭਿੱਅਕ ਬਨਾਉਣ ਵਿੱਚ ਵੱਡਾ ਯੋਗਦਾਨ ਪਾਉਦਾ ਹੈ ਅਤੇ ਉਸ ਖਿਡਾਰੀ ਨੂੰ ਹਿੰਸਕ ਕੱਟੜਪੰਥੀ ਦੇ ਵਿੱਰੂਧ ਉਤਸ਼ਾਹਿਤ ਕਰਨ ਅਤੇ ਇਸ ਸੋਚ ਨਾਲ ਘਿਰੀ ਨੌਜਵਾਨੀ ਨੂੰ ਸਕਾਰਾਤਮਕ ਸੋਚ ਵੱਲ ਲਿਜਾਣ ਵਿੱਚ ਬਹੁਤ ਹੀ ਮੱਹਤਵਪੂਰਨ ਰੋਲ ਅਦਾ ਕਰਦਾ ਹੈ।

ਯੂ.ਐਨ.ਓ.ਸੀ.ਟੀ. ਮਾਹਿਰ ਬ੍ਰੀਫਿੰਗ ਤੇ ਸਿੰਘ ਨੇ ਕਿਹਾ ਕਿ "ਮੈਂ 20 ਮਾਰਚ 2025 ਨੂੰ ਸਯੁੰਕਤ ਰਾਸ਼ਟਰ ਦਫਤਰ ਆਫ ਕਾਂਉਟਰ ਟੈਰੋਰਿਜਮ (UNOCT) ਦੁਆਰਾ ਰੌਡੀਨ ਸਿਟਾਡੇਲਾ ਪੇਸ ਨਾਲ ਮਿਲ ਕੇ ਆਯੋਜਿਤ ਹੋਣ ਵਾਲੀ ਔਨਲਾਈਨ ਮਾਹਿਰ ਬ੍ਰੀਫਿੰਗ ਵਿੱਚ ਆਪਣੀ ਸ਼ਮੂਲੀਅਤ ਬਾਰੇ ਬਹੁਤ ਉਤਸ਼ਾਹਿਤ ਹਾਂ। ਇਸ ਮੱਹਤਵਪੂਰਨ ਸਮਾਗਮ ਖੇਡਾਂ ਦੁਆਰਾ ਸੰਘਰਸ਼ ਪਰਿਵਰਤਨ ਲਈ ਰੌਡੀਨ ਵਿੱਧੀ ਤੇ ਕੇਂਦਰਿਤ ਸੀ, ਖਾਸ ਤੌਰ ਤੇ ਹਿੰਸਕ ਕੱਟੜਪੱਥੀ ਨੂੰ ਰੋਕਣ ਅਤੇ ਅਤਿਵਾਦ ਦਾ ਮੁਕਾਬਲਾ ਕਰਨ ਵਿੱਚ ਇਸਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ। ਵਿਸ਼ਵ ਗੱਤਕਾ ਫੈਡਰੇਸ਼ਨ (WGF) ਦੇ ਸੱਕਤਰ ਜਨਰਲ ਅਤੇ ਅੰਤਰਰਾਸ਼ਟਰੀ ਪੰਰਪਰਾਗਤ ਖੇਡਾਂ ਅਤੇ ਖੇਡਾਂ ਦੀ ਕੌਂਸ਼ਲ (ICTSG) ਦੇ ਪ੍ਰਤੀਨਿਧੀ ਵਜੋਂ ਮੈਂ ਸ਼ਾਤੀ ਅਤੇ ਦੇ ਵਿੱਰੂਧ ਉਤਸ਼ਾਹਿਤ ਕਰਨ ਅਤੇ ਖੇਡਾਂ ਦੇ ਸਕਰਾਤਮਕ ਭੁਮਿਕਾ ਨੂੰ ਇਕ ਮਜਬੂਤ ਸਾਧਨ ਵਜੋਂ ਖੇਡਾਂ ਦਾ ਲਾਭ ਉਠਾਉਣ ਦੇ ਗਲੋਬਲ ਸਪੋਰਟਸ ਪ੍ਰੋਗਰਾਮ ਦੇ ਮਿਸ਼ਨ ਵਿੱਚ ਯੋਗਦਾਨ ਦੇ ਕੇ ਸਨਮਾਨਿਤ ਮਹਿਸੂਸ ਕਰ ਰਿਹਾਂ ਹਾਂ। ਇਹ ਬ੍ਰੀਫਿੰਗ ਇਕ ਸੁਰਖਿਅਤ ਅਤੇ ਸੰਸਾਰਕ ਸ਼ਾਤੀ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਮਾਹਿਰਾਂ, ਤਕਨੀਕੀ ਘਾੜਿਆਂ, ਵਿਦਿਆਰਥੀਆਂ ਅਤੇ ਸੰਸਥਾਵਾਂ ਨਾਲ ਜੁੜਨ ਦਾ ਇੱਹ ਸ਼ਾਨਦਾਰ ਮੋਕਾ ਸੀ।

ਉਹਨਾਂ ਅੱਗੇ ਕਿਹਾ ਕਿ ਇਸ ਚਰਚਾ ਵਿੱਚ ਖੇਡ ਫੇਡਰੇਸ਼ਨਾਂ, ਅੰਤਰਰਾਸ਼ਟਰੀ ਸੰਸਥਾਵਾਂ, ਅਕਾਦਮਿਕ ਅਤੇ ਕਾਨੂੰਨ ਲਾਗੂ ਕਰਨ ਸਮੇਤ ਹਿੱਸੇਦਾਰਾਂ ਦੇ ਵੱਖ-ਵੱਖ ਸਮੂਹਾਂ ਨੂੰ ਇੱਕਠਾ ਕੀਤਾ ਗਿਆ ਸੀ ਤਾਂ ਜੋ ਸੰਘਰਸ ਪਰਿਵਰਤਨ ਲਈ ਖੇਡਾਂ ਦੀ ਵਰਤੋਂ ਵਿੱਚ ਸਹਿਯੋਗੀ ਪਹੁੰਚਾਂ ਦੀ ਭਾਲ ਕੀਤੀ ਜਾ ਸਕੇ।

ਡਾ. ਸਿੰਘ ਜਿੱਥੇ ਨਵੀਂ ਪਨੀਰੀ ਨੂੰ ਨਸਲੀ ਭੇਦ-ਭਾਵ ਨਾਲ ਨਜਿੱਠਣ ਲਈ ਮਾਨਸਿਕ ਤੌਰ ਤੇ ਸਿਖਿਅਤ ਕਰਦੇ ਹਨ ਉਥੇ ਹੀ ਉਹ ਬੱਚਿਆਂ ਨੂੰ ਸਿੱਖੀ ਦੇ ਇਤਿਹਾਸ ਅਤੇ ਅਮੀਰ ਵਿਰਸੇ ਨਾਲ ਜੋੜਨ ਲਈ ਵੀ ਤੱਤਪਰ ਰਹਿੰਦੇ ਹਨ।

# ਇਕ ਵੱਢਿਉਂ ਲਾਏ ਟੈਰਿਫ਼ ਕਾਰਨ ਬਹੁਤ ਮਹਿੰਗਾਈ ਹੋਣ ਤੇ ਬੇਯਕੀਨੀ ਵਾਲੇ ਹਾਲਾਤ ਬਣਨ ਦੀ ਸੰਭਾਵਨਾ : ਫੈਡਰਲ ਰਿਜ਼ਰਵ ਚੇਅਰਮੈਨ ਦੀ ਚਿਤਾਵਨੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਸਮੇਤ ਵਿਸ਼ਵ ਭਰ ਦੇ ਦੇਸ਼ਾਂ ਦੀਆਂ ਦਰਾਮਦਾਂ ਉਪਰ ਲਾਏ ਟੈਰਿਫ਼ ਕਾਰਨ ਅਮਰੀਕੀ ਲੋਕਾਂ ਦਾ ਜਨ ਜੀਵਨ ਵੱਡੀ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ। ਫੈਡਰਲ ਰਿਜ਼ਰਵ ਚੇਅਰਮੈਨ ਜੇਰੋਮ ਪਾਵਲ ਨੇ ਇਸ ਬਾਰੇ ਕਿਹਾ ਹੈ ਕਿ ਜਿਸ ਢੰਗ ਨਾਲ ਸਮੁੱਚੇ ਦੇਸ਼ਾਂ ਉਪਰ ਟੈਰਿਫ਼ ਲਾਇਆ ਗਿਆ ਹੈ, ਉਸ ਨਾਲ ਬਹੁਤ ਜ਼ਿਆਦਾ ਮਹਿੰਗਾਈ ਹੋ ਸਕਦੀ ਹੈ। ਉਨਾਂ ਕਿਹਾ ਹੈ ਕਿ "ਵੱਡੀ ਪੱਧਰ 'ਤੇ ਬੇਯਕੀਨੀ ਦੇ ਹਾਲਾਤ ਕਾਰਨ ਬੇਰੁਜ਼ਗਾਰੀ ਤੇ ਮਹਿੰਗਾਈ ਦੋਨਾਂ ਦਾ ਬੋਲਬਾਲਾ ਰਹਿ ਸਕਦਾ ਹੈ। ਉਨਾਂ ਕਿਹਾ ਕਿ ਵਿਆਜ ਦਰਾਂ ਸਥਿੱਰ ਰਹਿਣਗੀਆਂ। ਉਨਾਂ ਨੇ ਵਿਕਾਸ ਦੀ ਰਫਤਾਰ ਮੱਧਮ ਹੋ ਜਾਣ ਦੀ ਚਿਤਾਵਨੀ ਵੀ ਦਿੱਤੀ। ਉਹ ਵਾਸ਼ਿੰਗਟਨ, ਡੀ ਸੀ ਤੋਂ ਬਾਹਰ ਸੋਸਾਇਟੀ ਫਾਰ ਐਡਵਾਂਸ ਬਿਜ਼ਨਸ ਐਡੀਟਿੰਗ ਐਂਡ ਰਾਈਟਿੰਗ ਕਾਨਫਰੰਸ ਵਿੱਚ ਬੋਲ ਰਹੇ ਸਨ।



ਉਨਾਂ ਕਿਹਾ ਕਿ ਘੱਟੋ ਘੱਟ ਆਰਜੀ ਤੌਰ 'ਤੇ ਮਹਿੰਗਾਈ ਤਾਂ ਵਧਣ ਦੀ ਸੰਭਾਵਨਾ ਹੈ ਹੀ ਪਰੰਤੂ ਇਹ ਵੀ ਸੰਭਾਵਨਾ ਹੈ ਕਿ ਇਹ ਲੰਬਾ ਸਮਾਂ ਰਹੇ। ਪਾਵਲ ਦੇ ਭਾਸ਼ਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੋਸਲ ਮੀਡੀਆ ਪਲੇਟਫਾਰਮ ਉਪਰ ਪਾਈ ਇਕ ਪੋਸਟ ਵਿਚ ਲਿਖਿਆ ਹੈ ਕਿ ਫੈਡਰਲ ਰਿਜ਼ਰਵ ਨੂੰ ਉਧਾਰ ਲਾਗਤਾਂ ਘਟਾਉਣੀਆਂ ਚਾਹੀਦੀਆਂ ਹਨ। ਟਰੰਪ ਨੇ ਕੇਂਦਰੀ ਬੈਂਕ ਦੇ ਆਗੂ ਉਪਰ ਰਾਜਨੀਤੀ ਖੇਡਣ ਦਾ ਦੋਸ਼ ਲਾਇਆ। ਉਨਾਂ ਕਿਹਾ ਕਿ ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇਰੋਮ ਪਾਵਲ ਲਈ ਇਹ ਉਚਿੱਤ ਸਮਾਂ ਹੈ ਕਿ ਉਹ ਵਿਆਜ ਦਰਾਂ ਵਿਚ ਕਟੌਤੀ ਕਰਨ। ਇਥੇ ਜਿਕਰਯੋਗ ਹੈ ਕਿ ਟਰੰਪ ਦੁਆਰਾ ਅਮਰੀਕੀ ਦਰਾਮਦਾਂ ਉਪਰ ਐਲਾਨਿਆ 10% ਟੈਰਿਫ਼ ਤਾਂ ਅੱਜ ਤੋਂ ਹੀ ਲਾਗੂ ਹੋ ਗਿਆ ਹੈ ਜਦ ਕਿ ਵੱਖ ਵੱਖ ਦੇਸ਼ਾਂ ਉਪਰ ਲਾਏ ਟੈਰਿਫ਼ 9 ਅਪ੍ਰੈਲ ਤੋਂ ਲਾਗੂ ਹੋਣਗੇ। ਮਾਹਿਰਾਂ ਦਾ ਵਿਚਾਰ ਹੈ ਕਿ ਟਰੰਪ ਦੁਆਰਾ ਲਾਏ ਟੈਰਿਫ਼ ਅਨੁਮਾਨ ਨਾਲੋਂ ਕਿਤੇ ਵਧ ਖਤਰਨਾਕ ਹਨ। ਅਰਥਸ਼ਾਸ਼ਤਰੀ ਜੇ ਪੀ ਮੋਰਗਨ ਦਾ ਵਿਚਾਰ ਹੈ ਕਿ ਜੇਕਰ ਟੈਰਿਫ਼ ਲਾਗੂ ਰਹਿੰਦੇ ਹਨ ਤਾਂ ਕੌਮਾਂਤਰੀ ਮੰਦਾ ਆਵੇਗਾ। ਮੁੱਖ ਅਰਥਸ਼ਾਸ਼ਤਰੀ ਕੈਥੀ ਬੋਸਟਜੈਨਸਿਸ ਨੇ ਕਿਹਾ ਹੈ ਕਿ ਫੈਡਰਲ ਰਿਜ਼ਰਵ ਬਹੁਤ ਕਸੂਤੀ ਸਥਿੱਤੀ ਵਿਚ ਹੈ ਕਿਉਂਕਿ ਮਹਿੰਗਾਈ ਵਧਣੀ ਤੇ ਅਰਥ ਵਿਵਸਥਾ ਵਿੱਚ ਮੰਦਾ ਆਉਣਾ ਤੈਅ ਹੈ।

# ਅਮਰੀਕਾ 'ਚ ਭਾਰਤੀ ਮੂਲ ਦੇ ਪਾਦਰੀ ਦੀ ਗੋਲੀ ਮਾਰ ਕੇ ਹੱਤਿਆ

ਸੇਨੇਕਾ : ਅਮਰੀਕਾ ਦੇ ਸੂਬੇ ਕੈਨਸਸ ਦੇ ਸੇਨੇਕਾ ਸ਼ਹਿਰ 'ਚ ਭਾਰਤੀ ਮੂਲ ਦੇ ਕੈਥੋਲਿਕ ਪਾਦਰੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਪਾਦਰੀ, ਜਿਸ ਦੀ ਪਛਾਣ ਅਰੂਲ ਕਰਸਾਲਾ ਵਜੋਂ ਹੋਈ ਹੈ, ਸਾਲ 2011 ਤੋਂ ਸੇਨੇਕਾ 'ਚ ਸੇਂਟਸ ਪੀਟਰ ਅਤੇ ਪਾਲ ਕੈਥੋਲਿਕ ਚਰਚ 'ਚ ਪਾਦਰੀ ਵਜੋਂ ਸੇਵਾਵਾਂ ਨਿਭਾਅ ਰਿਹਾ ਸੀ। ਕਰਸਾਲਾ ਨੂੰ 1994 'ਚ ਭਾਰਤ 'ਚ ਪਾਦਰੀ ਵਜੋਂ ਨਿਯੁਕਤ ਕੀਤਾ ਗਿਆ ਸੀ ਅਤੇ ਉਹ ਸਾਲ 2004 ਤੋਂ ਕੈਨਸਸ 'ਚ ਸੇਵਾਵਾਂ ਨਿਭਾਅ ਰਿਹਾ ਸੀ। ਕਰਸਾਲਾ ਨੇ ਸਾਲ 2011 'ਚ ਅਮਰੀਕੀ ਨਾਗਰਿਕਤਾ ਹਾਸਲ ਕੀਤੀ ਸੀ।



# ਗੁਰਦੁਆਰਾ ਸਿੰਘ ਸਭਾ ਵਿਖੇ ਵਿਸਾਖੀ ਮੌਕੇ ਕਰਵਾਈਆਂ ਗਈਆਂ ਵਿਰਾਸਤੀ ਖੇਡਾਂ







ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ)- ਵਿਸਾਖੀ ਅਤੇ ਪਹਿਲੇ ਪਾਤਸਾਹ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਇਸ ਮੌਕੇ 'ਤੇ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਰਾਸਤੀ ਖੇਡਾਂ ਦੀ ਰੌਣਕ ਨੇ ਸਮੂਹ ਸੰਗਤ ਦਾ ਮਨ ਮੋਹ ਲਿਆ। ਸਵੇਰੇ ਤੋਂ ਹੀ ਗੁਰਦੁਆਰੇ ਵਿਚ ਭਾਵਨਾਤਮਕ ਦੀਵਾਨ ਸਜਾਏ ਗਏ, ਜਿੱਥੇ ਕੀਰਤਨ, ਕਥਾ ਅਤੇ ਅਰਦਾਸ ਰਾਹੀਂ ਸੰਗਤ ਨੇ ਵਿਸਾਖੀ ਦੀ ਮਹਿਮਾ ਨੂੰ ਯਾਦ ਕੀਤਾ। ਸਮਾਗਮ ਦੌਰਾਨ ਤਰ੍ਹਾਂ-ਤਰ੍ਹਾਂ ਦੇ ਲੰਗਰ ਵੀ ਲਗਾਏ ਗਏ, ਜਿਨ੍ਹਾਂ ਦਾ ਸੰਗਤ ਨੇ ਭਰਪੂਰ ਆਨੰਦ ਮਾਣਿਆ। ਵਿਰਾਸਤੀ ਖੇਡਾਂ-ਜਿਵੇਂ ਕਿ ਚਾਟੀ ਦੌੜ, ਗਿੱਟਿਆਂ ਦੀ ਖੇਡ ਤੇ ਬੋਰਿਆਂ ਦੀ ਦੌੜ ਆਦਿ ਖੇਡਾਂ ਵਿਚ ਛੋਟੇ ਬੱਚਿਆਂ ਤੋਂ ਲੈਕੇ ਔਰਤਾਂ ਅਤੇ ਮਰਦਾਂ ਤੱਕ ਨੇ ਪੂਰੇ ਜੋਸ਼ ਨਾਲ ਭਾਗ ਲਿਆ ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੌਰਾਨ ਪੀ.ਸੀ.ਏ. ਫਰਿਜ਼ਨੋ ਦੇ ਮੈਬਰਾਂ ਦਾ ਵੀ ਭਰਪੂਰ ਸਹਿਯੋਗ ਰਿਹਾ। ਇਸ ਮੌਕੇ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਡਾ. ਗੁਰੀ, ਹਾਕਮ ਸਿੰਘ ਢਿੱਲੋ, ਜੰਗੀਰ ਸਿੰਘ ਗਿੱਲ, ਸਤਨਾਮ ਸਿੰਘ ਸਰਪੰਚ, ਦਵਿੰਦਰ ਸਿੰਘ ਬੁੱਟਰ, ਕੁਲਵਿੰਦਰ ਸਿੰਘ ਬੁੱਟਰ, ਹਰਚੰਦ ਸਿੰਘ ਦਿਓਲ ਆਦਿ ਨੇ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ ਗਿਆ। ਸਮੂਹ ਸਮਾਗਮ ਨੇ ਨਾ ਸਿਰਫ ਮਨੋਰੰਜਨ ਕੀਤਾ, ਬਲਕਿ ਸਿੱਖ ਵਿਰਾਸਤ ਨਾਲ ਵੀ ਸੰਗਤ ਨੂੰ ਜੋੜਿਆ। ਗੁਰੂਘਰ ਵਿਖੇ ਰਿਕਾਰਡ ਤੋੜ ਇਕੱਠ ਕਾਰਨ ਪਾਰਕਿੰਗ ਲਈ ਗੱਡੀਆਂ ਸੜਕ 'ਤੇ ਬਾਹਰ ਪਾਰਕ ਕਰਨੀਆਂ ਪਈਆਂ। ਇਸ ਮੌਕੇ ਲੱਗੇ ਖ਼ਰੀਦੋ ਫ਼ਰੋਖ਼ਤ ਦੇ ਸਟਾਲਾਂ ਤੋਂ ਸੰਗਤਾਂ ਨੇ ਖ਼ੂਬ ਖਰੀਦਦਾਰੀ ਕੀਤੀ। ਇਹ ਪ੍ਰੋਗਰਾਮ ਅਮਿੱਟ ਪੈੜਾਂ ਛੱਡਦਾ ਯਾਦਗਾਰੀ ਹੋ ਨਿੱਬੜਿਆ।

# ਟਰੰਪ ਪ੍ਰਸ਼ਾਸਨ ਵਿਰੁੱਧ ਸਮੁੱਚੇ ਅਮਰੀਕਾ ਵਿਚ ਹਜ਼ਾਰਾਂ ਲੋਕਾਂ ਵਲੋਂ ਪ੍ਰਦਰਸ਼ਨ

## ਨਿੱਤ ਨਵੇਂ ਹੁਕਮ ਕਰਨ ਵਾਲੇ 'ਹੱਥ ਨੂੰ ਰੋਕੋ' ਵਾਲੀਆਂ ਤਖ਼ਤੀਆਂ ਨਾਲ ਪ੍ਰਗਟਾਇਆ ਰੋਹ













ਰਾਸ਼ਟਰਪਤੀ ਟਰੰਪ ਤੇ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨ ਦੇ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਸਮੁੱਚੇ 50 ਰਾਜਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨਾਂ ਦੇ ਜੋਟੀਦਾਰ ਅਰਬਪੱਤੀ ਐਲਨ ਮਸਕ ਵਿਰੁੱਧ ਹੋਏ ਪ੍ਰਦਰਸ਼ਨਾਂ ਵਿਚ ਲੱਖਾਂ ਲੋਕਾਂ ਵੱਲੋਂ ਹਿੱਸਾ ਲੈਣ ਦੀ ਖਬਰ ਹੈ। ਇਨਾਂ ਪ੍ਰਦਰਸ਼ਨਾਂ ਦਾ ਅਯੋਜਨ ਇਕ 'ਪ੍ਰੋ ਡੈਮੋਕਰੇਸੀ ਮੂਵਮੈਂਟ' ਦੁਆਰਾ ਕੀਤਾ ਗਿਆ ਜਿਸ ਨੇ ਕਿਹਾ ਹੈ ਕਿ ਸੱਤਾ ਉਪਰ ਕਾਬਜ਼ ਲੋਕਾਂ ਨੇ ਦੁਸ਼ਮਣੀ ਵਾਲਾ ਵਤੀਰਾ ਅਪਣਾਇਆ ਹੋਇਆ ਹੈ ਤੇ ਉਹ ਅਮਰੀਕੀਆਂ ਦੇ ਅਧਿਕਾਰਾਂ ਅਤੇ ਆਜ਼ਾਦੀ ਉਪਰ ਹਮਲੇ ਕਰ ਰਹੇ ਹਨ। ਪ੍ਰਬੰਧਕਾਂ ਅਨੁਸਾਰ ਰਾਜਾਂ ਦੀਆਂ ਰਾਜਧਾਨੀਆਂ, ਸੰਘੀ ਇਮਾਰਤਾਂ, ਕਾਂਗਰਸ ਦੇ ਦਫਤਰਾਂ, ਸਮਾਜਿਕ ਸੁਰੱਖਿਆ ਦੇ ਮੁੱਖ ਦਫਤਰਾਂ, ਪਾਰਕਾਂ ਤੇ ਨਗਰ ਨਿਗਮਾਂ ਦੀਆਂ ਇਮਾਰਤਾਂ ਵਿਚ 1400 ਤੋਂ ਵਧ ਸਮੂਹਿਕ ਪ੍ਰਦਰਸ਼ਨ ਕੀਤੇ ਗਏ। "ਦੂਰ ਰਹੋ" ਦੇ ਨਾਅਰੇ ਹੇਠ ਹੋਏ ਇਹ ਪ੍ਰਦਰਸ਼ਨ ਉਸ ਹਰ ਥਾਂ ਉਪਰ ਕੀਤੇ ਗਏ ਜਿਥੋਂ ਲੋਕਾਂ ਦੀ ਆਵਾਜ਼ ਵਾਈਟ ਹਾਊਸ ਤੱਕ ਪਹੁੰਚ ਸਕੇ। ਪ੍ਰਦਰਸ਼ਨਕਾਰੀਆਂ ਨੇ ਅਰਬਪੱਤੀਆਂ ਦੇ ਸੱਤਾ ਉਪਰ ਕਬਜ਼ੇ ਨੂੰ ਖਤਮ ਕਰਨ ਦੀ ਮੰਗ ਕੀਤੀ। ਪ੍ਰਬੰਧਕਾਂ ਨੇ ਕਿਹਾ ਹੈ "ਲੋਕਤੰਤਰ ਉਪਰ ਹੋ ਰਹੇ ਹਮਲੇ, ਨੌਕਰੀਆਂ ਵਿੱਚ ਕਟੌਤੀ, ਨਿੱਜਤਾ ਉਪਰ ਹਮਲਿਆਂ ਤੇ ਸੇਵਾਵਾਂ ਉਪਰ ਹਮਲਿਆਂ ਨੇ ਸਾਨੂੰ ਇਕਜੁੱਟ ਹੋਣ ਲਈ ਮਜ਼ਬੂਰ ਕੀਤਾ ਹੈ, ਇਹ ਅੰਦੋਲਨ ਲੋਕਾਂ ਲਈ ਹੈ।" ਅੰਦੋਲਨ ਦੀ ਅਗਵਾਈ ਕਰਨ ਵਾਲੀਆਂ ਸੰਸਥਾਵਾਂ ਵਿਚੋਂ ਇਕ 'ਇੰਡਿਵਿਸੀਬਲ' ਸੰਸਥਾ ਅਨੁਸਾਰ ਤਕਰੀਬਨ 6 ਲੱਖ ਲੋਕਾਂ ਨੇ ਪ੍ਰਦਰਸ਼ਨਾਂ ਵਿਚ ਸ਼ਾਮਿਲ ਹੋ ਕੇ ਦਸਤਖਤ ਕੀਤੇ ਹਨ। ਦੇਸ਼ ਵਿਆਪੀ ਇਹ ਪ੍ਰਦਰਸ਼ਨ ਮਨੁੱਖੀ ਹੱਕਾਂ ਬਾਰੇ ਸੰਸਥਾਵਾਂ, ਸਾਬਕਾ ਫੌਜੀਆਂ, ਔਰਤਾਂ ਦੇ ਹੱਕਾਂ ਨਾਲ ਸਬੰਧਿਤ ਸਮੂੰਹਾਂ, ਕਿਰਤੀਆਂ ਦੀਆਂ ਯੁਨੀਅਨਾਂ ਤੇ ਟਰਾਂਸ ਭਾਈਚਾਰੇ ਦੇ ਹੱਕਾਂ ਦੇ ਅਲੰਬਰਦਾਰਾਂ ਦੇ ਸਹਿਯੋਗ ਨਾਲ ਕੀਤੇ ਗਏ ਹਨ। ਪ੍ਰਬੰਧਕਾਂ ਅਨੁਸਾਰ ਉਨਾਂ ਦੀਆਂ 3 ਮੰਗਾਂ ਹਨ। ਅਰਬਪੱਤੀਆਂ ਦਾ ਸੱਤਾ ਉਪਰ ਕਬਜ਼ਾ ਖਤਮ ਕਰਨਾ ਅਤੇ ਟਰੰਪ ਪ੍ਰਸ਼ਾਸਨ ਵਿਚ ਫੈਲਿਆ ਵਿਆਪਕ ਭ੍ਰਿਸ਼ਟਾਚਾਰ ਖਤਮ ਕਰਨਾ, ਡਾਕਟਰੀ, ਸਮਾਜਿਕ ਸੁਰੱਖਿਆ ਤੇ ਹੋਰ ਪ੍ਰੋਗਰਾਮਾਂ ਜਿਨ੍ਹਾਂ ਉਪਰ ਕਾਮੇ ਨਿਰਭਰ ਹਨ, ਲਈ ਫੰਡਾਂ ਵਿਚ ਕਟੌਤੀ ਨੂੰ ਰੋਕਣਾ ਤੇ ਪ੍ਰਵਾਸੀਆਂ, ਟਰਾਂਸ ਲੋਕਾਂ ਤੇ ਹੋਰ ਭਾਈਚਾਰਿਆਂ ਉਪਰ ਹਮਲਿਆਂ ਨੂੰ ਰੋਕਣਾ ਸ਼ਾਮਿਲ ਹਨ। ਵਾਸ਼ਿੰਗਟਨ, ਡੀ ਸੀ ਵਿਚ ਹੋਏ ਪ੍ਰਦਰਸ਼ਨ ਮੌਕੇ ਡੈਮੋਕਰੈਟਿਕ ਪ੍ਰਤੀਨਿੱਧ ਜੈਮੀ ਰਸਕਿਨ ਮੈਰੀਲੈਂਡ ਸਮੇਤ ਬਹੁਤ ਸਾਰੇ ਪ੍ਰਤੀਨਿਧੀਆਂ ਨੇ ਸੰਬੋਧਨ ਕੀਤਾ ਜਿਨਾਂ ਨੇ ਕਿਹਾ ਕਿ ਰਾਸ਼ਟਰਪਤੀ ਦੀ ਅਗਵਾਈ ਵਿਚ ਸਾਡਾ ਕੋਈ ਭਵਿੱਖ ਨਹੀਂ ਹੈ ਜਿਸ ਦੀ ਰਾਜਨੀਤੀ ਮੁਸੋਲੀਨੀ ਵਰਗੀ ਹੈ ਤੇ ਆਰਥਿਕ ਨੀਤੀ ਹਰਬਰਟ ਹੂਵਰ ਵਾਲੀ ਹੈ। ਵਾਸ਼ਿੰਗਟਨ ਮੋਨੂਮੈਂਟ ਵਿਖੇ ਹਜਾਰਾਂ ਦੀ ਤਾਦਾਦ ਵਿਚ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਰਸਕਿਨ ਨੇ ਕਿਹਾ ਕਿ ਸਾਡੇ ਮੋਢੀਆਂ ਦੁਆਰਾ ਲਿਖਿਆ ਸੰਵਿਧਾਨ "ਅਸੀਂ ਤਾਨਾਸ਼ਾਹ ਹਾਂ" ਸ਼ਬਦਾਂ ਨਾਲ ਸ਼ੁਰੂ ਨਹੀਂ ਹੁੰਦਾ ਬਲ ਕਿ "ਅਸੀਂ ਲੋਕ ਹਾਂ" ਨਾਲ ਸ਼ੁਰੂ ਹੁੰਦਾ ਹੈ। ਮਿਨੀਸੋਟਾ ਦੇ ਡੈਮੋਕਰੈਟਿਕ ਪ੍ਰਤੀਨਿੱਧ ਇਹਾਨ ਉਮਰ ਨੇ ਕਿਹਾ ਕਿ ਜੇਕਰ ਤੁਸੀਂ ਇਕ ਅਜਿਹਾ ਦੇਸ਼ ਚਹੁੰਦੇ ਹੋ ਜੋ ਲੋੜੀਂਦੀ ਪ੍ਰਕ੍ਰਿਆ ਵਿਚ ਵਿਸ਼ਵਾਸ਼ ਰਖਦਾ ਹੋਵੇ ਤਾਂ ਸਾਨੂੰ ਇਸ ਵਾਸਤੇ ਲੜਨਾ ਪਵੇਗਾ। ਉਨਾਂ ਕਿਹਾ ਕਿ ਜੇਕਰ ਤੁਸੀਂ ਅਜਿਹੇ ਦੇਸ਼ ਵਿਚ ਵਿਸ਼ਵਾਸ਼ ਰਖਦੇ ਹੋ ਜਿਥੇ ਸਾਡੇ ਗਵਾਂਢੀਆਂ ਦੀ ਦੇਖਰੇਖ ਹੋਵੇ, ਗਰੀਬਾਂ ਦੀ ਗੱਲ ਹੋਵੇ ਤੇ ਸਾਡੇ ਬੱਚਿਆਂ ਦਾ ਯਕੀਨਨ ਭਵਿੱਖ ਹੋਵੇ ਤਾਂ ਇਸ ਵਾਸਤੇ ਸਾਨੂੰ ਜਦੋਜਹਿਦ ਕਰਨੀ ਪਵੇਗੀ। ਫਲੋਰਿਡਾ ਦੇ ਸਾਂਸਦ ਮੈਕਸਵੈਲ ਫਰਾਸਟ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਵਿਖਾਵੇ ਕਰਕੇ ਆਪਣੀ ਆਵਾਜ਼ ਬੁਲੰਦ ਕਰਨ । ਉਨਾਂ ਕਿਹਾ ਕਿ ਮਨੁੱਖੀ ਇਤਿਹਾਸ ਗਵਾਹ ਹੈ ਕਿ ਤਾਨਾਸ਼ਾਹ ਆਪਣੀ ਤਾਕਤ ਤੋਂ ਕਦੀ ਵੀ ਸੰਤੁਸ਼ਟ ਨਹੀਂ ਹੋਏ, ਉਹ ਹੱਦਾਂ ਪਾਰ ਕਰਦੇ ਹਨ, ਕਾਨੂੰਨ ਤੋੜਦੇ ਹਨ ਅਤੇ ਬਾਅਦ ਵਿਚ ਲੋਕਾਂ ਵੱਲ ਵੇਖਦੇ ਹਨ ਕਿ ਉਹ ਚੁੱਪ ਹਨ ਜਾਂ ਰੌਲਾ ਪਾ ਰਹੇ ਹਨ।" ਇਸ ਲਈ ਆਓ ਇਕਜੁੱਟ ਹੋ ਕੇ ਆਜ਼ਾਦੀ ਲਈ ਜਦੋਜਹਿਦ ਕਰੀਏ। ਜ਼ਿਕਰਯੋਗ ਹੈ ਕਿ ਟਰੰਪ ਸਰਕਾਰ ਨੇ ਆਪਣਾ ਫੈਸਲਾ ਬਦਲਦਿਆਂ 90 ਦੇਸ਼ਾਂ ਦਾ ਟੈਰਿਫ 10% ਘਟਾਇਆ ਹੈ।

# ‘ਨਕਲੀ ਪਨੀਰ’ ਲੋਕਾਂ ਦੀ ਸਿਹਤ ਨੂੰ ਕਰ ਰਿਹਾ ‘ਬਰਬਾਦ’

ਖਾਣ-ਪੀਣ ਦੀਆਂ ਚੀਜ਼ਾਂ ’ਚ ਮਿਲਾਵਟ ਕਰ ਕੇ ਵੇਚਣਾ ਅਪਰਾਧ ਦੀ ਸ਼੍ਰੇਣੀ ’ਚ ਆਉਂਦਾ ਹੈ। ਖ਼ੁਰਾਕ ਸੁਰੱਖਿਆ ਅਤੇ ਮਾਨਕ ਐਕਟ, 2006 ਦੇ ਪ੍ਰਬੰਧ ਦੇ ਤਹਿਤ ਮਿਲਾਵਟੀ ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਵਾਲਿਆਂ ਨੂੰ 7 ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਇਸ ਦੇ ਬਾਵਜੂਦ ਦੇਸ਼ ’ਚ ਮਿਲਾਵਟੀ ਖਾਣ-ਪੀਣ ਦੀਆਂ ਚੀਜ਼ਾਂ ਵਿਕਣ ਦਾ ਸਿਲਸਿਲਾ ਰੁਕ ਨਹੀਂ ਰਿਹਾ।

ਖਾਸ ਤੌਰ ’ਤੇ ਦੇਸ਼ ’ਚ ਮਿਲਾਵਟੀ ਪਨੀਰ ਬਣਾਉਣ ਦਾ ਧੰਦਾ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ ਅਤੇ ਨਕਲੀ ਪਨੀਰ ਬਣਾਉਣ ਵਾਲੇ ਆਪਣੇ ਫਾਇਦੇ ਲਈ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।

ਪਿਛਲੇ ਸਿਰਫ 35 ਦਿਨਾਂ ਵਿਚ ਦੇਸ਼ ’ਚ ਮਿਲਾਵਟੀ ਪਨੀਰ ਦੀ ਬਰਾਮਦਗੀ ਦੇ ਸਾਹਮਣੇ ਆਏ ਮਾਮਲਿਆਂ ਦਾ ਵੇਰਵਾ ਹੇਠਾਂ ਦਰਜ ਹੈ :

5 ਮਾਰਚ ਨੂੰ, ਪੁਣੇ ਪੁਲਸ ਅਤੇ ਫੂਡ ਐਂਡ ਡਰੱਗ ਕੰਟਰੋਲ ਐਡਮਿਨਿਸਟ ?ਰੇਸ਼ਨ (ਐੱਫ. ਡੀ. ਸੀ. ਏ.) ਨੇ ਇਕ ਫੈਕਟਰੀ ’ਤੇ ਛਾਪਾ ਮਾਰਿਆ ਅਤੇ 1,400 ਕਿਲੋਗ੍ਰਾਮ ਮਿਲਾਵਟੀ ਪਨੀਰ ਜ਼ਬਤ ਕੀਤਾ। ਇਸ ਦੌਰਾਨ ਪਨੀਰ ਬਣਾਉਣ ਲਈ ਵਰਤਿਆ ਜਾਣ ਵਾਲਾ 400 ਕਿਲੋ ਗਲਿਸਰੋਲ ਮੋਨੋਸਟੀਅਰੇਟ ਪਾਊਡਰ, 1,800 ਕਿਲੋ ਸਕਿਮਡ ਦੁੱਧ ਪਾਊਡਰ ਅਤੇ 718 ਲੀਟਰ ਪਾਮ ਤੇਲ ਜ਼ਬਤ ਕੀਤਾ ਗਿਆ।

9 ਮਾਰਚ ਨੂੰ, ਖੁਰਾਕ ਸੁਰੱਖਿਆ ਵਿਭਾਗ ਦੀ ਟੀਮ ਨੇ ਉੱਤਰਾਖੰਡ ਦੇ ਰੁੜਕੀ ਵਿਚ ਮੰਗਲੌਰ-ਦੇਵਬੰਦ ਸੜਕ ’ਤੇ ਸਥਿਤ ਇਕ ਫੈਕਟਰੀ ’ਤੇ ਛਾਪਾ ਮਾਰਿਆ ਅਤੇ ਕੈਮੀਕਲ ਅਤੇ ਰਿਫਾਈਂਡ



ਨਾਲ ਬਣਿਆ ਇਕ ਕੁਇੰਟਲ ਨਕਲੀ ਪਨੀਰ ਬਰਾਮਦ ਕੀਤਾ।

21 ਮਾਰਚ ਨੂੰ ਹਰਿਆਣਾ ਦੇ ਪਿਪਲੀ ’ਚ ਸੀ.ਐੱਮ. ਫਲਾਇੰਗ ਸਕੁਐਡ ਨੇ ਇਕ ਦੁਕਾਨ ’ਤੇ ਛਾਪਾ ਮਾਰਿਆ ਅਤੇ ਭਾਰੀ ਮਾਤਰਾ ਵਿਚ ਨਕਲੀ ਪਨੀਰ ਬਰਾਮਦ ਕਰ ਕੇ 2 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ।

29 ਮਾਰਚ ਨੂੰ, ਮਹਾਰਾਸ਼ਟਰ ਦੇ ‘ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ’ (ਐੱਫ. ਡੀ. ਏ.) ਨੇ ‘ਦੁੱਧ ਮਿਲਾਵਟ ਰੋਕਥਾਮ ਕਮੇਟੀ’ ਨਾਲ ਇਕ ਸਾਂਝੇ ਆਪ੍ਰੇਸ਼ਨ ਵਿਚ ‘ਧੂਲੇ’ ਜ਼ਿਲੇ ਵਿਚ ਇਕ ਫੈਕਟਰੀ ’ਚੋਂ 250 ਕਿਲੋਗ੍ਰਾਮ ਨਕਲੀ ਪਨੀਰ ਜ਼ਬਤ ਕਰ ਕੇ ਨਸ਼ਟ ਕਰ ਦਿੱਤਾ।

2 ਅਪ੍ਰੈਲ ਨੂੰ ਪੰਜਾਬ ਦੇ ਪਟਿਆਲਾ ਵਿਚ ‘ਫੂਡ ਸੇਫਟੀ ਟੀਮ’ ਨੇ ਜ਼ਿਲਾ ਸਿਹਤ ਅਧਿਕਾਰੀ ਗੁਰਪ੍ਰੀਤ ਕੌਰ ਅਤੇ ਫੂਡ ਸੇਫਟੀ ਅਧਿਕਾਰੀ ਈਸ਼ਾਨ ਬਾਂਸਲ ਦੀ ਅਗਵਾਈ ਵਿਚ ਚਲਾਈ ਗਈ ਇਕ ਮੁਹਿੰਮ ਦੌਰਾਨ ਰਾਜਪੁਰਾ ਵਿਚ ਹਰਿਆਣਾ ਤੋਂ ਆ ਰਹੇ ਇਕ ਵਾਹਨ ਵਿੱਚੋਂ 1,380 ਕਿਲੋ ਨਕਲੀ ਪਨੀਰ ਬਰਾਮਦ ਕੀਤਾ।

ਰੈਸਟੋਰੈਂਟਾਂ ਅਤੇ ਬਾਜ਼ਾਰਾਂ ਵਿਚ ਨਕਲੀ ਅਤੇ ਮਿਲਾਵਟੀ ਪਨੀਰ ਦੀ ਵਿਕਰੀ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਖਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਜੇ. ਪੀ. ਨੱਡਾ ਨੂੰ ਪੱਤਰ ਲਿਖ ਕੇ ਇਸ ਮਾਮਲੇ ’ਚ ਕਾਰਵਾਈ ਕਰਨ ਦੀ ਬੇਨਤੀ ਵੀ ਕੀਤੀ ਹੈ।

ਜੋਸ਼ੀ ਨੇ ਲਿਖਿਆ, “ਇਸ ਮਾਮਲੇ ਵਿਚ ਖਪਤਕਾਰਾਂ ਵੱਲੋਂ ਰਾਸ਼ਟਰੀ ਖਪਤਕਾਰ ਹੈਲਪਲਾਈਨ ਪੋਰਟਲ ’ਤੇ ਬਹੁਤ ਸਾਰੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ, ਜੋ ਕਿ ਦੇਸ਼ ਭਰ ਵਿਚ ਨਕਲੀ ਅਤੇ ਮਿਲਾਵਟੀ ਪਨੀਰ ਵੇਚਣ ਦੇ ਵਧ ਰਹੇ ਰੁਝਾਨ ਨੂੰ ਦਰਸਾਉਂਦੀਆਂ ਹਨ। ਅਜਿਹੀਆਂ ਨਕਲੀ ਅਤੇ ਮਿਲਾਵਟੀ ਖਾਣ-ਪੀਣ ਵਾਲੀਆਂ ਚੀਜ਼ਾਂ ਦਾ ਸੇਵਨ ਕਰਨ ਨਾਲ ਲੋਕਾਂ ਦੀ ਸਿਹਤ ਨੂੰ ਗੰਭੀਰ ਨੁਕਸਾਨ ਪਹੁੰਚ ਰਿਹਾ ਹੈ।”

ਦੇਸ਼ ਵਿਚ ਤਿਉਹਾਰਾਂ ਦੇ ਮੌਸਮ ਦੌਰਾਨ ਦੁੱਧ ਅਤੇ ਇਸ ਤੋਂ ਬਣਨ ਵਾਲੇ ਉਤਪਾਦਾਂ ਦੀ ਮੰਗ ਅਕਸਰ ਵਧ ਜਾਂਦੀ ਹੈ। ਮਾਰਚ ਦੇ ਮਹੀਨੇ ਵਿਚ ਹੋਲੀ ਦਾ ਤਿਉਹਾਰ ਅਤੇ ਇਸ ਮਹੀਨੇ ਨਰਾਤਿਆਂ ਕਾਰਨ ਮਿਲਾਵਟੀ ਪਨੀਰ ਬਣਾਉਣ ਵਾਲੇ ਅਤੇ ਵੇਚਣ ਵਾਲੇ ਸਰਗਰਮ ਰਹੇ।

ਨਕਲੀ ਪਨੀਰ ਕਈ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਰਿਹਾ ਹੈ ਅਤੇ ਖੋਜ ’ਚ ਸਾਹਮਣੇ ਆਇਆ ਹੈ ਕਿ ਇਹ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ। ਇਸ ਤੋਂ ਬਚਣ ਲਈ ਆਮ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਅਤੇ ਲੋਕਾਂ ਨੂੰ ਨਕਲੀ ਪਨੀਰ ਦੀ ਪਛਾਣ ਕਰਨੀ ਸਿੱਖਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਅਸੀਂ ਸਿਹਤ ਮੰਤਰੀ ਜੇ. ਪੀ. ਨੱਡਾ ਤੋਂ ਵੀ ਉਮੀਦ ਕਰਦੇ ਹਾਂ ਕਿ ਉਹ ਇਸ ਸਬੰਧ ਵਿਚ ਖਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਵਲੋਂ ਉਨ੍ਹਾਂ ਨੂੰ ਲਿਖੇ ਪੱਤਰ ਦਾ ਨੋਟਿਸ ਲੈਣ ਅਤੇ ਦੇਸ਼ ਵਿਚ ਨਕਲੀ ਪਨੀਰ ਬਣਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ। ਇਸ ਲਈ ਮੌਜੂਦਾ ਕਾਨੂੰਨ ਵਿਚ ਸਖ਼ਤ ਪ੍ਰਬੰਧ ਕਰ ਕੇ ਇਸ ’ਚ ਹੋਣ ਵਾਲੀ ਸਜ਼ਾ ਨੂੰ 7 ਸਾਲ ਤੋਂ ਵਧਾ ਕੇ ਉਮਰ ਕੈਦ ਕੀਤਾ ਜਾਵੇ। ਇਸੇ ਤਰ੍ਹਾਂ ਲੋਕਾਂ ਨੂੰ ਨਕਲੀ ਪਨੀਰ ਤੋਂ ਬਚਾ ਕੇ ਉਨ੍ਹਾਂ ਦੀ ਸਿਹਤ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕਦਾ ਹੈ।

# ਪਾਣੀ ਦਾ ਡਿੱਗਦਾ ਪੱਧਰ ਖ਼ਤਰੇ ਦੀ ਘੰਟੀ

ਪੰਜਾਬ ਵੱਡੇ ਪੱਧਰ ’ਤੇ ਜ਼ਮੀਨ ਹੇਠਲੇ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ, ਜੋ ਇੱਥੇ ਵਸਦੀ ਲੋਕਾਈ ਦੀ ਹੋਂਦ ਲਈ ਵੀ ਖ਼ਤਰਾ ਬਣ ਗਿਆ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ (ਸੀਜੀਡਬਲਿਊਬੀ) ਦੀ ਤਾਜ਼ਾ ਰਿਪੋਰਟ ਮੁਤਾਬਿਕ ਅਗਲੇ ਸਿਰਫ਼ 14 ਸਾਲਾਂ ਵਿੱਚ ਪੰਜਾਬ ਜ਼ਮੀਨ ਹੇਠਲੇ ਵਰਤੋਂ ਯੋਗ ਪਾਣੀ ਦੀ ਆਖ਼ਰੀ ਬੂੰਦ ਵੀ ਖ਼ਤਮ ਕਰ ਚੁੱਕਾ ਹੋਵੇਗਾ।

ਵਰਤਮਾਨ ਰਾਜਨੀਤਕ ਸੱਤਾਧਾਰੀਆਂ, ਯੋਜਨਾਕਾਰਾਂ ਤੇ ਸਿਵਲ ਸੁਸਾਇਟੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਜ਼ਮੀਨ ਹੇਠਲਾ ਪਾਣੀ ਨਾ ਸਿਰਫ਼ ਦੁਨੀਆ ਦੇ ਇਸ ਹਿੱਸੇ ਉੱਤੇ ਵਸਦੀ ਮੌਜੂਦਾ ਪੀੜ੍ਹੀ ਲਈ ਹੀ ਬਚਾਇਆ ਜਾਵੇ ਬਲਕਿ ਭਵਿੱਖੀ ਪੀੜ੍ਹੀਆਂ ਲਈ ਵੀ ਬਚਾਇਆ ਜਾਵੇ, ਜਿਨ੍ਹਾਂ ਨੂੰ ਇਹ ਖੇਤਰ ਵਿਰਾਸਤ ਵਿੱਚ ਮਿਲੇਗਾ।

ਵਰਤਮਾਨ ਵਿਗਿਆਨਕ ਜਾਣਕਾਰੀ ਦਿਖਾਉਂਦੀ ਹੈ ਕਿ ਪੰਜਾਬ ਹਰ ਸਾਲ ਧਰਤੀ ਮਾਂ ਦੀ ਕੁੱਖ ਵਿੱਚੋਂ 2.8 ਕਰੋੜ ਏਕੜ ਫੁੱਟ (ਐੱਮਏਐੱਫ) ਪਾਣੀ ਕੱਢ ਰਿਹਾ ਹੈ, ਜਦੋਂਕਿ ਮੀਂਹ ਤੇ ਇਸ ਦੇ ਤਿੰਨ ਦਰਿਆਵਾਂ ਰਾਹੀਂ ਸਿਰਫ਼ 1.7 ਕਰੋੜ ਏਕੜ ਫੁੱਟ ਪਾਣੀ ਹੀ ਵਾਪਸ ਧਰਤੀ ’ਚ ਪੈ ਰਿਹਾ ਹੈ। ਇਸ ਅਸੰਤੁਲਨ ਕਾਰਨ ਪਾਣੀ ਦਾ ਪੱਧਰ ਤਕਰੀਬਨ ਅੱਧਾ ਮੀਟਰ ਪ੍ਰਤੀ ਸਾਲ ਦੀ ਖ਼ਤਰਨਾਕ ਦਰ ਨਾਲ ਡਿੱਗ ਰਿਹਾ ਹੈ ਤੇ ਪੰਜਾਬ ਨੂੰ ਮਾਰੂਥਲੀਕਰਨ ਵੱਲ ਲਿਜਾ ਰਿਹਾ ਹੈ।

ਇਸ ਹੱਦੋਂ ਵੱਧ ਵਰਤੋਂ ਦਾ ਇੱਕ ਸਭ ਤੋਂ ਪ੍ਰਮੁੱਖ ਕਾਰਨ ਪੰਜਾਬ ਵਿੱਚ ‘ਊਰਜਾ-ਪਾਣੀ-ਖ਼ੁਰਾਕ’ ਦਾ ਗੱਠਜੋੜ ਜਾਂ ਮਿਲੀਭੁਗਤ ਹੈ। ਖ਼ੁਰਾਕ ਪੈਦਾ ਕਰਨ ਵਾਸਤੇ ਪਾਣੀ ਕੱਢਣ ਲਈ ਬਿਜਲੀ ਸਰਕਾਰ ਵੱਲੋਂ ਮੁਫ਼ਤ ਦਿੱਤੀ ਜਾਂਦੀ ਹੈ। ਇਸ ਲਈ ਇਸ ਦੀ ਜ਼ਿਆਦਾ ਜ਼ਿੰਮੇਵਾਰੀ ਬਣਦੀ ਹੈ ਕਿ ਸੰਕਟ ਨਾਲ ਨਜਿੱਠਣ ਲਈ ਅਮਲੀ ਕਾਰਵਾਈ ਕੀਤੀ ਜਾਵੇ, ਇਸ ਤੋਂ ਪਹਿਲਾਂ ਕਿ ਪੰਜਾਬ ਬੰਜਰ ਤੇ ਬੇਕਾਰ ਭੂਮੀ ਬਣ ਕੇ ਰਹਿ ਜਾਵੇ।

ਇਸ ਤੋਂ ਇਲਾਵਾ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਨਾ ਕੇਵਲ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ, ਸਗੋਂ ਹੁਣ ਧਰਤੀ ਦੀਆਂ ਬਹੁਤ ਡੂੰਘੀਆਂ ਪਰਤਾਂ ਵਿੱਚੋਂ ਕੱਢਿਆ ਜਾ ਰਿਹਾ ਹੈ ਜਿੱਥੇ ਭਾਰੀਆਂ ਧਾਤਾਂ ਤੇ ਨਾਈਟ ?ਰੇਟ ਮੌਜੂਦ ਹਨ, ਜਿਸ ਕਰ ਕੇ ਇਹ ਪਾਣੀ ਮਨੁੱਖਾਂ ਤੇ ਜਾਨਵਰਾਂ ਦੇ ਪੀਣ ਲਈ ਸਹੀ ਨਹੀਂ ਹੈ।

ਇਸ ਲਈ ਸਮੇਂ ਦੀ ਮੰਗ ਹੈ ਕਿ ਸਰਕਾਰ ਸਥਿਤੀ ਸੁਧਾਰਨ ਲਈ ਹੇਠ ਲਿਖੇ ਜ਼ਰੂਰੀ ਕਦਮ ਜਲਦੀ ਤੋਂ ਜਲਦੀ ਚੁੱਕੇ:

1) ਝੋਨਾ ਲਾਉਣ ਦੀ ਤਰੀਕ 20 ਜੂਨ ਕੀਤੀ ਜਾਵੇ- ਹਾਲਾਂਕਿ ਵਿਗਿਆਨੀ ਮੌਨਸੂਨ ਦੀ ਆਮਦ ਦੇ ਨਾਲ ਝੋਨੇ ਦੀ ਕਾਸ਼ਤ ਦੀ ਸਿਫਾਰਿਸ਼ ਕਰਦੇ ਹਨ ਪਰ ਜ਼ਮੀਨੀ ਹਕੀਕਤ ਨੂੰ ਦੇਖਦਿਆਂ ਸਰਕਾਰ ਨੂੰ ਹੇਠ ਲਿਖੇ ਕਾਰਨਾਂ ਕਰ ਕੇ 20 ਜੂਨ ਤੋਂ ਪੜਾਅਵਾਰ ਕਾਸ਼ਤ ਦੀ ਸਮਾਂ-ਸਾਰਨੀ ਲਾਗੂ ਕਰਨੀ ਚਾਹੀਦੀ ਹੈ, ਕਾਰਨ ਹਨ

*ਕਿਸਾਨ ਹੁਣ ਜ਼ਿਆਦਾਤਰ ਥੋੜ੍ਹੇ ਸਮੇਂ ’ਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਬੀਜ ਰਹੇ ਹਨ ਜੋ ਓਨੀ ਹੀ ਪੈਦਾਵਾਰ ਲਈ 90-100 ਦਿਨ ਲੈਂਦੀਆਂ ਹਨ, ਜਿੰਨੀ ਪੈਦਾਵਾਰ ਤੇ ਪਕਾਈ ਲਈ 2009 ਤੋਂ ਪਹਿਲਾਂ ਦੀਆਂ ਕਿਸਮਾਂ 130-140 ਦਿਨ ਲੈ ਲੈਂਦੀਆਂ ਸਨ।

*ਆਪਣੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਤੇ ਸੰਭਾਲਣ ਲਈ ਝੋਨੇ ਦੀ ਲਵਾਈ ਦੀ ਮਿਤੀ ਨਿਯਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਸੀ, ਜਿਸ ਨੇ ਇਸ ਮੰਤਵ ਲਈ 2008 ਵਿੱਚ ਅਗਾਂਹਵਧੂ ਕਾਨੂੰਨ ਬਣਾਇਆ ਸੀ। ਇਸ ਕਾਨੂੰਨ ਤਹਿਤ ਝੋਨੇ ਦੀ ਕਾਸ਼ਤ ਲਈ 10 ਜੂਨ ਦੀ ਤਰੀਕ ਮਿੱਥੀ ਗਈ ਸੀ, ਜਿਸ ਨੂੰ 2014 ਵਿੱਚ 15 ਜੂਨ ਤੱਕ ਵਧਾ ਦਿੱਤਾ ਗਿਆ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਥੋੜ੍ਹੀ-ਬਹੁਤੀ ਫੇਰਬਦਲ ਨਾਲ ਇਹ ਉਸੇ ਪੱਧਰ ਉੱਤੇ ਜਾਰੀ ਹੈ। ਜ਼ਿਆਦਾਤਰ ਕਿਸਾਨਾਂ ਨੇ ਪਿਛਲੇ 17 ਸਾਲਾਂ ਵਿੱਚ ‘ਦਿ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੋਇਲ ਵਾਟਰ ਐਕਟ 2009’ ਤਹਿਤ ਆਪਣੀਆਂ ਸਾਉਣੀ ਦੀਆਂ ਖੇਤੀ ਗਤੀਵਿਧੀਆਂ ਨੂੰ ਨਿਯਮਿਤ ਕਰ ਲਿਆ ਹੈ। ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਿਕ, 2009 ਤੋਂ ਪਹਿਲਾਂ ਪਾਣੀ ਦੇ ਪੱਧਰ ਵਿੱਚ ਸਾਲਾਨਾ 75 ਸੈਂਟੀਮੀਟਰ ਦੀ ਗਿਰਾਵਟ ਦਰਜ ਕੀਤੀ ਜਾ ਰਹੀ ਸੀ, ਜੋ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਹੋਣ ਤੋਂ ਬਾਅਦ ਦੇ ਦੌਰ ’ਚ ਘਟ ਕੇ 40 ਸੈਂਟੀਮੀਟਰ ਰਹਿ ਗਈ।

*ਤਾਜ਼ਾ ਰਿਪੋਰਟਾਂ ਮੁਤਾਬਿਕ, ਪੰਜਾਬ ਦੇ ਤਿੰਨ ਡੈਮਾਂ- ਭਾਖੜਾ ਡੈਮ, ਰਣਜੀਤ ਸਾਗਰ ਡੈਮ ਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲਾਂ

**ਕਾਹਨ ਸਿੰਘ ਪਨੂੰ**

ਦੇ ਮੁਕਾਬਲੇ ਔਸਤ ਤੋਂ 52 ਫ਼ੀਸਦੀ ਘੱਟ ਹੈ। ਪੰਜਾਬ ਨੂੰ ਝੋਨਾ ਲਾਉਣ ਲਈ ਇਨ੍ਹਾਂ ਤਿੰਨਾਂ ਡੈਮਾਂ ਤੋਂ ਲਗਭਗ 14.50 ਐੱਮਏਐੱਫ ਪਾਣੀ ਮਿਲਦਾ ਹੈ। ਇਸ ਲਈ ਗਰਮੀਆਂ ਦੀ ਰੁੱਤ ਵਿੱਚ ਸਿੰਜਾਈ ਲਈ ਘੱਟ ਨਹਿਰੀ ਪਾਣੀ ਉਪਲੱਬਧ ਹੋਵੇਗਾ, ਜਿਸ ਕਰ ਕੇ ਝੋਨੇ ਦੀ ਫ਼ਸਲ ਲਈ ਜ਼ਮੀਨ ਹੇਠਲੇ ਪਾਣੀ ਉੱਤੇ ਵਾਧੂ ਬੋਝ ਪਏਗਾ। ਇੱਕ ਕਿਲੋ ਝੋਨਾ ਪੈਦਾ ਕਰਨ ਲਈ 4000 ਲੀਟਰ ਪਾਣੀ ਦੀ ਲੋੜ ਪੈਂਦੀ ਹੈ, ਇਸ ਲਈ ਨਹਿਰੀ ਪਾਣੀ ਵਿੱਚ ਕਿਸੇ ਵੀ ਕਿਸਮ ਦੀ ਕਮੀ ਦੀ ਪੂਰਤੀ ਕਿਸਾਨਾਂ ਵੱਲੋਂ ਧਰਤੀ ਹੇਠਲਾ ਪਾਣੀ ਕੱਢ ਕੇ ਕੀਤੀ ਜਾਵੇਗੀ।

*ਮੌਸਮ ਵਿਭਾਗ ਨੇ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਵਾਰ ਗਰਮੀ ਦੀ ਰੁੱਤ, ਖ਼ਾਸ ਕਰ ਕੇ ਜੂਨ ਵਿੱਚ ਲੂ ਦੇ ਲੰਮਾ ਚੱਲਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ, ਇਸ ਲਈ ਜੂਨ ਮਹੀਨੇ ਜਾਂ ਇਸ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਲਈ ਤਪਸ਼ ਕਾਰਨ ਜ਼ਿਆਦਾ ਪਾਣੀ ਦੀ ਲੋੜ ਰਹੇਗੀ। ਇੱਥੇ ਝੋਨੇ ਦੀ ਕਾਸ਼ਤ ਨੂੰ ਜੂਨ ਦੇ ਅਖ਼ੀਰਲੇ ਦਿਨਾਂ ਜਾਂ ਮੌਨਸੂਨ ਦੇ ਨੇੜੇ-ਤੇੜੇ ਰੱਖਣ ਦੀ ਮੰਗ ਪੈਦਾ ਹੁੰਦੀ ਹੈ।

*ਜੂਨ ਦੇ ਅਖ਼ੀਰ ’ਚ ਲਾਇਆ ਝੋਨਾ ਅਕਤੂਬਰ ਦੇ ਸ਼ੁਰੂ ਵਿੱਚ ਪੱਕ ਜਾਂਦਾ ਹੈ, ਜਦੋਂ ਵਾਢੀ ਲਈ ਵੀ ਵਧੀਆ ਸਥਿਤੀਆਂ ਹੁੰਦੀਆਂ ਹਨ। ਜਲਦੀ ਬੀਜੇ ਝੋਨੇ ਦੀ ਕਟਾਈ ਸਤੰਬਰ ਮਹੀਨੇ ਮੌਨਸੂਨ ਦੇ ਅਖੀਰਲੇ ਪੜਾਅ ਵਿੱਚ ਆ ਜਾਂਦੀ ਹੈ, ਜਿਸ ਕਾਰਨ ਫ਼ਸਲ ਭਰਵੇਂ ਮੀਂਹਾਂ, ਝੱਖੜਾਂ ਤੇ ਵੱਧ ਨਮੀ ਦੀ ਲਪੇਟ ਵਿੱਚ ਆਉਂਦੀ ਹੈ। ਨਤੀਜੇ ਵਜੋਂ ਕਿਸਾਨਾਂ ਨੂੰ ਮੰਡੀਕਰਨ ’ਚ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ, ਜਦੋਂਕਿ ਭਾਰਤ ਸਰਕਾਰ ਵੀ ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਦੇ ਆਦੇਸ਼ ਦਿੰਦੀ ਹੈ।

2) ਲੰਮਾ ਸਮਾਂ ਲੈਣ ਵਾਲੀ ਪੂਸਾ 44 ਕਿਸਮ ਨੂੰ ਬੰਦ ਕੀਤਾ ਜਾਵੇ: ਪੂਸਾ 44 ਕਿਸਮ ਤੇ ਇਸ ਦੇ ਹੋਰ ਰੂਪ (ਪੀਲੀ ਪੂਸਾ ਤੇ ਡੋਗਰ ਪੂਸਾ) ਨਾ ਸਿਰਫ਼ ਵੱਧ ਸਮਾਂ ਲੈ ਕੇ ਜ਼ਿਆਦਾ ਪਾਣੀ ਖਿੱਚਦੇ ਹਨ ਸਗੋਂ ਵੱਧ ਰਹਿੰਦ-ਖੂੰਹਦ ਪੈਦਾ ਕਰ ਕੇ ਪ੍ਰਦੂਸ਼ਣ ਵਿੱਚ ਵੀ ਹਿੱਸਾ ਪਾਉਂਦੇ ਹਨ। ਕਿਸਾਨਾਂ ਨੂੰ ਅਗਾਊਂ ਸੁਚੇਤ ਕਰ ਕੇ ਪੰਜਾਬ ਨੂੰ ਇਸ ਦੀ ਕਾਸ਼ਤ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਰਾਜ ਦੀਆਂ ਖਰੀਦ ਏਜੰਸੀਆਂ ਨੂੰ ਇਸ ਕਿਸਮ ਦਾ ਅਨਾਜ ਨਾ ਖਰੀਦਣ ਲਈ ਕਹਿਣਾ ਚਾਹੀਦਾ ਹੈ।

3) ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਰਣਨੀਤੀ: ਪੰਜਾਬ ਸਾਲਾਨਾ ਜਿੰਨਾ ਪਾਣੀ ਧਰਤੀ ਨੂੰ ਮੋੜਦਾ ਹੈ, ਉਸ ਤੋਂ 11 ਐੱਮਏਐੱਫ ਵੱਧ ਕੱਢ ਲੈਂਦਾ ਹੈ, ਪਾਣੀ ਕੱਢਣ ਦੀ ਦਰ 165 ਪ੍ਰਤੀਸ਼ਤ ਹੈ ਜੋ ਕਿ ਬਿਲਕੁਲ ਵੀ ਟਿਕਾਊ ਨਹੀਂ ਹੈ, ਕਿਉਂਕਿ ਕੌਮਾਂਤਰੀ ਪੱਧਰ ਉੱਤੇ ਇਹ 75 ਪ੍ਰਤੀਸ਼ਤ ਮਿੱਥੀ ਗਈ ਹੈ। ਇਸ ਲਈ ਰਾਜ ਨੂੰ ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਨੀਤੀ ਲਾਗੂ ਕਰਨੀ ਚਾਹੀਦੀ ਹੈ ਤਾਂ ਕਿ ਜਿੰਨਾ ਪਾਣੀ ਕੱਢਿਆ ਜਾ ਰਿਹਾ ਹੈ ਓਨਾ ਰੀਚਾਰਜ ਵੀ ਹੋ ਸਕੇ। ਲੋਕਾਂ ਦੀ ਸਰਗਰਮ ਸ਼ਮੂਲੀਅਤ ਦੇ ਨਾਲ ਬਣਾਉਟੀ ਤੇ ਕੁਦਰਤੀ ਰੀਚਾਰਜਿੰਗ ਤਕਨੀਕਾਂ ਦਾ ਮਿਸ਼ਰਤ ਢਾਂਚਾ ਅਪਣਾਇਆ ਜਾ ਸਕਦਾ ਹੈ।

4) ਫ਼ਸਲੀ ਵਿਭਿੰਨਤਾ ਨੂੰ ਹੁਲਾਰਾ: ਕਿਸੇ ਵੇਲੇ ਪੰਜਾਬ ’ਚ ਸਾਉਣੀ ਰੁੱਤੇ ਕਪਾਹ ਤੇ ਮੱਕੀ ਦਾ ਬੋਲਬਾਲਾ ਹੁੰਦਾ ਸੀ। ਹਾਲਾਂਕਿ ਲਾਭ ਤੋਂ ਸੱਖਣੇ ਫ਼ਸਲੀ ਉਤਪਾਦਨ ਤੇ ਮੰਡੀਕਰਨ ਮਾਹੌਲ ਨੇ ਕਿਸਾਨਾਂ ਨੂੰ ਇਹ ਫ਼ਸਲਾਂ ਛੱਡਣ ਤੇ ਝੋਨੇ ਵੱਲ ਮੁੜਨ ਲਈ ਮਜਬੂਰ ਕਰ ਦਿੱਤਾ ਜੋ ਕਿ ਨਾ ਸਿਰਫ਼ ਉਤਪਾਦਨ ਦੇ ਜੋਖ਼ਮਾਂ ਤੋਂ ਬੇਲਾਗ ਸੀ ਸਗੋਂ ਐੱਮਐੱਸਪੀ ਦੀ ਗਾਰੰਟੀ ਵੀ ਦਿੰਦਾ ਸੀ ਅਤੇ ਮਾਰਕੀਟ ਕਲੀਅਰੈਂਸ ਵੀ ਯਕੀਨੀ ਸੀ। ਨਤੀਜੇ ਵਜੋਂ ਝੋਨੇ ਹੇਠਲਾ ਰਕਬਾ 1990 ਵਿੱਚ 50 ਲੱਖ ਹੈਕਟੇਅਰ ਤੋਂ ਵਧ ਕੇ ਪਿਛਲੇ ਸਾਲ 80 ਲੱਖ ਹੈਕਟੇਅਰ ਹੋ ਗਿਆ ਜਿਸ ਨੇ ਜ਼ਮੀਨ ਹੇਠਲੇ ਪਾਣੀ ਦੇ ਸਰੋਤਾਂ ਉੱਤੇ ਵੱਡਾ ਬੋਝ ਪਾਇਆ।

ਵੀਹ ਲੱਖ ਏਕੜ ’ਤੇ ਸਾਉਣੀ ਦੀਆਂ ਹੋਰ ਫ਼ਸਲਾਂ ਨੂੰ ਉਤਸ਼ਾਹਿਤ ਕਰ ਕੇ ਜ਼ਮੀਨੀ ਪਾਣੀ ਦਾ ਸੰਤੁਲਨ ਬਹਾਲ ਕੀਤਾ ਜਾ ਸਕਦਾ ਹੈ। ਸ਼ੁਰੂਆਤੀ ਕਦਮ ਵਜੋਂ ਸਰਕਾਰ ਨੂੰ ਉਨ੍ਹਾਂ 11 ਬਲਾਕਾਂ ਵਿੱਚ ਬਦਲਵੀਆਂ ਫ਼ਸਲਾਂ ਦੀ ਖੇਤੀ ਯਕੀਨੀ ਬਣਾਉਣੀ ਚਾਹੀਦੀ ਹੈ ਜਿੱਥੇ ਪਾਣੀ ਕੱਢਣ ਦੀ ਦਰ, ਪੂਰਤੀ (ਰੀਚਾਰਜ) ਤੋਂ ਖ਼ਤਰਨਾਕ ਢੰਗ ਨਾਲ 300 ਫ਼ੀਸਦੀ ਉੱਤੇ ਜਾ ਚੁੱਕੀ ਹੈ।

ਪੰਜਾਬ ਵਿੱਚ ਖੇਤੀਬਾੜੀ ਚੌਰਾਹੇ ਉੱਤੇ ਖੜ੍ਹੀ ਹੈ। ਖੇਤੀ ਲਈ ਅਲਾਟ 14,524 ਕਰੋੜ ਰੁਪਏ ਦੇ ਬਜਟ ਦੇ ਬਾਵਜੂਦ ਇਸ ਖੇਤਰ ਦੇ ਕਸ਼ਟ ਘਟੇ ਨਹੀਂ ਹਨ ਤੇ ਜ਼ਮੀਨ ਹੇਠਲੇ ਪਾਣੀ ਦਾ ਸੰਕਟ ਨਿਰੰਤਰ ਬਦਤਰ ਹੁੰਦਾ ਜਾ ਰਿਹਾ ਹੈ। ਨੀਤੀ ਵਿੱਚ ਫੌਰੀ ਬਦਲਾਅ ਤੇ ਠੋਸ ਕਾਰਵਾਈ ਤੋਂ ਬਿਨਾਂ ਪੰਜਾਬ ਦਾ ਖੇਤੀ ਅਰਥਚਾਰਾ ਤੇ ਵਾਤਾਵਰਨ ਸਥਿਰਤਾ ਗੰਭੀਰ ਖ਼ਤਰੇ ’ਚ ਘਿਰੇ ਰਹਿਣਗੇ। ਕਾਰਵਾਈ ਕਰਨ ਦਾ ਇਹੀ ਸਮਾਂ ਹੈ।



ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਇੰਗਲੈਂਡ ਨੇੜੇ ਸਮੁੰਦਰੀ ਜਹਾਜ਼ 'ਚ ਤਾਇਨਾਤ ਮੁਹਾਲੀ ਦੇ ਨੌਜਵਾਨ ਵਲੋਂ ਖ਼ੁਦਕੁਸ਼ੀ


ਬਲਰਾਜ ਸਿੰਘ ਦੀ ਪੁਰਾਣੀ ਤਸਵੀਰ ।

ਐੱਸ. ਏ. ਐੱਸ. ਨਗਰ : ਇਕ ਦੁਖਦਾਈ ਘਟਨਾ ਵਿਚ ਇੰਗਲੈਂਡ ਨਜ਼ਦੀਕ ਸਮੁੰਦਰੀ ਜਹਾਜ਼ 'ਚ ਤਾਇਨਾਤ ਨੌਜਵਾਨ ਕੈਡਿਟ ਵਲੋਂ ਬੀਤੀ 17 ਮਾਰਚ ਨੂੰ ਫ਼ਾਹਾ ਲਗਾ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਹਾਲੀ ਜ਼ਿਲ੍ਹੇ ਅਧੀਨ ਆਉਂਦੇ ਪਿੰਡ ਬਲੌਂਗੀ ਦਾ ਰਹਿਣ ਵਾਲਾ ਬਲਰਾਜ ਸਿੰਘ (21) ਦੀ 10 ਦਸੰਬਰ 2024 ਨੂੰ ਮਰਚੈਂਟ ਨੇਵੀ ਵਿਚ ਬਤੌਰ ਡੈੱਕ ਕੈਡਿਟ ਭਰਤੀ ਹੋਈ ਸੀ। ਨੌਕਰੀ 'ਤੇ ਤਾਇਨਾਤੀ ਉਪਰੰਤ ਉਸ ਦਾ ਸਮੁੰਦਰੀ ਸਫ਼ਰ ਸਿੰਗਾਪੁਰ ਬੰਦਰਗਾਹ ਤੋਂ ਸ਼ੁਰੂ ਹੋਇਆ ਸੀ ਅਤੇ ਮਾਰਚ ਮਹੀਨੇ ਵਿਚ ਉਹ ਇੰਗਲੈਂਡ ਦੀ ਅੰਤਰਾਸ਼ਟਰੀ ਹੱਦ 'ਤੇ ਪਹੁੰਚਿਆ ਸੀ। ਇਸ ਦੌਰਾਨ ਉਕਤ ਨੌਜਵਾਨ ਦੀ ਆਪਣੇ ਪਰਿਵਾਰਕ ਮੈਂਬਰਾਂ ਨਾਲ ਫ਼ੋਨ 'ਤੇ ਅਕਸਰ ਗੱਲਬਾਤ ਹੁੰਦੀ ਰਹਿੰਦੀ ਸੀ। ਪਰਿਵਾਰ ਨੂੰ ਉਦੋਂ ਸਦਮਾ ਲੱਗਿਆ ਜਦੋਂ ਸੂਚਨਾ ਮਿਲੀ ਕਿ ਬੀਤੀ 16 ਮਾਰਚ ਨੂੰ ਲੰਡਨ ਵਿਖੇ ਸ਼ਿਪ 'ਤੇ ਹੀ ਉਨ੍ਹਾਂ ਦੇ ਪੁੱਤਰ ਨੇ ਫ਼ਾਹਾ ਲਗਾ ਕੇ ਖ਼ੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਉਕਤ ਨੌਜਵਾਨ ਦੇ ਪਿਤਾ ਵਿਕਰਮ ਸਿੰਘ ਆਪਣੇ ਭਾਣਜੇ ਸਮੇਤ 18 ਮਾਰਚ ਨੂੰ ਸ਼ਿਪ 'ਤੇ ਪਹੁੰਚੇ, ਜਿਥੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਉਕਤ ਸ਼ਿਪ ਦੇ ਸਾਫ਼ਟ ਬਲਾਕਰ ਹਿੱਸੇ ਵਿਚ ਫ਼ਾਹਾ ਲਗਾ ਕੇ ਬਲਰਾਜ ਸਿੰਘ ਨੇ ਖ਼ੁਦਕੁਸ਼ੀ ਕਰ ਲਈ ਸੀ। ਇਸ ਤੋਂ ਬਾਅਦ ਮ੍ਰਿਤਕ ਦੇ ਪਿਤਾ ਨੇ ਉਥੇ ਮੌਜੂਦ ਉੱਚ ਅਧਿਕਾਰੀਆਂ ਤੋਂ ਜਦੋਂ ਆਪਣੇ ਪੁੱਤਰ ਵਲੋਂ ਖ਼ੁਦਕੁਸ਼ੀ ਕਰਨ ਦੀ ਵਜ੍ਹਾ ਬਾਰੇ ਪੁੱਛਿਆ ਤਾਂ ਉਨ੍ਹਾਂ ਨੂੰ ਕੋਈ ਸਪੱਸ਼ਟ ਜਵਾਬ ਨਹੀਂ ਮਿਲਿਆ। ਸੂਤਰਾਂ ਮੁਤਾਬਕ ਮੁਹਾਲੀ ਦੇ ਸਰਕਾਰੀ ਹਸਪਤਾਲ ਵਿਖੇ ਕੰਪਨੀ ਵਲੋਂ ਭੇਜੀ ਗਈ ਮ੍ਰਿਤਕ ਨੌਜਵਾਨ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕਰਵਾਇਆ ਗਿਆ। ਪਰਿਵਾਰ ਵਲੋਂ ਇਹ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ ਉੱਚ ਅਫ਼ਸਰਾਂ ਵਲੋਂ ਬਲਰਾਜ ਸਿੰਘ ਤੋਂ ਲੋੜ ਤੋਂ ਵੱਧ ਕੰਮ ਕਰਵਾਇਆ ਜਾ ਰਿਹਾ ਸੀ ਅਤੇ ਮਾਨਸਿਕ ਦਬਾਅ ਦੇ ਚਲਦਿਆਂ ਹੀ ਉਸ ਵਲੋਂ ਅਜਿਹਾ ਸਖ਼ਤ ਕਦਮ ਚੁੱਕਿਆ ਗਿਆ। ਪਰਿਵਾਰ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ ਦੀ ਕਿਸੇ ਉੱਚ ਜਾਂਚ ਏਜੰਸੀ ਤੋਂ ਜਾਂਚ ਕਰਵਾਈ ਜਾਵੇ।

# ਸੀਬੀਪੀ ਵਨ ਐਪ ਰਾਹੀਂ ਅਮਰੀਕਾ 'ਚ ਦਾਖ਼ਲ ਹੋਣ ਵਾਲੇ ਪਰਵਾਸੀਆਂ ਦਾ ਕਾਨੂੰਨੀ ਦਰਜਾ ਰੱਦ

## ਵਿਸ਼ੇਸ਼ ਅਧਿਕਾਰ ਤਹਿਤ ਦੋ ਸਾਲਾਂ ਤੱਕ ਅਮਰੀਕਾ 'ਚ ਰਹਿਣ ਦੀ ਮਿਲੀ ਹੋਈ ਸੀ ਇਜਾਜ਼ਤ

ਮੈਕਲੇਨ (ਟੈਕਸਾਸ) : ਬਾਇਡਨ-ਯੁੱਗ ਦੀ ਆਨਲਾਈਨ ਅਪੁਆਇੰਟ ਐਪਲੀਕੇਸ਼ਨ ਵਰਤੋਂ ਕਰਕੇ ਜਿਨ੍ਹਾਂ ਪਰਵਾਸੀਆਂ ਨੂੰ ਅਸਥਾਈ ਤੌਰ 'ਤੇ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ, ਉਨ੍ਹਾਂ ਨੂੰ ਤੁਰੰਤ ਦੇਸ਼ ਛੱਡਣ ਲਈ ਕਿਹਾ ਗਿਆ ਹੈ। ਹਾਲਾਂਕਿ, ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਇਸ ਨਾਲ ਕਿੰਨੇ ਲਾਭਪਾਤਰੀ ਪ੍ਰਭਾਵਿਤ ਹੋਣਗੇ।

ਜਨਵਰੀ 2023 ਤੋਂ ਸੀਬੀਪੀ ਵਨ ਐਪ ਦਾ ਇਸਤੇਮਾਲ ਕਰ ਕੇ 900,000 ਤੋਂ ਵੱਧ ਲੋਕਾਂ ਨੂੰ ਦੇਸ਼ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਉਨ੍ਹਾਂ ਨੂੰ ਆਮ ਤੌਰ 'ਤੇ ਰਾਸ਼ਟਰਪਤੀ ਦੇ 'ਪੈਰੋਲ' ਨਾਮ ਦੇ ਅਧਿਕਾਰ ਤਹਿਤ ਕੰਮ ਕਰਨ ਦੇ ਅਧਿਕਾਰ ਦੇ ਨਾਲ ਦੋ ਸਾਲਾਂ ਤੱਕ ਅਮਰੀਕਾ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ। ਗ੍ਰਹਿ ਵਿਭਾਗ (ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ) ਦੀ ਮੀਡੀਆ ਮਾਮਲਿਆਂ ਬਾਰੇ ਯੂਨਿਟ ਨੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ, "ਇਨ੍ਹਾਂ ਪੈਰੋਲਾਂ ਨੂੰ ਰੱਦ ਕਰਨਾ ਅਮਰੀਕੀ ਲੋਕਾਂ ਨਾਲ ਸਾਡਾ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਕੌਮੀ ਸੁਰੱਖਿਆ ਦੀ ਰੱਖਿਆ ਕਰਨ ਦਾ ਇਕ ਵਾਅਦਾ ਹੈ।" ਗ੍ਰਹਿ ਵਿਭਾਗ ਨੇ ਪਿਛਲੇ ਸਾਲ ਦੇ ਅਖ਼ੀਰ ਵਿੱਚ ਅਮਰੀਕਾ 'ਚ ਦਾਖ਼ਲ ਹੋਣ ਵਾਲੇ ਹੋਂਡੂਰਸ ਦੇ ਪਰਿਵਾਰ ਨੂੰ ਲਿਖਿਆ, "ਹੁਣ ਸਮਾਂ ਆ ਗਿਆ ਹੈ ਕਿ ਤੁਸੀਂ ਸੰਯੁਕਤ ਰਾਜ ਅਮਰੀਕਾ ਨੂੰ ਛੱਡ ਦਿਓ।"

ਐਸੋਸੀਏਟਿਡ ਪ੍ਰੈੱਸ ਨੇ ਐਤਵਾਰ ਨੂੰ ਪ੍ਰਾਪਤ ਈਮੇਲ ਦੀ ਸਮੀਖਿਆ ਕੀਤੀ। ਹੋਰ ਲੋਕਾਂ ਨੇ ਵੀ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਇਹੀ ਈਮੇਲ ਸਾਂਝੀ ਕੀਤੀ। ਪਰਵਾਸੀਆਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਨ ਵਾਲੀ ਇਕ ਗੈਰ-ਲਾਭਕਾਰੀ ਸੰਸਥਾ ਅਲ ਓਟਰੋ ਲਾਡੋ ਨੇ ਕਿਹਾ ਕਿ ਕਾਨੂੰਨੀ ਦਰਜਾ ਰੱਦ ਹੋਣ ਸਬੰਧੀ ਪੱਤਰ ਪ੍ਰਾਪਤ ਕਰਨ ਵਾਲੇ ਕੁਝ ਲੋਕ ਹੋਂਡੂਰਸ, ਅਲ ਸਲਵਾਡੋਰ ਅਤੇ ਮੈਕਸਿਕੋ ਤੋਂ ਹਨ। ਸੀਬੀਪੀ ਵਨ, ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਨ ਦੇ ਰੁਝਾਨ ਨੂੰ ਮੋੜਾ ਪਾਉਣ ਦੀ ਕੋਸ਼ਿਸ਼ ਤਹਿਤ ਸੰਯੁਕਤ ਰਾਜ ਅਮਰੀਕਾ ਵਿੱਚ ਦਾਖ਼ਲ ਹੋਣ ਲਈ ਕਾਨੂੰਨੀ ਰਾਹ ਬਣਾਉਣ ਅਤੇ ਵਿਸਤਾਰ ਕਰਨ ਦੀ ਬਾਇਡਨ ਪ੍ਰਸ਼ਾਸਨ ਦੀ ਰਣਨੀਤੀ ਦਾ ਆਧਾਰ ਸੀ। ਦਸੰਬਰ ਦੇ ਅਖ਼ੀਰ ਤੱਕ 9,36,500 ਲੋਕਾਂ ਨੂੰ ਮੈਕਸਿਕੋ ਦੇ ਨਾਲ ਸਰਹੱਦ ਪਾਰ ਕਰਨ ਵਾਸਤੇ ਸੀਬੀਪੀ ਵਨ ਨਿਯੁਕਤੀਆਂ ਸਮੇਤ ਪ੍ਰਵੇਸ਼ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣਾ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਅਮਰੀਕਾ ਆਉਣ ਵਾਲੇ ਨਵੇਂ ਵਿਅਕਤੀਆਂ ਲਈ ਸੀਬੀਪੀ ਵਨ ਨੂੰ ਖ਼ਤਮ ਕਰ ਦਿੱਤਾ ਸੀ, ਜਿਸ ਕਾਰਨ ਮੈਕਸਿਕੋ ਵਿੱਚ ਹਜ਼ਾਰਾਂ ਲੋਕ ਫਸ ਗਏ, ਜਿਨ੍ਹਾਂ ਕੋਲ ਫਰਵਰੀ ਦੀ ਸ਼ੁਰੂਆਤ ਤੱਕ ਨਿਯੁਕਤੀਆਂ ਸਨ।




### ਬਾਇਡਨ ਨੇ ਸਭ ਤੋਂ ਵੱਧ ਪੈਰੋਲ ਅਧਿਕਾਰ ਵਰਤਿਆ

ਟਰੰਪ ਪ੍ਰਸ਼ਾਸਨ ਨੇ ਬਾਇਡਨ ਦੀਆਂ ਨੀਤੀਆਂ ਤਹਿਤ ਲਾਭ ਲੈਣ ਵਾਲੇ ਕਈ ਲੋਕਾਂ ਦੇ ਅਸਥਾਈ ਦਰਜੇ ਨੂੰ ਖ਼ਤਮ ਅਤੇ ਰੱਦ ਕਰ ਦਿੱਤਾ ਹੈ। ਗ੍ਰਹਿ ਵਿਭਾਗ ਨੇ ਸੋਮਵਾਰ ਨੂੰ ਕਿਹਾ ਕਿ ਬਾਇਡਨ ਵੱਲੋਂ ਪੈਰੋਲ ਅਧਿਕਾਰ ਦਾ ਇਸਤੇਮਾਲ 1952 ਵਿੱਚ ਇਸ ਦੇ ਨਿਰਮਾਣ ਦੇ ਬਾਅਦ ਤੋਂ ਕਿਸੇ ਵੀ ਰਾਸ਼ਟਰਪਤੀ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਕੀਤਾ ਹੈ। ਇਸ ਨੇ ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਖ਼ਰਾਬ ਸਰਹੱਦੀ ਸੰਕਟ ਨੂੰ ਹੋਰ ਵਧਾ ਦਿੱਤਾ ਹੈ।


CAPITAL ACCOUNTING & TAX SERVICES


Kuldip Singh Kang


Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524



LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਟਰੰਪ ਦੇ ਟੈਰਿਫ ਕਾਰਨ ਸ਼ੇਅਰ ਬਾਜ਼ਾਰ 'ਚ ਹਾਹਾਕਾਰ ਨਿਵੇਸ਼ਕਾਂ ਨੂੰ 14 ਲੱਖ ਕਰੋੜ ਦਾ ਨੁਕਸਾਨ

ਨਵੀਂ ਦਿੱਲੀ : ਵਿਸ਼ਵ ਬਾਜ਼ਾਰ 'ਚ ਮੰਦੀ ਦੇ ਡਰ ਕਾਰਨ ਭਾਰਤੀ ਸ਼ੇਅਰ ਬਾਜ਼ਾਰ 'ਚ ਭਾਰੀ ਗਿਰਾਵਟ ਕਾਰਨ ਨਿਵੇਸ਼ਕਾਂ ਨੂੰ 14 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜਾਣਕਾਰੀ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਲਗਾਏ ਕੌਮਾਂਤਰੀ ਟੈਰਿਫ ਕਾਰਨ ਦੁਨੀਆ ਭਰ ਦੇ ਸਟਾਕ ਬਾਜ਼ਾਰਾਂ 'ਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਹਾਲਾਂਕਿ ਭਾਰਤੀ ਸਟਾਕ ਬਾਜ਼ਾਰਾਂ ਨੇ ਇਸ ਸਮੇਂ ਦੌਰਾਨ ਬਿਹਤਰ ਪ੍ਰਦਰਸ਼ਨ ਕੀਤਾ ਹੈ। ਅਮਰੀਕਾ, ਯੂਰਪ ਤੇ ਏਸ਼ੀਆ ਦੇ ਕਈ ਪ੍ਰਮੁੱਖ ਸੂਚਕ ਅੰਕਾਂ 'ਚ ਭਾਰੀ ਗਿਰਾਵਟ ਆਈ ਹੈ। ਟੈਰਿਫ ਯੁੱਧ ਦਾ ਪ੍ਰਭਾਵ ਪੂਰੀ ਦੁਨੀਆ ਦੇ ਬਾਜ਼ਾਰਾਂ 'ਤੇ ਬੁਰੀ ਤਰ੍ਹਾਂ ਪਿਆ ਹੈ, ਪਰ ਭਾਰਤ ਦੀ ਗਿਰਾਵਟ ਦੂਜੇ ਬਾਜ਼ਾਰਾਂ ਨਾਲੋਂ ਘੱਟ ਰਹੀ ਹੈ। ਇਸ ਦਾ ਇਕ ਕਾਰਨ ਸਥਾਨਕ ਅਰਥਵਿਵਸਥਾ 'ਤੇ ਭਾਰਤ ਦੀ ਜ਼ਿਆਦਾ ਨਿਰਭਰਤਾ ਤੇ ਮੁਕਾਬਲਤਨ ਘੱਟ ਵਪਾਰ ਐਕਸਪੋਜ਼ਰ ਹੋ ਸਕਦਾ ਹੈ। ਹਾਲਾਂਕਿ ਭਵਿੱਖ ਦੀ ਦਿਸ਼ਾ ਵਿਸ਼ਵਵਿਆਪੀ ਸਥਿਤੀਆਂ ਤੇ ਨੀਤੀਗਤ ਫੈਸਲਿਆਂ 'ਤੇ ਨਿਰਭਰ ਕਰੇਗੀ। ਇਸ ਸਬੰਧੀ ਜੀਓਜੀਤ ਫਾਈਨੈਂਸ਼ੀਅਲਜ਼ ਦੇ ਖੋਜ ਮੁਖੀ ਵਿਨੋਦ ਨਾਇਰ ਨੇ ਕਿਹਾ ਕਿ ਅਮਰੀਕਾ ਤੇ ਹੋਰ ਪ੍ਰਮੁੱਖ ਦੇਸ਼ਾਂ 'ਚ ਵਪਾਰ ਯੁੱਧ ਦੇ ਡਰ ਕਾਰਨ ਸਟਾਕ ਬਾਜ਼ਾਰ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ। ਆਈ.ਟੀ. ਤੇ ਧਾਤਾਂ ਦੇ ਸ਼ੇਅਰ ਸਭ ਤੋਂ ਵੱਧ ਡਿਗੇ ਹਨ, ਇਸ ਕਾਰਨ ਅਮਰੀਕਾ 'ਚ ਮੰਦੀ ਦੀ ਸੰਭਾਵਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੂੰ ਦੂਜੇ ਦੇਸ਼ਾਂ ਦੇ ਮੁਕਾਬਲੇ ਇਨ੍ਹਾਂ ਟੈਰਿਫਾਂ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਘੱਟ ਹੈ। ਨਾਲ ਹੀ ਨਿਵੇਸ਼ਕਾਂ ਨੂੰ ਘਰੇਲੂ ਬਾਜ਼ਾਰਾਂ 'ਤੇ ਧਿਆਨ ਕੇਂਦਰਿਤ



ਕਰਨ ਦੀ ਸਲਾਹ ਦਿੱਤੀ। ਜੇਕਰ ਭਾਰਤੀ ਸ਼ੇਅਰ ਬਾਜ਼ਾਰ ਦੀ ਗੱਲ ਕੀਤੀ ਜਾਵੇ ਤਾਂ ਅੱਜ ਬੀ.ਐਸ.ਈ. ਦਾ 30 ਸ਼ੇਅਰਾਂ 'ਤੇ ਆਧਾਰਿਤ ਬੈਂਚਮਾਰਕ ਇੰਡੈਕਸ ਸੈਂਸੈਕਸ 2226.79 ਅੰਕ ਜਾਂ 2.95 ਫੀਸਦੀ ਡਿਗ ਕੇ 73137.90 ਅੰਕ 'ਤੇ ਬੰਦ ਹੋਇਆ। ਵਪਾਰ ਦੌਰਾਨ ਇਕ ਸਮੇਂ ਇਹ 3939.68 ਅੰਕ ਡਿਗ ਕੇ 71425.01 ਅੰਕ 'ਤੇ ਆ ਗਿਆ। ਬੀ.ਐਸ.ਈ. 'ਤੇ ਛੋਟੀਆਂ ਕੰਪਨੀਆਂ ਦੇ ਸਮਾਲਕੈਪ ਇੰਡੈਕਸ ਨੂੰ ਵੀ 4.13 ਫੀਸਦੀ ਦਾ ਨੁਕਸਾਨ ਹੋਇਆ ਜਦਕਿ ਮਿਡਕੈਪ 'ਚ 3.46 ਫੀਸਦੀ ਦੀ ਗਿਰਾਵਟ ਆਈ। ਇਸ ਵਿਆਪਕ ਗਿਰਾਵਟ ਦਾ ਪ੍ਰਭਾਵ ਇਹ ਹੋਇਆ ਕਿ ਬੀ.ਐਸ.ਈ. 'ਤੇ ਸੂਚੀਬੱਧ ਕੰਪਨੀਆਂ ਦਾ ਕੁੱਲ ਬਾਜ਼ਾਰ ਪੂੰਜੀਕਰਨ ਇਕ ਹੀ ਕਾਰੋਬਾਰੀ ਸੈਸ਼ਨ 'ਚ 14,04,225.71 ਕਰੋੜ ਰੁਪਏ ਡਿਗ ਕੇ 3,89,25,660.75 ਕਰੋੜ ਰੁਪਏ (4.54 ਲੱਖ ਕਰੋੜ ਡਾਲਰ) ਰਹਿ ਗਿਆ। ਹਾਲਾਂਕਿ ਕਾਰੋਬਾਰ ਦੇ ਆਖਰੀ ਘੰਟੇ 'ਚ ਹੇਠਲੇ ਪੱਧਰ 'ਤੇ ਖਰੀਦਦਾਰੀ ਕਰਨ ਨਾਲ ਨਿਵੇਸ਼ਕਾਂ ਦਾ ਨੁਕਸਾਨ ਘਟ ਗਿਆ। ਦੁਪਹਿਰ ਦੇ ਕਾਰੋਬਾਰ 'ਚ ਨਿਵੇਸ਼ਕਾਂ ਦਾ ਨੁਕਸਾਨ 20.16 ਲੱਖ ਕਰੋੜ ਰੁਪਏ ਤੱਕ ਪਹੁੰਚ ਗਿਆ।

# ਕੈਨੇਡਾ ਦੇ ਪਹਿਲੇ ਗ੍ਰੰਥੀ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਦੇ ਸ਼ਹਾਦਤ ਦਿਹਾੜੇ 'ਤੇ ਖੁਰਦਪੁਰ ਨਗਰ ਨਿਵਾਸੀਆਂ ਵੱਲੋਂ ਸਮਾਗਮ

ਸਰੀ : ਕੈਨੇਡਾ ਦੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪਹਿਲੇ ਗ੍ਰੰਥੀ, ਸਿੰਘ ਸਾਹਿਬ ਭਾਈ ਬਲਵੰਤ ਸਿੰਘ ਖੁਰਦਪੁਰ ਪੰਜਾਬ ਜਾ ਕੇ ਲਾਹੌਰ ਸ਼ਹੀਦ ਹੋਏ ਸਨ। ਮਹਾਨ ਸ਼ਹੀਦ ਸਿੰਘ ਸਾਹਿਬ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਕਰਵਾਇਆ ਗਿਆ। ਇਸ ਮੌਕੇ 'ਤੇ ਨਗਰ ਨਿਵਾਸੀਆਂ ਦੇ ਸੱਦੇ 'ਤੇ ਗੁਰਦੁਆਰਾ ਸਾਹਿਬ ਵਿਖੇ ਸਿੱਖ ਚਿੰਤਕ ਅਤੇ ਮੀਡੀਆ ਸ਼ਖਸ਼ੀਅਤ ਡਾ. ਗੁਰਵਿੰਦਰ ਸਿੰਘ ਨੇ ਵਿਚਾਰ ਸਾਂਝੇ ਕੀਤੇ। ਉਹਨਾ ਕੈਨੇਡਾ ਦੀ ਮਹਾਨ ਗ੍ਰੰਥੀ ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਭਾਰਤ ਦੇ ਵਾਇਸਰਾਏ ਲਾਰਡ ਹਾਰਡਿੰਗ ਅਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਨਾਲ ਹੋਈਆਂ ਮੁਲਾਕਾਤਾਂ ਸਮੇਂ ਸਿੰਘ ਸਾਹਿਬ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਬਾਰੇ ਵਿਚਾਰ ਸਾਂਝੇ ਕੀਤੇ। ਨਗਰ ਨਿਵਾਸੀਆਂ ਵੱਲੋਂ ਇਸ ਮੌਕੇ ਤੇ ਪਿਆਰ ਸਤਿਕਾਰ ਵਜੋਂ ਡਾ ਗੁਰਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦਾ ਸੰਚਾਲਨ ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਬਲਜਿੰਦਰ ਸਿੰਘ ਖਹਿਰਾ ਵੱਲੋਂ ਕੀਤਾ ਗਿਆ।




ਸ਼ਹੀਦ ਭਾਈ ਬਲਵੰਤ ਸਿੰਘ ਖੁਰਦਪੁਰ। ਗੁਰਦੁਆਰਾ ਸਾਹਿਬ ਵਿਖੇ ਖੁਰਦਪਰ ਨਿਵਾਸੀ ਡਾ. ਗੁਰਵਿੰਦਰ ਸਿੰਘ ਨੂੰ ਸਿਰੋਪਾਓ ਬਖਸ਼ਿਸ਼ ਕਰਦੇ ਹੋਏ।

# ਅਮਰੀਕਾ ਦਾ ਚੀਨ ਤੇ ਟੈਰਿਫ ਅਟੈਕ, ਟਰੰਪ ਦੀ ਚਿਤਾਵਨੀ ਮਗਰੋਂ ਲਗਾਇਆ 104 ਫੀਸਦੀ ਟੈਕਸ

ਵਾਸ਼ਿੰਗਟਨ : ਅਮਰੀਕਾ ਅਤੇ ਚੀਨ ਵਿਚਕਾਰ ਟੈਰਿਫ ਵਾਰ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚਿਤਾਵਨੀ ਤੋਂ ਇੱਕ ਦਿਨ ਬਾਅਦ ਵ੍ਹਾਈਟ ਹਾਊਸ ਨੇ ਚੀਨ 'ਤੇ 104 ਫੀਸਦੀ ਟੈਰਿਫ ਲਗਾਉਣ ਦੀ ਪੁਸ਼ਟੀ ਕੀਤੀ ਹੈ। ਚੀਨ 'ਤੇ ਨਵਾਂ ਵਧਿਆ ਹੋਇਆ ਟੈਰਿਫ 9 ਅਪ੍ਰੈਲ ਤੋਂ ਲਾਗੂ ਹੋਇਆ। ਰਿਪੋਰਟ ਦੇ ਅਨੁਸਾਰ, ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਨੇ ਕਿਹਾ ਹੈ ਕਿ ਚੀਨ ਨੇ ਆਪਣੀ ਜਵਾਬੀ ਕਾਰਵਾਈ ਵਾਪਸ ਨਹੀਂ ਲਈ ਹੈ ਇਸ ਲਈ 104 ਫੀਸਦੀ ਵਾਧੂ ਟੈਰਿਫ ਲਗਾਇਆ ਜਾਵੇਗਾ। ਇਹ ਵਾਧੂ ਟੈਰਿਫ 9 ਅਪ੍ਰੈਲ ਤੋਂ ਵਸੂਲਿਆ ਜਾਵੇਗਾ।




**ਟਰੰਪ ਨੇ ਚੀਨ ਨੂੰ ਦਿੱਤੀ ਸੀ ਚਿਤਾਵਨੀ :** ਦੱਸ ਦੇਈਏ ਕਿ ਟਰੰਪ ਨੇ 2 ਅਪ੍ਰੈਲ ਦੇ ਐਲਾਨ 'ਚ ਚੀਨ ਸਮੇਤ 180 ਦੇਸ਼ਾਂ 'ਤੇ ਰਿਆਇਤੀ ਰੇਸੀਪ੍ਰੋਕਲ ਟੈਰਿਫ ਲਗਾਇਆ ਸੀ, ਜਿਸ ਦੇ ਜਵਾਬ ਵਿੱਚ ਚੀਨ ਨੇ ਵੀ ਅਮਰੀਕਾ 'ਤੇ ਟੈਰਿਫ ਲਗਾਇਆ ਸੀ। ਟਰੰਪ ਨੇ ਇਸ ਟੈਰਿਫ ਨੂੰ ਲੈ ਕੇ ਚੀਨ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਸੀ। ਟਰੰਪ ਨੇ ਕਿਹਾ ਸੀ ਕਿ ਜੇਕਰ ਚੀਨ 8 ਅਪ੍ਰੈਲ ਤੱਕ ਅਮਰੀਕਾ 'ਤੇ ਲਗਾਇਆ ਗਿਆ ਟੈਰਿਫ ਨਹੀਂ ਹਟਾਉਂਦਾ ਤਾਂ ਉਸ 'ਤੇ 50 ਫੀਸਦੀ ਵਾਧੂ ਟੈਰਿਫ ਲਗਾਇਆ ਜਾਵੇਗਾ। ਇੰਨਾ ਹੀ ਨਹੀਂ, ਚੀਨ ਵੱਲੋਂ ਪ੍ਰਸਤਾਵਿਤ ਕਿਸੇ ਵੀ ਮੀਟਿੰਗ 'ਤੇ ਗੱਲਬਾਤ ਵੀ ਤੁਰੰਤ ਪ੍ਰਭਾਵ ਨਾਲ ਖਤਮ ਕਰ ਦਿੱਤੀ ਜਾਵੇਗੀ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਉਪਰੰਤ ਬਹੁਤ ਵੱਡੀ ਕੌਮੀ ਜਦੋ-ਜਹਿਦ ਦੇ ਬਾਅਦ ਹੀ ਅਨੰਦ ਮੈਰਿਜ ਐਕਟ, 1909 ਹੋਂਦ ਵਿਚ ਆਇਆ। ਪਰ ਇਹ ਅਨੰਦ ਮੈਰਿਜ ਐਕਟ, 1909 ਮੁਕੰਮਲ ਵਿਆਹ ਕਾਨੂੰਨ ਨਹੀਂ ਸੀ ਬਲਕਿ ਇਸ ਰਾਹੀਂ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕੇਵਲ ਕਾਨੂੰਨੀ ਮਾਨਤਾ ਪ੍ਰਾਪਤ ਹੋਈ। ਭਾਰਤ ਵਿਚ ਹਿੰਦੂ, ਮੁਸਲਮਾਨ, ਈਸਾਈ ਅਤੇ ਪਾਰਸੀਆਂ ਦੇ ਵਿਆਹ ਦੇ ਨਿੱਜੀ ਕਾਨੂੰਨ ਹਨ। ਸਿੱਖਾਂ ਬਾਰੇ ਵਿਆਹ ਦਾ ਕੋਈ ਵੱਖਰਾ ਕਾਨੂੰਨ ਨਹੀਂ ਹੈ ਅਤੇ ਹੁਣ ਤੱਕ ਇਨ੍ਹਾਂ 'ਤੇ ਹਿੰਦੂ ਮੈਰਿਜ ਐਕਟ, 1955 ਹੀ ਲਾਗੂ ਹੁੰਦਾ ਹੈ।

2012 ਵਿਚ ਜਦੋਂ ਮੁਕੰਮਲ ਅਨੰਦ ਮੈਰਿਜ ਐਕਟ ਦੀ ਗੱਲ ਚਲੀ ਸੀ ਉਸ ਸਮੇਂ ਕਾਨੂੰਨ ਵਿਦ ਡਾ. ਦਲਜੀਤ ਸਿੰਘ ਜੀ, ਪ੍ਰਿੰਸੀਪਲ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੇ ਚੀਫ਼ ਖਾਲਸਾ ਦੇ ਸਹਿਯੋਗ ਨਾਲ ਐਸਾ ਖਰੜਾ ਤਿਆਰ ਕਰਵਾਇਆ। ਇਸ ਦੇ ਨਾਲ ਹੀ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਜੀ ਗਾਂਧੀ ਨੇ ਵੀ ਇਕ ਨਿੱਜੀ ਬਿਲ ਪੇਸ਼ ਕੀਤਾ। ਪਰ ਸਰਕਾਰ ਨੇ 1909 ਵਾਲੇ ਕਾਨੂੰਨੀ ਵਿਚ ਤਰਮੀਮ ਤਾਂ ਕੀਤੀ ਪਰ ਇਹ ਕੇਵਲ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕਾਨੂੰਨੀ ਵੈਧਤਾ ਪ੍ਰਦਾਨ ਕਰਨ ਅਤੇ ਇਸ ਨੂੰ ਪੰਜੀਕ੍ਰਿਤ ਕਰਨ ਤੱਕ ਹੀ ਸੀਮਤ ਰਹੀ। ਬਾਕੀ ਹਾਲੇ ਤੱਕ ਵਿਆਹ ਕਾਨੂੰਨ ਦੀਆਂ ਸਾਰੀਆਂ ਮੱਦਾਂ ਅਤੇ ਸ਼ਰਤਾਂ ਹਿੰਦੂ ਮੈਰਿਜ ਐਕਟ, 1955 ਵਾਲੀਆਂ ਹੀ ਲਾਗੂ ਹਨ। ਇਸ ਵਿਚ ਵੀ ਅਨੰਦ ਵਿਆਹ ਨੂੰ ਅਨੰਦ ਮੈਰਿਜ ਐਕਟ, 1909 ਅਧੀਨ ਰਜਿਸਟਰਡ ਕਰਨ ਦੀ ਪੱਕੀ ਪਾਬੰਦੀ ਨਹੀਂ ਹੈ, ਬਲਕਿ ਇਹ ਵੀ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ ਕਿ ਉਹ ਇਸ ਬਾਰੇ ਨਿਯਮ ਬਣਾ ਸਕਦੇ ਹਨ।

ਕਿਤਨੀ ਤਲਖ਼ ਸੱਚਾਈ ਹੈ ਕਿ ਪਿਛਲੀ ਸਦੀ ਦੇ ਆਰੰਭ ਤੋਂ ਹੀ ਸਿੱਖਾਂ ਦੇ ਅਨੰਦ ਕਾਰਜ ਕਰਨ ਨੂੰ ਹੀ ਕਾਨੂੰਨੀ ਚੁਣੌਤੀਆਂ ਦਿੱਤੀਆਂ ਗਈਆਂ। ਸੌ ਸਾਲ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਮੁਕੰਮਲ ਅਤੇ ਆਜ਼ਾਦ ਅਨੰਦ ਮੈਰਿਜ ਐਕਟ ਦੀ ਮੰਗ ਕਰਦਿਆਂ, ਪਰ ਹਾਲੇ ਤੱਕ ਇਸ ਬਾਰੇ ਕੁਝ ਵੀ ਨਹੀਂ ਹੋ ਸਕਿਆ ਅਤੇ ਨਾ ਹੀ ਕੌਮੀ ਤੌਰ 'ਤੇ ਇਸ ਦੀ ਪ੍ਰਾਪਤੀ ਲਈ ਗੰਭੀਰਤਾ ਨਾਲ ਕੋਈ ਉਪਰਾਲਾ ਹੀ ਕੀਤਾ ਜਾ ਰਿਹਾ ਹੈ। ਅੱਜ ਅਨੰਦ ਕਾਰਜ ਕਰਵਾਉਣ ਲੱਗਿਆਂ ਚੇਤੇ ਰੱਖਣਾ ਚਾਹੀਦਾ ਹੈ ਕਿ ਅਨੰਦ ਕਾਰਜ ਗੁਰੂ ਦੀ ਬਖਸ਼ਿਸ਼ ਅਤੇ ਰਹਿਮਤ ਹੈ। ਬੜੀ ਜਦੋ-ਜਹਿਦ ਦੇ ਬਾਅਦ ਹੀ ਅਨੰਦ ਕਾਰਜ ਰਾਹੀਂ ਹੋਏ ਵਿਆਹ ਨੂੰ ਕਾਨੂੰਨੀ ਮਾਨਤਾ ਮਿਲ ਸਕੀ ਹੈ। ਅਨੰਦ ਕਾਰਜ ਦੀ ਧਾਰਮਿਕ ਪਵਿੱਤਰਤਾ, ਗੰਭੀਰਤਾ ਅਤੇ ਕਾਨੂੰਨੀ ਹੈਸੀਅਤ ਨੂੰ ਕਾਇਮ ਰੱਖਣਾ ਸਾਡਾ ਫਰਜ਼ ਹੈ। ਇਸ ਵੱਲ ਪਹਿਲ ਕਦਮ ਹੋਣਾ ਚਾਹੀਦਾ ਹੈ ਅਤੇ ਪੰਥ ਵਲੋਂ ਹਿੰਦੂ ਮੈਰਿਜ ਐਕਟ ਦੀ ਥਾਵੇਂ ਮੁਕੰਮਲ ਅਨੰਦ ਮੈਰਿਜ ਐਕਟ ਦਾ ਮਸੌਦਾ (ਖਰੜਾ) ਤਿਆਰ ਕਰਵਾ ਕੇ ਇਸ ਨੂੰ ਕਾਨੂੰਨੀ ਰੂਪ ਦੇਣ ਦਾ ਉਪਰਾਲਾ ਅਰੰਭ ਕੀਤਾ ਜਾਏ। ਉਤਨੀ ਦੇਰ ਤੱਕ ਅਨੰਦ ਮੈਰਿਜ ਐਕਟ ਦੀ ਮੰਗ ਨਿਰੀ ਰਸਮੀ ਚਾਰਾਜੋਈ ਹੀ ਰਹੇਗੀ। ਇਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਨਾ ਕੇਵਲ ਆਨੰਦ ਕਾਰਜ ਬਲਕਿ ਜਾਇਦਾਦ ਵਿਰਾਸਤ, ਗੋਦ ਲੈਣ, ਟੈਕਸ ਆਦਿ ਦੇ ਹਰ ਪੱਖ 'ਤੇ ਹਿੰਦੂ ਕਾਨੂੰਨ ਹੀ ਸਿੱਖਾਂ 'ਤੇ ਲਾਗੂ ਹੈ। ਇਹ ਸਿੱਖੀ ਦੇ ਨਿਆਰੇਪਨ 'ਤੇ ਬਹਤੁ ਵੱਡੀ ਸੱਲ ਹੈ। ਇਸਦੀ ਦਰੁਸਤਗੀ ਤਾਂਹੀ ਹੋ ਸਕੇਗੀ ਜੇਕਰ ਸਿੱਖਾਂ ਦਾ ਆਪਦਾ ਨਿੱਜੀ ਕਾਨੂੰਨ ਹੋਵੇਗਾ। ਪਰ ਇਹ ਕਹਿਣ ਵਿਚ ਕੋਈ ਗੁਰੇਜ਼ ਨਹੀਂ ਕਿ ਇਸ ਵੱਲ ਕੋਈ ਕੌਮੀ ਪੇਸ਼ਕਦਮੀ ਨਜ਼ਰ ਨਹੀਂ ਆ ਰਹੀ।




(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੨)

ਸਿੱਖ ਰਹਿਤ ਮਰਯਾਦਾ ਦੀ ਅਨੰਦ ਸੰਸਕਾਰ ਦੀ ਇਸ ਮੱਦ ਰਾਹੀਂ ਅਨੰਦ ਕਾਰਜ ਲਈ ਵਿਚਾਰ ਕੇਵਲ ਗੁਰਸਿੱਖੀ ਦਾ ਹੀ ਹੋਣਾ ਨਿਸਚਿਤ ਕੀਤਾ ਗਿਆ ਹੈ ਨਾ ਕਿ ਜਾਤ-ਪਾਤ ਅਤੇ ਗੋਤ ਦਾ ਗੋਤ੍ਰ ਦਾ। ਹਿੰਦੂ ਵਿਦਵਾਨਾਂ ਮੁਤਾਬਕ ਸ਼ਾਸਤ੍ਰ ਆਧਾਰਤ ਜਾਤ-ਪਾਤ ਹਿੰਦੂ ਸੰਸਕ੍ਰਿਤੀ ਦਾ ਨਾ ਕੇਵਲ ਮੁੱਖ ਅੰਗ ਹੈ ਬਲਕਿ ਉਨ੍ਹਾਂ ਦਾ ਤਾਂ ਇਥੋਂ ਤੱਕ ਮੰਨਣਾ ਹੈ ਕਿ ਜਿਸ ਦਿਨ ਜਾਤ-ਪਾਤ ਸਮਾਪਤ ਹੋ ਗਈ ਉਸ ਵੇਲੇ ਹਿੰਦੂ ਧਰਮ ਹੀ ਸਮਾਪਤ ਹੋ ਜਾਏਗਾ। ਸਮਾਂ ਬਦਲਣ ਦੇ ਨਾਲ ਜਾਤਪਾਤ ਨੂੰ ਸਮਾਪਤ ਕਰਨ ਦੀ ਥਾਵੇਂ ਇਸ ਨੂੰ ਕਾਨੂੰਨੀ ਢੰਗ ਤਰੀਕੇ ਵਰਤ ਕੇ ਹੋਰ ਜ਼ਿਆਦਾ ਸੁਦ੍ਰਿੜ੍ਹ ਅਤੇ ਪੀਢਾ ਹੀ ਕੀਤਾ ਗਿਆ ਹੈ।

ਹਿੰਦੂ ਸੰਸਕਾਰਾਂ ਮੁਤਾਬਕ ਵਿਆਹ ਲਈ ਜਾਤ-ਪਾਤ ਅਤੇ ਗੋਤ ਨੂੰ ਬਹੁਤ ਹੀ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਸੀ। ਇਥੇ ਗੋਤ੍ਰ ਜਾਂ ਉਪ ਜਾਤੀ ਦੀ ਵਿਚਾਰ ਜ਼ਰੂਰੀ ਸੀ। ਆਪਦੀ ਜਾਤ ਬਿਰਾਦਰੀ ਤੋਂ ਬਾਹਰ ਰਿਸ਼ਤੇ ਨਾਤੇ ਨਹੀਂ ਸੀ ਕੀਤੇ ਜਾਂਦੇ। ਇਸ ਦੇ ਨਾਲ ਹੀ ਗੋਤ ਨੂੰ ਬਹੁਤ ਜ਼ਿਆਦਾ ਵਿਚਾਰਿਆ ਜਾਂਦਾ ਸੀ। ਹਰ ਗੋਤ ਆਪਣੀ ਹੀ ਜਾਤ-ਬਿਰਾਦਰੀ ਦੇ ਅੰਦਰ ਜੋੜ ਜੋੜਦੇ ਸਨ। ਸਿੱਖਾਂ ਵਿਚ ਵੀ ਕਈ ਆਪਣੀ ਪਿਛਲੀ ਗੋਤ ਨੂੰ ਉਤਮ ਜਾਣ ਢਾਈ ਘਰੇ ਗਿਣਦੇ ਹਨ ਅਤੇ ਇਨ੍ਹਾਂ ਵਿਚ ਹੀ ਵਿਆਹ ਕਰਦੇ ਹਨ। ਗੁਰਮਤਿ ਨੇ ਇਸ ਨੂੰ ਵੀ ਪ੍ਰਵਾਨ ਨਹੀਂ ਕੀਤਾ ਅਤੇ ਰਹਿਤ ਮਰਯਾਦਾ ਦੀ ਇਸ ਮੱਦ ਵਿਚ ਇਹ ਵੀ ਅੰਕਤ ਕੀਤਾ ਗਿਆ ਹੈ ਕਿ ਅਨੰਦ ਸਮੇਂ ਜਾਤ ਪਾਤ ਦੇ ਨਾਲ-ਨਾਲ 'ਗੋਤ' ਦੀ ਵਿਚਾਰ ਵੀ ਨਹੀਂ ਹੋਣੀ ਚਾਹੀਦੀ।

**(ਚਲਦਾ)**

# ਨਸ਼ਿਆਂ ਖ਼ਿਲਾਫ਼ ਰਾਜਪਾਲ ਦੀ ਪੈਦਲ ਯਾਤਰਾ

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਲੋਂ ਸੂਬੇ ਵਿਚ ਨਸ਼ਿਆਂ ਦੇ ਵਿਰੁੱਧ ਲੋਕ ਅੰਦੋਲਨ ਸ਼ੁਰੂ ਕਰਨ ਦੇ ਐਲਾਨ ਨੇ ਬਿਨਾਂ ਸ਼ੱਕ ਇੱਥੇ ਨਸ਼ਿਆਂ ਦੇ ਪਸਾਰ ਦੀ ਸਮੱਸਿਆ ਨੂੰ ਇਕ ਵਾਰ ਮੁੜ ਉਭਾਰਿਆ ਹੈ। ਇਸ ਦੇ ਨਾਲ ਹੀ ਇਸ ਸਮੱਸਿਆ ਨੂੰ ਜੜ੍ਹ ਤੋਂ ਉਖਾੜ ਸੁੱਟਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਹੈ। ਰਾਜਪਾਲ ਕਟਾਰੀਆ ਨਸ਼ਿਆਂ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ 6 ਦਿਨਾਂ ਦੀ ਪੈਦਲ ਯਾਤਰਾ ਕਰ ਰਹੇ ਹਨ। ਇਸੇ ਸੰਬੰਧ ਵਿਚ ਉਨ੍ਹਾਂ ਫ਼ਤਹਿਗੜ੍ਹ ਚੂੜੀਆਂ ਤੋਂ ਇਸ ਪੈਦਲ ਯਾਤਰਾ ਦੇ ਅਗਲੇ ਪੜਾਅ ਦੀ ਅਗਵਾਈ ਕਰਦਿਆਂ, ਜਿੱਥੇ ਇਸ ਮੁਹਿੰਮ ਦੇ ਸਮਰਥਨ ਵਿਚ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਜੁੜਨ ਦਾ ਸੱਦਾ ਦਿੱਤਾ, ਉੱਥੇ ਵਿਸ਼ੇਸ਼ ਤੌਰ 'ਤੇ ਪੇਂਡੂ ਲੋਕਾਂ ਨੂੰ ਨਸ਼ਾ-ਵਿਰੋਧੀ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ। ਇਸ ਦੌਰਾਨ ਉਨ੍ਹਾਂ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਰਾਜਪਾਲ ਦੀ ਇਸ ਨਸ਼ਾ-ਵਿਰੋਧੀ ਪੈਦਲ ਯਾਤਰਾ ਨੂੰ ਜਿਸ ਤਰ੍ਹਾਂ ਨਾਲ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ, ਉਸ ਤੋਂ ਉਨ੍ਹਾਂ ਦੀ ਇਸ ਮੁਹਿੰਮ ਨੂੰ ਭਵਿੱਖ ਵਿਚ ਬੂਰ ਪੈਣ ਦੀ ਵੱਡੀ ਸੰਭਾਵਨਾ ਹੈ। ਰਾਜਪਾਲ ਕਿਉਂਕਿ ਭਾਰਤੀ ਰੈੱਡ ਕਰਾਸ ਸੁਸਾਇਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਵੀ ਹਨ, ਇਸ ਲਈ ਉਨ੍ਹਾਂ ਦੀ ਇਸ ਮੁਹਿੰਮ ਨੂੰ ਸਰਕਾਰ ਤੇ ਸਮਾਜ ਦੇ ਸਭ ਵਰਗਾਂ ਵਲੋਂ ਭਰਵਾਂ ਸਮਰਥਨ ਮਿਲਣ ਕਰਕੇ ਇਸ ਦੇ ਕਾਮਯਾਬ ਹੋਣ ਦੀਆਂ ਸੰਭਾਵਨਾਵਾਂ ਹੋਰ ਵੀ ਵਧੇਰੇ ਜਾਪ ਰਹੀਆਂ ਹਨ। ਭਾਵੇਂ ਰਾਜਪਾਲ ਦਾ ਅਹੁਦਾ ਪੂਰੀ ਤਰ੍ਹਾਂ ਸੰਵਿਧਾਨਕ ਹੁੰਦਾ ਹੈ, ਪਰ ਸੂਬੇ ਦੀ ਇਸ ਸਭ ਤੋਂ ਵੱਡੀ ਤੇ ਗੰਭੀਰ ਸਮੱਸਿਆ ਨਸ਼ੇ ਦੇ ਪਸਾਰ ਤੇ ਪ੍ਰਭਾਵ ਦੇ ਵਿਰੁੱਧ ਰਾਜਪਾਲ ਦੀ ਆਪਣੀ ਸਰਗਰਮੀ ਤੇ ਉਨ੍ਹਾਂ ਦੀ ਪੈਦਲ ਯਾਤਰਾ ਨੂੰ ਮਿਲ ਰਹੇ ਵਿਆਪਕ ਸਮਰਥਨ ਨੂੰ ਵੇਖਦਿਆਂ ਉਮੀਦ ਬੱਝ ਰਹੀ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਵਿਰੁੱਧ ਜੇਕਰ ਕੋਈ ਲੋਕ ਅੰਦੋਲਨ ਚਲਾਇਆ ਜਾਂਦਾ ਹੈ ਤਾਂ ਲੰਬੇ ਸਮੇਂ ਲਈ ਉਸ ਨੂੰ ਵਿਆਪਕ ਸਮਰਥਨ ਮਿਲ ਸਕਦਾ ਹੈ।

ਪੰਜਾਬ ਅਤੀਤ ਵਿਚ ਦੇਸ਼ ਦੀ ਖੜਗ-ਭੁਜਾ ਵਜੋਂ ਜਾਣਿਆ ਜਾਂਦਾ ਰਿਹਾ ਹੈ। ਪੰਜਾਬ ਹਮੇਸ਼ਾ ਤੋਂ ਗੁਰੂਆਂ, ਪੀਰਾਂ, ਫਕੀਰਾਂ, ਦੇਸ਼ ਭਗਤ ਯੋਧਿਆਂ ਦੀ ਧਰਤੀ ਰਿਹਾ ਹੈ। ਪੰਜਾਬ ਨੂੰ ਦੇਸ਼ ਦਾ 'ਅੰਨ ਭੰਡਾਰ' ਭਰਨ ਵਾਲਾ ਵੀ ਮੰਨਿਆ ਜਾਂਦਾ ਹੈ, ਪਰ ਪਿਛਲੇ ਕੁਝ ਦਹਾਕਿਆਂ ਤੋਂ ਇਹ ਸੂਬਾ ਨਸ਼ਿਆਂ ਦੀ ਧਰਤੀ ਬਣ ਕੇ ਰਹਿ ਗਿਆ ਹੈ। ਹੁਣ ਸਥਿਤੀ ਇਥੋਂ ਤੱਕ ਪੁੱਜ ਚੁੱਕੀ ਹੈ ਕਿ ਇਕ ਸਮੇਂ ਇਸ ਨੂੰ 'ਉਡਦਾ ਪੰਜਾਬ' ਤੱਕ ਕਿਹਾ ਜਾਣ ਲੱਗ ਪਿਆ। ਭਾਵੇਂ ਸੂਬੇ 'ਚ ਬਣੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਅਤੇ ਮੌਜੂਦਾ ਸਰਕਾਰ ਨੇ ਵੀ ਨਸ਼ੇ ਦੀ ਇਸ ਗੰਭੀਰ ਸਮੱਸਿਆ ਦੇ ਵਿਰੁੱਧ ਵਿਆਪਕ ਪੱਧਰ 'ਤੇ ਕਦਮ ਚੁੱਕੇ ਹਨ, ਪਰ ਇਸ ਸਮੱਸਿਆ ਦੇ ਦੈਂਤ 'ਤੇ ਕਦੇ ਵੀ ਪੱਕੀ ਰੋਕ ਨਹੀਂ ਲਗਾਈ ਜਾ ਸਕੀ। ਹੁਣ ਰਾਜਪਾਲ ਕਟਾਰੀਆ ਵਲੋਂ ਸ਼ੁਰੂ ਕੀਤੀ ਗਈ ਪੈਦਲ ਯਾਤਰਾ ਮੁਹਿੰਮ ਦਾ ਮਕਸਦ ਵੀ ਜਿਵੇਂ-ਕਿਵੇਂ ਨਸ਼ਿਆਂ ਵਿਰੁੱਧ ਕਾਮਯਾਬੀ ਹਾਸਲ ਕਰਨਾ ਹੀ ਹੈ, ਇਸੇ ਕਰਕੇ ਇਸ ਪੈਦਲ ਯਾਤਰਾ ਨੂੰ ਵਧੇਰੇ ਸਮਰਥਨ ਮਿਲਣਾ ਸੁਭਾਵਿਕ ਹੈ। ਰਾਜਪਾਲ ਨੇ ਵੀ ਆਪਣੇ ਭਾਸ਼ਨ ਵਿਚ ਪੰਜਾਬ ਦੇ ਗੌਰਵਮਈ ਅਤੀਤ ਤੇ ਪੰਜਾਬੀਆਂ ਦੇ ਸਖ਼ਤ ਮਿਹਨਤੀ ਸੁਭਾਅ ਦਾ ਜ਼ਿਕਰ ਕਰਦਿਆਂ ਸੂਬੇ ਨੂੰ ਮੁੜ ਖੁਸ਼ਹਾਲ ਸੂਬਾ ਬਣਾਉਣ ਦੀ ਅਪੀਲ ਕੀਤੀ ਹੈ। ਪੰਜਾਬ ਦੇ ਲੋਕਾਂ ਵਿਚ ਕਿਉਂਕਿ ਦੇਸ਼ ਭਗਤੀ ਤੇ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ। ਇਸੇ ਲਈ ਪੰਜਾਬ ਦੇ ਲੋਕ ਖਾਸ ਕਰਕੇ ਪੇਂਡੂ ਲੋਕ, ਇਸ ਪੈਦਲ ਯਾਤਰਾ ਦਾ ਇਕਜੁੱਟ ਹੋ ਕੇ ਹਿੱਸਾ ਬਣ ਰਹੇ ਹਨ। ਅਜਿਹਾ ਇਸ ਲਈ ਵੀ ਹੋ ਸਕਦਾ ਹੈ ਕਿ ਨਸ਼ਿਆਂ ਦੀ ਸਮੱਸਿਆ ਦਾ ਬੁਰਾ ਪ੍ਰਭਾਵ ਭਾਵੇਂ ਸ਼ਹਿਰਾਂ ਤੇ ਪਿੰਡਾਂ ਦੋਹਾਂ ਥਾਵਾਂ 'ਤੇ ਇਕੋ ਜਿਹਾ ਮੌਜੂਦ ਹੈ, ਪਰ ਖੇਤੀ ਪ੍ਰਧਾਨ ਸੂਬੇ ਦੇ ਪਿੰਡਾਂ ਵਿਚ ਇਸ ਸਮੱਸਿਆ ਨੇ ਕੁਝ ਜ਼ਿਆਦਾ ਹੀ ਕਹਿਰ ਵਰਸਾਇਆ ਹੈ। ਸੂਬੇ ਦੇ ਪਿੰਡਾਂ 'ਚੋਂ ਇਸ ਸਮੱਸਿਆ ਦੀ ਜੜ੍ਹ ਪੁੱਟਣੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਇਸ ਕਾਰਨ ਖੇਤੀ ਧੰਦਾ ਵੀ ਪ੍ਰਭਾਵਿਤ ਹੋਇਆ ਹੈ।



ਅਸੀਂ ਸਮਝਦੇ ਹਾਂ ਕਿ ਪੰਜਾਬ ਨੂੰ ਖੁਸ਼ਹਾਲ ਤੇ ਪਹਿਲਾਂ ਜਿਹਾ ਸ਼ਾਨਾਂਮੱਤਾ ਬਣਾਉਣ ਲਈ ਜ਼ਰੂਰੀ ਹੈ ਕਿ ਨਸ਼ਿਆਂ ਵਿਰੁੱਧ ਕੋਈ ਵੀ ਮੁਹਿੰਮ ਚਾਹੇ ਉਹ ਸਰਕਾਰੀ ਧਿਰ ਵਲੋਂ ਹੋਵੇ ਜਾਂ ਰਾਜਪਾਲ ਜਾਂ ਕਿਸੇ ਹੋਰ ਧਿਰ ਦੀ ਹੋਵੇ, ਉਸ ਨੂੰ ਹਰੇਕ ਪੰਜਾਬੀ ਦਾ ਪੂਰਨ ਸਮਰਥਨ ਤੇ ਸਹਿਯੋਗ ਮਿਲਣਾ ਚਾਹੀਦਾ ਹੈ ਤਾਂ ਕਿ ਸੂਬੇ ਦੇ ਨੌਜਵਾਨ ਵਰਗ ਨੂੰ ਨਸ਼ਿਆਂ ਦੀ ਮਾਰ ਤੋਂ ਜਲਦੀ ਮੁਕਤ ਕਰਵਾਇਆ ਜਾ ਸਕੇ। ਅਜਿਹੀ ਹਾਲਤ ਵਿਚ ਅਸੀਂ ਸਮਝਦੇ ਹਾਂ ਕਿ ਰਾਜਪਾਲ ਦੀ ਇਸ ਪੈਦਲ ਯਾਤਰਾ ਨੂੰ ਸੱਚਮੁੱਚ ਸਭ ਵਰਗਾਂ ਦਾ ਸਮਰਥਨ ਮਿਲਣਾ ਚਾਹੀਦਾ ਹੈ। ਇਸ ਮੁਹਿੰਮ ਵਿਚ ਨਸ਼ਿਆਂ ਦੇ ਵਿਰੁੱਧ ਸਮੂਹਿਕ ਯਤਨਾਂ ਵਿਚ ਜੇਕਰ ਥੋੜ੍ਹੀ ਜਿਹੀ ਵੀ ਸਫਲਤਾ ਹਾਸਿਲ ਹੁੰਦੀ ਹੈ ਤਾਂ ਇਸ ਨੂੰ ਇਕ ਵੱਡੀ ਪ੍ਰਾਪਤੀ ਮੰਨਿਆ ਜਾ ਸਕਦਾ ਹੈ।

# BASRA
## Heating & Air Conditioning

CA LIC #

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਵੈਨਕੂਵਰ ਨਗਰਪਾਲਿਕਾ ਵਲੋਂ 'ਸਿੱਖ ਵਿਰਾਸਤੀ ਮਹੀਨਾ' ਮਨਾਉਣ ਦਾ ਐਲਾਨਨਾਮਾ ਜਾਰੀ



ਐਬਟਸਫੋਰਡ : ਕੈਨੇਡਾ ਦੇ ਮਹਾਂਨਗਰ ਵੈਨਕੂਵਰ ਦੀ ਨਗਰਪਾਲਿਕਾ ਵਲੋਂ 'ਸਿੱਖ ਵਿਰਾਸਤੀ ਮਹੀਨਾ' ਮਨਾਉਣ ਦਾ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਵੈਨਕੂਵਰ ਦੇ ਮੇਅਰ ਕਿਨ ਸਿਮ ਵਲੋਂ ਜਾਰੀ ਕੀਤੇ ਗਏ ਐਲਾਨਨਾਮੇ ਵਿਚ ਲਿਖਿਆ ਗਿਆ ਹੈ ਕਿ 19ਵੀਂ ਸਦੀ ਦੇ ਸ਼ੁਰੂ 'ਚ ਸਿੱਖ ਵੈਨਕੂਵਰ ਆਏ ਸਨ ਤੇ ਵੈਨਕੂਵਰ ਦੀ ਤਰੱਕੀ ਤੇ ਵਿਕਾਸ 'ਚ ਸਿੱਖ ਭਾਈਚਾਰੇ ਦਾ ਅਹਿਮ ਯੋਗਦਾਨ ਹੈ। ਮੇਅਰ ਕਿਨ ਸਿਮ ਨੇ ਕਿਹਾ ਕਿ ਵੈਨਕੂਵਰ ਨਗਰਪਾਲਿਕਾ ਵਲੋਂ 'ਸਿੱਖ ਵਿਰਾਸਤੀ ਮਹੀਨਾ' ਮਨਾਉਣ ਦਾ ਮਕਸਦ ਇਹ ਹੈ ਕਿ ਸਿੱਖ ਭਾਈਚਾਰੇ ਦੇ ਲੋਕ ਗ਼ੈਰ ਸਿੱਖਾਂ ਨੂੰ ਸਿੱਖ ਧਰਮ ਦੀ ਮਹਾਨਤਾ, ਸਿਧਾਂਤ ਅਤੇ ਪਰੰਪਰਾ ਬਾਰੇ ਗਿਆਨ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਵਿਰਾਸਤੀ ਮਹੀਨਾ ਦਾ ਐਲਾਨਨਾਮਾ ਜਾਰੀ ਕਰ ਕੇ ਮੈਨੂੰ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ। ਇਸ ਮੌਕੇ ਸਿਟੀ ਕੌਂਸਲਰ, ਮਾਈਕ ਕਲਾਸੀਨ, ਪੀਟਰ ਮੀਸਜ਼ਨਰ, ਬਰਾਇਨ ਮੌਂਟੈਗ, ਲੇਨੀ ਜੂ, ਰਿਬੈਕਾ ਬਲਿਗ, ਪਾਰਕ ਬੋਰਡ ਦੇ ਕਮਿਸ਼ਨਰ ਜੈਸ ਵਿਰਦੀ, ਸੋਹਣ ਸਿੰਘ ਦਿਓ, ਕਸ਼ਮੀਰ ਸਿੰਘ ਧਾਲੀਵਾਲ, ਜਗਦੀਪ ਸਿੰਘ ਸੰਘੇੜਾ, ਹਰਜਿੰਦਰ ਸਿੰਘ ਸੋਹੀ, ਸਰੂਪ ਮਾਨ, ਅਮਰ ਰੰਧਾਵਾ ਤੇ ਹੋਰ ਪਤਵੰਤੇ ਹਾਜ਼ਰ ਸਨ।

# ਸਿੱਖ ਗੁਰਦੁਆਰਾ ਐਕਟ 1925 ਦੀ 100 ਸਾਲਾ ਵਰ੍ਹੇਗੰਢ ਸੰਬੰਧੀ ਕਾਨਫ਼ਰੰਸ 26 ਨੂੰ

ਲੰਡਨ : ਸਿੱਖ ਐਜੂਕੇਸ਼ਨ ਕੌਂਸਲ ਵਲੋਂ ਬਰਮਿੰਘਮ 'ਚ 26 ਅਪ੍ਰੈਲ ਨੂੰ ਸਿੱਖ ਗੁਰਦੁਆਰਾ ਐਕਟ 1925 ਦੀ 100 ਸਾਲਾ ਵਰ੍ਹੇਗੰਢ ਦੇ ਸੰਬੰਧ 'ਚ ਗੁਰਦੁਆਰਾ ਈਸ਼ਰ ਦਰਬਾਰ ਵੁਲਵਰਹੈਂਪਟਨ ਵਿਖੇ ਇਕ ਕਾਨਫ਼ਰੰਸ ਕਰਵਾਈ ਜਾ ਰਹੀ ਹੈ, ਜਿਸ 'ਚ ਪਿਛਲੇ 100 ਸਾਲਾ ਦੌਰਾਨ ਸਮੇਂ-ਸਮੇਂ 'ਤੇ ਆਈਆਂ ਤਬਦੀਲੀਆਂ, ਚਣੌਤੀਆਂ ਅਤੇ ਪ੍ਰਾਪਤੀਆਂ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਦੌਰਾਨ ਵੱਖ-ਵੱਖ ਵਿਦਵਾਨਾਂ ਵਲੋਂ ਖੋਜ ਭਰਪੂਰ ਪਰਚੇ ਪੜ੍ਹੇ ਜਾਣਗੇ, ਜਿਨ੍ਹਾਂ 'ਚ ਡਾ. ਪਰਮਜੀਤ ਸਿੰਘ ਮਾਨਸਾ ਦਾ ਪਰਚਾ 'ਉਦਾਸੀ ਅਤੇ ਨਿਰਮਲ ਸੰਪ੍ਰਦਾਇ ਦੀ ਸਿੱਖ ਇਤਿਹਾਸ ਨੂੰ ਦੇਣ' ਬਲਵਿੰਦਰ ਸਿੰਘ ਚਾਹਲ ਪੇਸ਼ ਕਰਨਗੇ। ਅਵਤਾਰ ਸਿੰਘ ਵਲੋਂ 'ਸਿੱਖ ਗੁਰਦੁਆਰਾ ਐਕਟ 1925 ਸਿੱਖ ਕੌਮੀ ਪਛਾਣ ਤੇ ਪ੍ਰਭਾਵ', ਡਾ.. ਸੁਜਿੰਦਰ ਸਿੰਘ ਸੰਘਾ ਵਲੋਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 100 ਸਾਲ-ਮੌਕੇ ਅਤੇ ਚਣੌਤੀਆਂ', ਡਾ. ਜਸਦੇਵ ਸਿੰਘ ਰਾਏ ਵਲੋਂ 'ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਿਯੁਕਤੀ', ਡਾ. ਪਰਗਟ ਸਿੰਘ, ਹਰਮੀਤ ਸਿੰਘ ਤੇ ਗੁਰਸਿਮਰਨ ਸਿੰਘ ਬਾਜਵਾ ਵਲੋਂ ਸਾਂਝੇ ਤੌਰ 'ਤੇ 'ਗੁਰਦੁਆਰਾ ਪ੍ਰਬੰਧ ਅੰਤਰਰਾਸ਼ਟਰੀ ਸੰਦਰਭ' ਅਤੇ ਡਾ. ਪਰਗਟ ਸਿੰਘ ਅਤੇ ਕੁਲਵੰਤ ਸਿੰਘ ਭਿੰਡਰ ਵਲੋਂ 'ਮਰਿਆਦਾ-ਸਿੱਖ ਪੰਥ ਅਤੇ ਖ਼ਾਲਸਾ ਪੰਥ' ਆਦਿ ਪਰਚੇ ਪੇਸ਼ ਕੀਤੇ ਜਾਣਗੇ। ਇਸ ਸਮੁੱਚੀ ਕਾਨਫ਼ਰੰਸ 'ਚ ਇੰਗਲੈਂਡ ਭਰ ਤੋਂ ਬੁੱਧੀਜੀਵੀ ਵਰਗ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਹੋਰ ਲੋਕ ਭਾਗ ਲੈ ਰਹੇ ਹਨ।

# ਸਿੱਖ ਹੈਰੀਟੇਜ ਬੀ. ਸੀ. ਵਲੋਂ ਪੱਤਰਕਾਰ ਸਰਬਰਾਜ ਕਾਹਲੋਂ ਦਾ ਸਨਮਾਨ



ਸਰੀ : ਸਿੱਖ ਹੈਰੀਟੇਜ ਬੀ. ਸੀ. ਵਲੋਂ ਪੱਤਰਕਾਰ ਸਰਬਰਾਜ ਕਾਹਲੋਂ ਨੂੰ 'ਚੇਂਜਮੇਕਰ 2025' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਤੋਂ ਇਲਾਵਾ ਇਹ ਐਵਾਰਡ ਹਾਸਲ ਕਰਨ ਵਾਲਿਆਂ 'ਚ ਸੈਨੇਟਰ ਬਲਤੇਜ ਸਿੰਘ ਢਿੱਲੋਂ ਅਤੇ ਪੱਤਰਕਾਰ ਤਰੰਨਮ ਥਿੰਦ ਸ਼ਾਮਿਲ ਹਨ। ਸਿੱਖ ਹੈਰੀਟੇਜ ਆਫ਼ ਬੀ. ਸੀ. ਦੇ 8ਵੇਂ ਸਾਲਾਨਾ ਸਮਾਗਮ ਦੌਰਾਨ ਸਰੀ ਸਿਟੀ ਹਾਲ 'ਚ ਰੱਖੇ ਪ੍ਰੋਗਰਾਮ ਮੌਕੇ ਐਵਾਰਡ ਦੇਣ ਲਈ ਸੰਸਦ ਮੈਂਬਰ ਸੁੱਖ ਧਾਲੀਵਾਲ, ਸੰਸਦ ਮੈਂਬਰ ਰਣਦੀਪ ਸਰਾਏ, ਵਿਧਾਇਕ ਅਤੇ ਕੌਂਸਲਰ ਹਾਜ਼ਰ ਸਨ। ਦੱਸਣਯੋਗ ਹੈ ਕਿ ਕੈਨੇਡਾ 'ਚ ਅਪ੍ਰੈਲ ਮਹੀਨਾ ਸਿੱਖ ਵਿਰਾਸਤ ਮਹੀਨੇ ਵਜੋਂ ਮਨਾਇਆ ਜਾਂਦਾ ਹੈ ਅਤੇ ਸਿੱਖ ਵਿਰਸੇ ਨੂੰ ਸਮਰਪਿਤ ਸਿੱਖ ਹੈਰੀਟੇਜ ਬੀ. ਸੀ. ਸੰਸਥਾ ਹਰ ਸਾਲ ਸਿੱਖ ਸ਼ਖ਼ਸੀਅਤਾਂ ਨੂੰ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਸਨਮਾਨਿਤ ਕਰਦੀ ਹੈ।

# ਕੈਨੇਡਾ ਚੋਣਾਂ-ਭਾਰਤੀ ਮੂਲ ਦੇ 3 ਦਰਜਨ ਉਮੀਦਵਾਰ ਮੈਦਾਨ 'ਚ

ਟੋਰਾਂਟੋ : ਕੈਨੇਡਾ ਵਿਚ ਸੰਸਦੀ ਚੋਣਾਂ ਲਈ ਚੋਣ ਪ੍ਰਚਾਰ ਦੂਸਰੇ ਹਫਤੇ ਜਾਰੀ ਹੈ ਤੇ ਵੋਟਾਂ 28 ਅਪ੍ਰੈਲ ਨੂੰ ਹਨ ਪਰ ਇਸੇ ਦੌਰਾਨ ਬੀਤੇ ਸਮੇਂ ਵਿਚ ਦਿੱਤੇ ਆਪਣੇ ਬਿਆਨਾਂ 'ਤੇ ਸੋਸ਼ਲ ਮੀਡੀਆ ਰਾਹੀਂ ਕੀਤੀਆਂ ਵਿਵਾਦਤ ਟਿੱਪਣੀਆਂ ਕਾਰਨ ਕੁਝ ਉਮੀਦਵਾਰਾਂ ਨੂੰ ਉਨ੍ਹਾਂ ਦੀਆਂ ਪਾਰਟੀਆਂ ਵਲੋਂ ਕੱਢਿਆ ਜਾ ਰਿਹਾ ਹੈ। ਬੀਤੇ ਦਿਨਾਂ ਵਿਚ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਤੇ ਲਿਬਰਲ ਪਾਰਟੀ ਵਲੋਂ ਆਪਣੇ ਪਹਿਲਾਂ ਤੋਂ ਐਲਾਨੇ ਹੋਏ ਅੱਧੀ ਦਰਜਣ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚੋਂ ਹਟਾਇਆ ਗਿਆ ਹੈ ਜਿਨ੍ਹਾਂ ਵਿਚ ਭਾਰਤੀ ਮੂਲ ਦੇ ਉਮੀਦਵਾਰ ਸ਼ਾਮਿਲ ਹਨ। ਟੋਰਾਂਟੋ ਦੇ ਹਲਕੇ ਈਟਬੀਕੋ ਨਾਰਥ ਤੋਂ ਡੌਨ ਪਟੇਲ ਨੂੰ ਕੰਜ਼ਰਵੇਟਿਵ ਪਾਰਟੀ ਨੇ ਬੀਤੇ ਦਿਨੀਂ ਚੋਣ ਮੈਦਾਨ ਵਿਚੋਂ ਹਟਾਇਆ ਹੈ ਜਿਨ੍ਹਾਂ ਬਾਰੇ ਪਤਾ ਲੱਗਾ ਕਿ ਉਨ੍ਹਾਂ ਦੀ ਸੋਸ਼ਲ ਮੀਡੀਆ ਰਾਹੀਂ (ਖਾਲਿਸਤਾਨੀਆਂ ਬਾਰੇ) ਕੀਤੀ ਟਿੱਪਣੀ ਨੂੰ ਇਤਰਾਜ਼ਯੋਗ ਮੰਨਿਆ ਗਿਆ ਹੈ ਜਿਸ ਵਿਚ ਉਨ੍ਹਾਂ ਆਖਿਆ ਸੀ ਕਿ ਕੁਝ ਲੋਕਾਂ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਜਾਣਾ ਚਾਹੀਦਾ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਉਨ੍ਹਾਂ ਨਾਲ ਸਿੱਝਿਆ ਜਾਣਾ ਚਾਹੀਦਾ ਹੈ। ਕੰਜ਼ਰਵੇਟਿਵ ਪਾਰਟੀ ਦੇ ਬੁਲਾਰੇ ਨੇ ਬੀਤੇ ਦਿਨੀਂ ਲਿਖਤੀ ਤੌਰ 'ਤੇ ਦੱਸਿਆ ਕਿ ਈਟੋਬੀਕੋ ਨਾਰਥ ਹਲਕੇ ਦਾ ਉਮੀਦਵਾਰ ਹੁਣ ਪਾਰਟੀ ਦਾ ਉਮੀਦਵਾਰ ਨਹੀਂ ਹੈ ਕਿਉਂਕਿ ਕੈਨੇਡੀਅਨ ਨਾਗਰਿਕਾਂ ਦੀ ਸੁਰੱਖਿਆ ਵਾਸਤੇ ਪਾਰਟੀ ਸੁਹਿਰਦ ਹੈ। ਕੰਜ਼ਰਵੇਟਿਵ ਪਾਰਟੀ ਵਲੋਂ




ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਐਵ ਨਾਲ ਡੌਨ ਪਟੇਲ।

ਬਰੈਂਪਟਨ-ਪੂਰਬੀ ਹਲਕੇ ਤੋਂ ਉਮੀਦਵਾਰ ਨਾ ਬਣਾਏ ਜਾਣ ਤੋਂ ਬਾਅਦ ਨਰਾਜ਼ ਹੋ ਕੇ ਹੁਣ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਬਣੇ ਜੈੱਫ ਲਾਲ ਨੇ ਇਸ ਮੌਕੇ 'ਤੇ ਕਿਹਾ ਕਿ ਹਿੰਦੂ ਉਮੀਦਵਾਰਾਂ ਨਾਲ ਵਿਤਕਰਾ ਹੋ ਰਿਹਾ ਹੈ। ਭਾਰਤ ਸਰਕਾਰ ਨਾਲ ਨੇੜਤਾ ਦੇ ਖਦਸ਼ੇ ਕਾਰਨ ਲਿਬਰਲ ਪਾਰਟੀ ਵਲੋਂ ਬੀਤੇ ਦਿਨੀਂ ਓਟਾਵਾ ਨੇੜੇ ਨਿਪੀਅਨ ਹਲਕੇ ਤੋਂ 2015 ਤੋਂ ਸੰਸਦ ਮੈਂਬਰ ਚੰਦਰਾ ਆਰੀਆ ਨੂੰ ਵੀ ਉਮੀਦਵਾਰੀ ਤੋਂ ਨਾਂਹ ਕਰ ਦਿੱਤੀ ਗਈ ਸੀ ਜਿੱਥੋਂ ਬੀਤੀ 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਆਪ ਲਿਬਰਲ ਪਾਰਟੀ ਵਲੋਂ ਚੋਣ ਲੜ ਰਹੇ ਹਨ। ਮੰਗਲਵਾਰ ਨੂੰ ਬ੍ਰਿਟਿਸ਼ ਕੋਲੰਬੀਆ ਦੇ ਹਲਕੇ ਨਿਊ ਵੈਸਟਮਿੰਸਟਰ-ਬਰਨਬੀ-ਮੇਲ੍ਹਡਵਿੱਲ ਤੋਂ ਕੰਜ਼ਰਵੇਟਿਵ ਲਾਰੇਂਸ ਸਿੰਘ ਨੂੰ ਵੀ ਆਪਣੇ ਪਿਛੋਕੜ ਕਾਰਨ ਚੋਣ ਮੈਦਾਨ ਛੱਡਣਾ ਪਿਆ। ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਮੌਤ ਦੀ ਸਜ਼ਾ ਦੀ ਮੰਗ ਕਰਨ ਵਾਲੇ ਬਿਆਨ ਕਾਰਨ ਵਿੰਡਸਰ (ਉਂਟਾਰੀਓ) ਤੋਂ ਸਿਟੀ ਕੌਂਸਲਰ ਮਾਰਕ ਮਕੈਂਜੀ ਨੂੰ ਕੰਜ਼ਰਵੇਟਿਵ ਪਾਰਟੀ ਨੇ ਬਾਹਰ ਦਾ ਰਸਤਾ ਦਿਖਾਇਆ ਹੈ ਤੇ ਉਸਦੀ ਉਮੀਦਵਾਰੀ ਰੱਦ ਕੀਤੀ ਹੈ। ਚੀਨੀ ਮੂਲ ਦੇ ਮਾਰਖਮ ਯੂਨੀਅਨਵਿੱਲ ਹਲਕੇ ਤੋਂ ਲਿਬਰਲ ਸੰਸਦ ਮੈਂਬਰ ਪਾਲ ਚਾਂਗ ਨੂੰ ਚੀਨੀ ਦੂਤਾਵਾਸ ਨਾਲ ਨੇੜਤਾ ਦੇ ਚੱਲਦਿਆਂ ਵਿਵਾਦਤ ਬਿਆਨ ਦੇਣ ਕਰਕੇ ਬੀਤੇ ਸੋਮਵਾਰ ਨੂੰ ਚੋਣ ਮੈਦਾਨ ਵਿਚ ਪਾਸੇ ਹੋਣਾ ਪਿਆ। ਕੈਲਗਰੀ-ਕੰਫੈਡਰੇਸ਼ਨ ਹਲਕੇ ਤੋਂ ਲਿਬਰਲ ਉਮੀਦਵਾਰ ਥਾਮਸ ਕੀਪਰ ਨੂੰ ਵੀ ਉਸ ਖਿਲਾਫ ਪਏ ਘਰੇਲੂ ਝਗੜੇ ਦੇ ਪੁਲਿਸ ਕੇਸ ਬਾਰੇ ਪਾਰਟੀ ਨੂੰ ਨਾ ਦੱਸਣ ਕਰਕੇ ਉਮੀਦਵਾਰੀ ਤੋਂ ਹੱਥ ਧੋਣੇ ਪਏ ਹਨ। ਇਸੇ ਦੌਰਾਨ 45ਵੀਂ ਸੰਸਦ ਦੀ ਚੋਣ ਵਾਸਤੇ ਦੇਸ਼ ਦੇ ਸਾਰੇ 343 ਹਲਕਿਆਂ ਵਿਚ ਚੋਣ ਮੈਦਾਨ ਭਖ ਰਿਹਾ ਹੈ ਤੇ ਉਮੀਦਵਾਰ ਇਲੈਕਸ਼ਨਜ਼ ਕੈਨੇਡਾ (ਚੋਣ ਕਮਿਸ਼ਨ) ਕੋਲ ਆਪਣੇ ਪੇਪਰ ਭਰ ਰਹੇ ਹਨ। ਭਾਰਤੀ ਮੂਲ ਦੇ ਤਿੰਨ ਦਰਜਣ ਦੇ ਕਰੀਬ ਉਮੀਦਵਾਰ ਚੋਣ ਮੈਦਾਨ ਵਿਚ ਹਨ ਜਿਨ੍ਹਾਂ ਵਿਚ ਅੱਧੇ ਤੋਂ ਵੱਧ ਕੰਜ਼ਰਵੇਟਿਵ ਪਾਰਟੀ ਦੇ ਹਨ। ਲਿਬਰਲ ਪਾਰਟੀ ਦੇ 16, ਨਿਊ ਡੈਮੋਕਰੇਟਿਕ ਪਾਰਟੀ ਦੇ 10, ਗਰੀਨ ਪਾਰਟੀ ਦੇ 4 ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ 8 ਭਾਰਤੀ ਮੂਲ ਦੇ ਉਮੀਦਵਾਰ ਚੋਣ ਮੈਦਾਨ ਵਿਚ ਡਟੇ ਹੋਏ ਹਨ। ਜਿਨ੍ਹਾਂ ਦੇ ਸਭ ਤੋਂ ਵੱਧ ਫਸਵੇਂ ਮੁਕਾਬਲੇ ਬਰੈਂਪਟਨ, ਮਿਸੀਸਾਗਾ, ਕੈਲੇਡਨ, ਸਰੀ, ਕੈਲਗਰੀ ਤੇ ਐਡਮਿੰਟਨ ਦੇ ਕੁਝ ਹਲਕਿਆਂ ਵਿਚ ਹੋਣ ਦੀ ਸੰਭਾਵਨਾ ਹੈ।

# ਢਿੱਲੋਂ, ਥਿੰਦ ਤੇ ਕਾਹਲੋਂ ਨੂੰ ਮਿਲਿਆ ਚੇਂਜ ਮੇਕਰਜ਼ 2025 ਐਵਾਰਡ

ਐਬਟਸਫੋਰਡ : ਸਿੱਖ ਹੈਰੀਟੇਜ ਸੁਸਾਇਟੀ ਬ੍ਰਿਟਿਸ਼ ਕੋਲੰਬੀਆ ਵਲੋਂ ਬਲਤੇਜ ਸਿੰਘ ਢਿੱਲੋਂ, ਤਰੰਨੁਮ ਥਿੰਦ ਤੇ ਸਰਬਰਾਜ ਸਿੰਘ ਕਾਹਲੋਂ ਨੂੰ ਚੇਂਜ ਮੇਕਰਜ਼ 2025 ਅਵਾਰਡ ਦੇ ਕੇ ਨਿਵਾਜਿਆ ਗਿਆ ਹੈ। ਸਿੱਖ ਹੈਰੀਟੇਜ ਸੁਸਾਇਟੀ ਵਲੋਂ ਅਪ੍ਰੈਲ 'ਚ ਮਨਾਏ ਜਾਂਦੇ ਵਿਰਾਸਤੀ ਸਿੱਖ ਮਹੀਨਾ ਮੌਕੇ ਇਹ ਵਕਾਰੀ ਸਨਮਾਨ ਉਨ੍ਹਾਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ ਜਿੰਨਾਂ ਨੇ ਆਪੋ-ਆਪਣੇ ਖੇਤਰ 'ਚ ਭਾਈਚਾਰੇ ਲਈ ਅਹਿਮ ਯੋਗਦਾਨ ਪਾਇਆ ਹੋਵੇ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਪੱਖੋਵਾਲ ਨਾਲ ਸੰਬੰਧਿਤ ਬਲਤੇਜ ਸਿੰਘ ਢਿੱਲੋਂ ਨੂੰ ਕੈਨੇਡਾ ਦਾ ਪਹਿਲਾ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਹੋਣ ਦਾ ਮਾਣ ਪ੍ਰਾਪਤ ਹੈ ਤੇ ਹੁਣ ਉਹ ਕੈਨੇਡਾ ਦੇ ਸੈਨੇਟਰ ਹਨ। ਵੈਨਕੂਵਰ ਦੇ ਨਾਮਵਰ ਮੀਡੀਆ ਸ਼ਖ਼ਸੀਅਤ



ਰਹੇ ਸਵ. ਰਮਿੰਦਰ ਸਿੰਘ ਥਿੰਦ ਦੀ ਧੀ ਤਰੰਨੁਮ ਥਿੰਦ ਚਰਚਿਤ ਪੋਡਕਾਸਟ ਪ੍ਰੋਗਰਾਮ 'ਚਾਹ ਵਿਦ ਟੀ' ਦੀ ਪ੍ਰੋਡਿਊਸਰ ਤੇ ਹੋਸਟ ਹੈ ਤੇ ਉਹ ਬ੍ਰਿਟਿਸ਼ ਕੋਲੰਬੀਆ ਪਬਲਿਕ ਸਰਵਿਸ ਨਾਲ ਕਮਿਊਨੀਕੇਸ਼ਨਜ਼ ਸਪੈਸ਼ਲਿਸਟ ਦੀਆਂ ਸੇਵਾਵਾਂ ਵੀ ਨਿਭਾਉਂਦੀ ਹੈ ਤੇ ਜੀ.ਟੀ.ਵੀ. ਦੀ ਰਿਪੋਰਟਰ ਰਹਿ ਚੁੱਕੀ ਹੈ। ਸਰਬਰਾਜ ਸਿੰਘ ਕਾਹਲੋਂ ਵੈਨਕੂਵਰ ਤੋਂ ਪ੍ਰਸਾਰਿਤ ਹੁੰਦੇ ਓਮਨੀ ਟੀ.ਵੀ. ਤੇ ਰੇਡੀਓ ਪੰਜਾਬ ਦੇ ਰਿਪੋਰਟਰ ਹਨ ਅਤੇ ਸ਼ੇਰ-ਏ-ਪੰਜਾਬ ਰੇਡੀਓ ਦੇ ਨਿਊਜ਼ ਪ੍ਰੋਡਿਊਸਰ ਰਹਿ ਚੁੱਕੇ ਹਨ।

# ਕੈਲਗਰੀ ਵਾਸੀ ਪ੍ਰਸਿੱਧ ਕਵੀ ਅਤੇ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਕੇਸਰ ਸਿੰਘ ਨੀਰ ਨਹੀਂ ਰਹੇ

ਕੈਲਗਰੀ : ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸਨਮਾਨ ਪ੍ਰਾਪਤ ਪ੍ਰਸਿੱਧ ਪੰਜਾਬੀ ਗ਼ਜ਼ਲਗੋ ਅਤੇ ਸਾਹਿਤਕਾਰ ਕੇਸਰ ਸਿੰਘ ਨੀਰ ਅੱਜ ਕੈਲਗਰੀ ਵਿਖੇ ਆਪਣੀ 92 ਸਾਲਾਂ ਦੀ ਉਮਰ ਭੋਗਦੇ ਹੋਏ ਸੰਸਾਰ ਨੂੰ ਅਲਵਿਦਾ ਕਹਿ ਗਏ। ਸੰਨ 1933 ਨੂੰ ਜਨਮੇ ਕੇਸਰ ਸਿੰਘ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਛਜਾਵਾਲ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਦੋਸਤਾਂ ਦੇ ਦੱਸਣ ਮੁਤਾਬਕ ਨੀਰ ਨੂੰ ਸਕੂਲ ਸਮੇਂ ਤੋਂ ਹੀ ਕਵਿਤਾਵਾਂ ਲਿਖਣ ਦਾ ਸ਼ੌਕ ਸੀ। ਪੰਜਾਬ ਰਹਿੰਦੇ ਹੋਏ ਉਹ ਸਾਹਿਤ ਸਭਾ ਜਗਰਾਓਂ ਦੇ ਮੋਢੀ ਮੈਂਬਰ ਹੁੰਦੇ ਹੋਏ ਸਰਗਰਮ ਰਹੇ। ਉਨ੍ਹਾਂ ਕੇਂਦਰੀ ਪੰਜਾਬੀ ਲੇਖਕ ਸਭਾ ਵਿਚ ਵੀ ਆਪਣਾ ਕਾਫੀ ਯੋਗਦਾਨ ਪਾਇਆ। ਵੀਹਵੀਂ ਸਦੀ ਦੇ ਆਖਰੀ ਦਹਾਕੇ ਉਹ ਕੈਨੇਡਾ ਦੇ ਸ਼ਹਿਰ ਕੈਲਗਰੀ ਆ ਗਏ। ਇਥੇ ਵੀ ਸਾਹਿਤਕ ਗਤੀਵਿਧੀਆਂ ਵਿਚ ਸਰਗਰਮ ਰਹਿੰਦਿਆਂ ਆਪਣਾ ਵਧੀਆ ਜੀਵਨ ਬਸਰ ਕੀਤਾ। ਉਨ੍ਹਾਂ ਅਰਪਨ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਈਆ।



ਉਨ੍ਹਾਂ ਨੇ ਦਰਜਨ ਤੋਂ ਵਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਜਿਨ੍ਹਾਂ ਵਿਚੋਂ ਕਾਵਿ ਸੰਗ੍ਰਹਿ ਕਸਕਾਂ (1960), ਗ਼ਮ ਨਹੀਂ (1981), ਗ਼ਜ਼ਲ ਸੰਗ੍ਰਹਿ ਕਿਰਣਾਂ ਦੇ ਬੋਲ (1989) ਅਣਵਗੇ ਅੱਥਰੂ (1996), ਕਾਵਿ ਸੰਗ੍ਰਹਿ ਆਰ ਦੀਆਂ ਤੇ ਪਾਰ ਦੀਆਂ (2010) ਅਤੇ ਮਹਿਕਾਂ ਦੀ ਪੀੜ ਗ਼ਜ਼ਲ ਸੰਗ੍ਰਹਿ ਪ੍ਰਮੁੱਖ ਹਨ। ਉਨ੍ਹਾਂ ਬਾਲ ਪੁਸਤਕਾਂ ਗਾਉਂਦੇ ਬਾਲ, ਝਿਲਮਿਲ ਝਿਲਮਿਲ ਤਾਰੇ, ਫੁੱਲ ਰੰਗ ਬਿਰੰਗੇ, ਮਿੱਠੀਆਂ ਮੁਸਕਾਨਾਂ ਰਾਹੀਂ ਬਾਲ ਸਾਹਿਤ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਉਨ੍ਹਾਂ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਵਲੋਂ ਵੱਖ-ਵੱਖ ਸਮੇਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਣ ਕਰ ਕੇ ਅਧਿਆਪਕ ਵਜੋਂ ਵੀ ਸੇਵਾਵਾਂ ਨਿਭਾਈਆਂ। ਉਹ ਅਧਿਆਪਕ ਸੰਘਰਸ਼ ਵਿਚ ਵੀ ਪੂਰੇ ਸਰਗਰਮ ਰਹੇ ਅਤੇ ਸੰਘਰਸ਼ ਸਮੇਂ ਜੇਲ੍ਹ ਵੀ ਜਾਣਾ ਪਿਆ। ਉਹ ਪ੍ਰਿੰ. ਤਖ਼ਤ ਸਿੰਘ ਦੇ ਗ਼ਜ਼ਲ ਸਕੂਲ ਦੇ ਪ੍ਰਸਿੱਧ ਗ਼ਜ਼ਲਗੋ ਸਨ। ਅਜੇ ਪਿਛਲੇ ਸਾਲ ਹੀ ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ ਨਵੀਂ ਪਿਰਤ ਪਾਉਂਦਿਆਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਉਹ ਆਪਣੇ ਪਿੱਛੇ 4 ਬੇਟੀਆਂ ਅਤੇ 2 ਬੇਟੇ ਛੱਡ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਸਾਹਿਤਕ ਅਦਾਰੇ ਅਤੇ ਲੇਖਕਾਂ ਵਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ ਹੈ।

# ਪਾਕਿਸਤਾਨ ਨੇ 1200 ਤੋਂ ਵੱਧ ਅ.ਫਗਾਨੀ ਹਿਰਾਸਤ 'ਚ ਲਏ

## 8,74,282 ਅ.ਫਗਾਨੀਆਂ ਨੂੰ ਵਾਪਸ ਭੇਜਿਆ ਉਨ੍ਹਾਂ ਦੇ ਮੁਲਕ




ਅੰਮ੍ਰਿਤਸਰ : ਪਾਕਿਸਤਾਨ 'ਚ ਪਿਛਲੇ 24 ਘੰਟਿਆਂ 'ਚ 1200 ਤੋਂ ਵੱਧ ਅਫ਼ਗਾਨ ਨਾਗਰਿਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਇਕੱਲੇ ਕਰਾਚੀ ਸ਼ਹਿਰ 'ਚ ਲਗਭਗ 300 ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਅਫ਼ਗਾਨੀਆਂ ਨੂੰ ਉਨ੍ਹਾਂ ਦੇ ਦੇਸ਼ ਭੇਜਣ ਦੀ ਮੁਹਿੰਮ ਦੇ ਚਲਦਿਆਂ ਹਿਰਾਸਤ 'ਚ ਲਿਆ ਗਿਆ। ਕਰਾਚੀ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਸਈਦ ਅਸਦ ਰਜ਼ਾ ਨੇ ਕਿਹਾ ਕਿ ਹਿਰਾਸਤ 'ਚ ਲਏ ਗਏ ਅਫ਼ਗਾਨ ਨਾਗਰਿਕਾਂ ਕੋਲ ਅਫ਼ਗਾਨ ਨਾਗਰਿਕਤਾ ਕਾਰਡ (ਏ. ਸੀ. ਸੀ.) ਹਨ, ਜਿਨ੍ਹਾਂ ਦੀ ਵੈਧਤਾ ਜਲਦੀ ਹੀ ਖ਼ਤਮ ਹੋਣ ਵਾਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਾਕਿ ਦੇ ਵੱਖ-ਵੱਖ ਸ਼ਹਿਰਾਂ 'ਚ ਰੋਜ਼ਾਨਾ ਤਲਾਸ਼ੀ ਲਈ ਜਾ ਰਹੀ ਹੈ ਅਤੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਅਫ਼ਗਾਨ ਨਾਗਰਿਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਸਰਕਾਰ ਦੇ ਫ਼ੈਸਲੇ ਨੂੰ ਲਾਗੂ ਕਰਨ ਲਈ ਉਨ੍ਹਾਂ ਨੂੰ ਹਿਰਾਸਤ 'ਚ ਲਿਆ ਜਾ ਰਿਹਾ ਹੈ। ਇਸ ਮੁਹਿੰਮ ਦੌਰਾਨ ਪਿਛਲੇ 6 ਦਿਨਾਂ 'ਚ ਕਰੀਬ 16,138 ਲੋਕਾਂ ਨੂੰ ਅਫ਼ਗਾਨਿਸਤਾਨ ਭੇਜਣ ਲਈ ਤੋਰਖਮ ਸਰਹੱਦ 'ਤੇ ਸਥਾਪਿਤ ਕੈਂਪਾਂ 'ਚ ਭੇਜਿਆ ਗਿਆ, ਜਿਨ੍ਹਾਂ 'ਚੋਂ 500 ਤੋਂ ਵਧੇਰੇ ਪਰਿਵਾਰ ਵਾਪਸ ਚਲੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਖ਼ੈਬਰ ਪਖਤੂਨਖਵਾ ਸੂਬਾਈ ਸਰਕਾਰ ਨੇ ਵੀ ਅਫ਼ਗਾਨ ਨਾਗਰਿਕਾਂ ਨੂੰ ਅਫ਼ਗਾਨਿਸਤਾਨ ਵਾਪਸ ਭੇਜਣ ਦੀ ਪਾਕਿ ਸਰਕਾਰ ਦੀ ਨੀਤੀ ਅਨੁਸਾਰ ਉਨ੍ਹਾਂ ਦੀ ਮੈਪਿੰਗ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਮੁਤਾਬਿਕ 1978 ਤੋਂ ਅਫ਼ਗਾਨਿਸਤਾਨ 'ਤੇ ਰੂਸੀ ਹਮਲਿਆਂ ਦੌਰਾਨ ਹਜ਼ਾਰਾਂ ਅਫ਼ਗਾਨ ਸੂਬਾਈ ਰਾਜਧਾਨੀ ਪਿਸ਼ਾਵਰ 'ਚ ਰਹਿ ਰਹੇ ਹਨ। ਖ਼ੈਬਰ ਪਖਤੂਨਖਵਾ ਸਰਕਾਰ ਨੇ ਅਫ਼ਗਾਨਾਂ ਦੇ ਟਿਕਾਣਿਆਂ ਦਾ ਨਕਸ਼ਾ ਬਣਾਉਣ ਅਤੇ ਡਾਟਾ ਇਕੱਠਾ ਕਰਨ ਲਈ ਪੁਲਿਸ ਨੂੰ ਤਾਇਨਾਤ ਕੀਤਾ ਹੈ ਤੇ ਇਸ ਹਫ਼ਤੇ ਦੇ ਅੰਦਰ 160,000 ਅਫ਼ਗਾਨ ਨਾਗਰਿਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਜਲਦੀ ਵਾਪਸ ਭੇਜਿਆ ਜਾਣਾ ਹੈ। ਵੱਖ-ਵੱਖ ਜ਼ਿਲ੍ਹਿਆਂ 'ਚ ਮੈਪਿੰਗ ਲਈ ਸੈਂਕੜੇ ਟੀਮਾਂ ਬਣਾਈਆਂ ਗਈਆਂ ਸਨ। ਅਜੇ ਤੱਕ 8,74,282 ਅਫ਼ਗਾਨੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜਿਆ ਜਾ ਚੁੱਕਾ ਹੈ ਅਤੇ 7 ਲੱਖ ਤੋਂ ਵੱਧ ਹੋਰ ਅਫ਼ਗਾਨਾਂ ਨੂੰ ਉਨ੍ਹਾਂ ਦੇ ਮੁਲਕ ਭੇਜਿਆ ਜਾਣਾ ਹੈ।

# ਚੋਣਾਂ ਮੌਕੇ ਹਿੰਦੂਆਂ ਦੀ ਆਈ ਯਾਦ, ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਪਹੁੰਚੇ ਮੰਦਰ



ਟੋਰਾਂਟੋ: ਕੈਨੇਡਾ ਵਿਚ ਇਸ ਮਹੀਨੇ ਸੰਸਦੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੌਰਾਨ ਰਾਜਨੀਤਿਕ ਪਾਰਟੀਆਂ ਹਿੰਦੂ ਭਾਈਚਾਰੇ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੀ ਮੌਕਾ ਸਾਂਭਦੇ ਹੋਏ ਮੰਦਰਾਂ ਵਿਚ ਜਾ ਕੇ ਹਿੰਦੂ ਵੋਟਾਂ ਪ੍ਰਾਪਤ ਕਰਨ ਲਈ ਪ੍ਰਚਾਰ ਕਰ ਰਹੇ ਹਨ। ਸ਼ਨੀਵਾਰ ਨੂੰ ਰਾਮ ਨੌਮੀ ਦੇ ਤਿਉਹਾਰ ਮੌਕੇ ਮਾਰਕ ਕਾਰਨੀ ਟੋਰਾਂਟੋ ਵਿਚ BAPS ਸ਼੍ਰੀ ਸਵਾਮੀਨਾਰਾਇਣ ਮੰਦਰ ਵਿਚ ਪਹੁੰਚੇ। ਇਸ ਸਬੰਧੀ ਤਸਵੀਰਾਂ ਵਾਇਰਲ ਹੋ ਰਹੀਆਂ ਹਨ। ਜਦੋਂ ਕਿ ਪਿਛਲੇ ਕੁਝ ਸਾਲਾਂ ਵਿੱਚ ਦਰਜਨਾਂ ਹਮਲੇ ਸਵਾਮੀਨਾਰਾਇਣ ਮੰਦਰਾਂ 'ਤੇ ਕੀਤੇ ਗਏ ਹਨ ਅਤੇ ਲਿਬਰਲ ਪਾਰਟੀ ਨੇ ਖਾਲਿਸਤਾਨ ਦੇ ਵੋਟ ਲਈ ਚੁੱਪ ਧਾਰੀ ਹੋਈ ਸੀ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਮੰਦਰ ਵਿਚ ਇੰਡੋ-ਕੈਬਨਿਟ ਮੰਤਰੀ ਅਨੀਤਾ ਆਨੰਦ ਦੁਆਰਾ ਸਵਾਗਤ ਕੀਤਾ ਗਿਆ, ਜਿਸ ਨੇ ਬਾਅਦ ਵਿਚ ਐਕਸ 'ਤੇ ਲਿਖਿਆ, "'ਭਗਵਾਨ ਰਾਮ ਦੇ ਜਨਮ ਦਾ ਜਸ਼ਨ ਮਨਾਉਣ ਲਈ ਸਵਾਮੀਨਾਰਾਇਣ ਮੰਦਰ ਵਿਚ ਪਹਿਲੀ ਵਾਰ ਆਉਣ ਵਾਲੇ ਮਾਰਕ ਕਾਰਨੀ ਦਾ ਸਵਾਗਤ ਕਰਕੇ ਬਹੁਤ ਖ਼ੁਸ਼ੀ ਹੋਈ। ਰਾਮ ਨੌਮੀ ਦੀਆਂ ਬਹੁਤ-ਬਹੁਤ ਸ਼ੁਭਕਾਮਨਾਵਾਂ।" ਉਨ੍ਹਾਂ ਨਾਲ ਗ੍ਰੇਟਰ ਟੋਰਾਂਟੋ ਖੇਤਰ (ਜੀ.ਟੀ.ਓ.) ਤੋਂ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਵੀ ਮੰਦਰ ਵਿੱਚ ਮੌਜੂਦ ਸਨ।

28 ਅਪ੍ਰੈਲ ਨੂੰ ਕੈਨੇਡਾ ਵਿੱਚ ਚੋਣਾਂ ਹੋਣੀਆਂ ਹਨ ਅਤੇ ਲਿਬਰਲ ਪਾਰਟੀ ਪਿੱਛੇ ਚੱਲ ਰਹੀ ਹੈ। ਕੈਨੇਡਾ ਦੀ ਆਬਾਦੀ ਜੋ ਲਗਭਗ 1 ਮਿਲੀਅਨ ਹੈ, ਜਿਸ ਵਿਚੋਂ ਲਗਭਗ 6 ਲੱਖ ਹਿੰਦੂ ਵੋਟਰ ਹਨ ਅਤੇ ਉਹ ਘੱਟੋ ਘੱਟ 30 ਸੀਟਾਂ 'ਤੇ ਹਾਰ-ਜਿੱਤ ਦਾ ਫੈਸਲਾ ਕਰ ਸਕਦੇ ਹਨ। ਕੈਨੇਡੀਅਨ ਹਿੰਦੂ ਵੋਟਾਂ ਖੇਤਰਾਂ ਜਿਵੇਂ ਕਿ ਜੀਟੀਏ, ਖੇਤਰਾਂ ਜਿਵੇਂ ਕਿ ਮੈਟਰੋ ਵੈਨਕੂਵਰ ਅਤੇ ਅਲਬਰਟਾ ਵਿੱਚ ਕੈਲਗਰੀ ਅਤੇ ਐਡਮਿੰਟਨ ਵਿੱਚ ਵੀ ਮਹੱਤਵਪੂਰਨ ਵੋਟਿੰਗ ਬਲਾਕ ਬਣਾਉਂਦੇ ਹਨ। ਖ਼ਾਸਕਰ ਜੇ ਚੋਣ ਬਹੁਤ ਮਜ਼ਬੂਤ ਹੋਣ ਜਾ ਰਹੀ ਹੈ ਤਾਂ ਇਕ-ਇਕ ਵੋਟ ਬਹੁਤ ਮਹੱਤਵਪੂਰਨ ਹੈ, ਅਤੇ ਹਿੰਦੂਆਂ ਦੀ ਰਾਇ ਬਹੁਤ ਮਹੱਤਵਪੂਰਣ ਹੋ ਜਾਂਦੀ ਹੈ।

ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ ਲਿਬਰਲ ਪਾਰਟੀ ਨੇ ਪਿਛਲੇ ਕੁਝ ਹਫਤਿਆਂ ਵਿੱਚ ਹਿੰਦੂਆਂ ਨੂੰ ਖੁਸ਼ ਕਰਨ ਵਿੱਚ ਬਹੁਤ ਕੋਸ਼ਿਸ਼ ਕੀਤੀ ਹੈ, ਪਰ ਹਿੰਦੂ ਵੋਟਰਾਂ ਦਾ ਸੱਤਾਧਾਰੀ ਲਿਬਰਲ ਪਾਰਟੀ ਨਾਲ ਤਣਾਅ ਚੱਲ ਰਿਹਾ ਹੈ। ਪਾਰਟੀ ਨੇ ਹਿੰਦੂ ਮੰਦਰਾਂ 'ਤੇ ਹੋਏ ਹਮਲਿਆਂ ਬਾਰੇ ਕੁਝ ਖਾਸ ਨਹੀਂ ਕੀਤਾ ਹੈ। ਉਦਾਹਰਣ ਲਈ ਖਾਲਿਸਤਾਨੀ ਕੱਟੜਪੰਥ 'ਤੇ ਪਾਰਟੀ ਦੇ ਨਰਮ ਰੁਝਾਨ ਨੇ ਹਿੰਦੂਆਂ ਵਿਚਕਾਰ ਡਰ ਪੈਦਾ ਕੀਤਾ ਹੈ। ਮੰਨਿਆ ਜਾਂਦਾ ਹੈ ਕਿ ਹਿੰਦੂਆਂ ਦੀ ਨਾਰਾਜ਼ਗੀ ਲਿਬਰਲ ਪਾਰਟੀ ਲਈ ਬਹੁਤ ਭਾਰੀ ਹੋ ਸਕਦੀ ਹੈ। ਇਸ ਤੋਂ ਇਲਾਵਾ ਲਿਬਰਲ ਪਾਰਟੀ ਨੇ ਪਿਛਲੇ ਮਹੀਨੇ ਹਿੰਦੂ ਮੈਂਬਰ ਚੰਦਰ ਆਰੀਆ ਦੀ ਉਮੀਦਵਾਰੀ ਨੂੰ ਰੱਦ ਕਰ ਦਿੱਤਾ ਹੈ, ਜਿਸ ਨੇ ਹਿੰਦੂਆਂ ਦੇ ਗੁੱਸੇ ਵਿਚ ਵਾਧਾ ਕੀਤਾ ਹੈ। ਇਸ ਤੋਂ ਇਲਾਵਾ ਕੈਨੇਡੀਅਨ ਹਿੰਦੂਆਂ ਨੇ ਇਕ ਖ਼ਾਸ ਪੈਟਰਨ 'ਤੇ ਵੋਟ ਪਾਉਣ ਦਾ ਫ਼ੈਸਲਾ ਕੀਤਾ ਹੈ।

# ਭਗੌੜੇ ਕਾਰੋਬਾਰੀ ਵਿਜੇ ਮਾਲਿਆ ਦਾ ਵੱਡਾ ਦਾਅਵਾ, ਬੈਂਕਾਂ ਨੇ ਦਿੱਤੇ ਕਰਜ਼ੇ ਤੋਂ ਦੁੱਗਣੀ ਰਕਮ ਵਸੂਲੀ



ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਬੈਂਕਾਂ ਕੋਲ ਉਸਦੀ 14,131.6 ਕਰੋੜ ਰੁਪਏ ਦੀ ਜਾਇਦਾਦ ਹੈ, ਜੋ ਕਿ ਜਨਤਕ ਖੇਤਰ ਦੇ ਬੈਂਕਾਂ ਨੂੰ ਉਸਦੇ ਬਕਾਇਆ ਕਰਜ਼ੇ ਤੋਂ ਦੁੱਗਣੀ ਤੋਂ ਵੀ ਵੱਧ ਹੈ। ਮਾਲਿਆ ਨੇ ਵਿੱਤ ਮੰਤਰਾਲੇ ਦੀ ਸਾਲਾਨਾ ਰਿਪੋਰਟ 2024-25 ਵਿੱਚ ਜਾਣਬੁੱਝ ਕੇ ਡਿਫਾਲਟਰਾਂ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਵਸੂਲੀ ਦੇ ਵੇਰਵਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਬੈਂਕਾਂ ਨੇ ਕਰਜ਼ਾ ਵਸੂਲੀ ਟ੍ਰਿਬਿਊਨਲ ਦੁਆਰਾ ਦਿੱਤੇ ਗਏ 6,203 ਕਰੋੜ ਰੁਪਏ ਦੇ ਮੁਕਾਬਲੇ ਪਹਿਲਾਂ ਹੀ 14,131.8 ਕਰੋੜ ਰੁਪਏ ਵਸੂਲ ਕਰ ਲਏ ਹਨ।

**ਮਾਲਿਆ ਨੇ ਐਕਸ 'ਤੇ ਕੀਤਾ ਪੋਸਟ :** ਮਾਲਿਆ ਨੇ ਸੋਸ਼ਲ ਮੀਡੀਆ ਸਾਈਟ ਐਕਸ 'ਤੇ ਲਿਖਿਆ, ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਫੈਸਲੇ ਅਨੁਸਾਰ, 6,203 ਕਰੋੜ ਰੁਪਏ ਦੇ ਕਰਜ਼ੇ ਦੇ ਮੁਕਾਬਲੇ 14,131.8 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ। ਇਸਦਾ ਸਬੂਤ ਮੇਰੀ ਯੂਕੇ (ਯੂਨਾਈਟਿਡ ਕਿੰਗਡਮ) ਦੀਵਾਲੀਆਪਨ ਰੱਦ ਕਰਨ ਦੀ ਅਰਜ਼ੀ ਵਿੱਚ ਹੈ। ਮੈਨੂੰ ਹੈਰਾਨੀ ਹੈ ਕਿ ਬੈਂਕ ਯੂਕੇ ਦੀ ਅਦਾਲਤ ਵਿੱਚ ਕੀ ਕਹਿਣਗੇ। ਮਾਲਿਆ ਅਤੇ 10 ਹੋਰ ਭਗੌੜੇ ਆਰਥਿਕ ਅਪਰਾਧੀਆਂ ਦੇ ਵੇਰਵੇ ਸਾਂਝੇ ਕਰਦੇ ਹੋਏ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 36 ਵਿਅਕਤੀਆਂ ਦੇ ਸਬੰਧ ਵਿੱਚ ਵੱਖ-ਵੱਖ ਦੇਸ਼ਾਂ ਨੂੰ ਕੁੱਲ 44 ਹਵਾਲਗੀ ਬੇਨਤੀਆਂ ਭੇਜੀਆਂ ਗਈਆਂ ਹਨ। ਮੰਤਰਾਲੇ ਦੀ ਸਾਲਾਨਾ ਰਿਪੋਰਟ ਦੇ ਅਨੁਸਾਰ ਮਾਲਿਆ ਦੇ ਮਾਮਲੇ ਵਿੱਚ ਜ਼ਬਤ ਕੀਤੀਆਂ ਗਈਆਂ 14,131.6 ਕਰੋੜ ਰੁਪਏ ਦੀਆਂ ਜਾਇਦਾਦਾਂ ਜਨਤਕ ਖੇਤਰ ਦੇ ਬੈਂਕਾਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਯਤਨਾਂ ਦੇ ਨਤੀਜੇ ਵਜੋਂ ਵੱਖ-ਵੱਖ ਭਗੌੜੇ ਆਰਥਿਕ ਅਪਰਾਧੀਆਂ ਅਤੇ ਹੋਰ ਮੁਲਜ਼ਮਾਂ ਦੀ ਹਵਾਲਗੀ ਵਿੱਚ ਵਿਦੇਸ਼ਾਂ ਵਿੱਚ ਸਮਰੱਥ ਅਦਾਲਤਾਂ ਦੇ ਸਾਹਮਣੇ ਸਫਲ ਪ੍ਰਤੀਨਿਧਤਾ ਹੋਈ ਹੈ। ਇਸ ਸਬੰਧ ਵਿੱਚ ਇਹ ਦੱਸਣਾ ਉਚਿਤ ਹੈ ਕਿ ਯੂਕੇ ਦੀ ਅਦਾਲਤ ਨੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਰਤੀ ਦੂਤਘਰ ਦੇ ਤਾਲਮੇਲ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਦੁਆਰਾ ਪ੍ਰਭਾਵਸ਼ਾਲੀ ਪ੍ਰਤੀਨਿਧਤਾ ਤੋਂ ਬਾਅਦ ਕੁਝ ਮੁੱਖ ਦੋਸ਼ੀਆਂ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

**2017 'ਚ SBI ਨੂੰ ਕੋਰਟ ਨੇ ਦਿੱਤਾ ਸੀ ਇਹ ਆਦੇਸ਼ :** ਕਰਜ਼ਾ ਵਸੂਲੀ ਟ੍ਰਿਬਿਊਨਲ ਦੇ ਬੰਗਲੁਰੂ ਬੈਂਚ ਨੇ 2017 ਵਿੱਚ ਸਟੇਟ ਬੈਂਕ ਆਫ਼ ਇੰਡੀਆ (SBI) ਦੀ ਅਗਵਾਈ ਵਾਲੇ ਬੈਂਕਾਂ ਦੇ ਇੱਕ ਸਮੂਹ ਨੂੰ ਕਿੰਗਫਿਸ਼ਰ ਏਅਰਲਾਈਨਜ਼ ਮਾਮਲੇ ਵਿੱਚ ਸਮੱਸਿਆਵਾਂ ਦਾ ਸਾਹਮਣਾ ਕਰ ਰਹੀਆਂ ਮਾਲਿਆ ਅਤੇ ਉਨ੍ਹਾਂ ਦੀਆਂ ਕੰਪਨੀਆਂ ਤੋਂ 11.5 ਫੀਸਦੀ ਦੀ ਸਾਲਾਨਾ ਵਿਆਜ ਦਰ 'ਤੇ 6,203 ਕਰੋੜ ਰੁਪਏ ਦੀ ਵਸੂਲੀ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਹੁਕਮ ਦਿੱਤਾ ਸੀ। ਮਾਲਿਆ ਮਾਰਚ 2016 ਵਿੱਚ ਬ੍ਰਿਟੇਨ ਭੱਜ ਗਿਆ ਸੀ। ਉਹ ਕਈ ਬੈਂਕਾਂ ਦੁਆਰਾ ਪੁਰਾਣੀ ਕਿੰਗਫਿਸ਼ਰ ਏਅਰਲਾਈਨਜ਼ (ਕੇਐੱਫਏ) ਨੂੰ ਦਿੱਤੇ ਗਏ 9,000 ਕਰੋੜ ਰੁਪਏ ਦੇ ਕਰਜ਼ੇ ਦੇ ਡਿਫਾਲਟ ਦੇ ਸਬੰਧ ਵਿੱਚ ਭਾਰਤ ਵਿੱਚ ਲੋੜੀਂਦਾ ਹੈ। ਭਾਰਤ ਬ੍ਰਿਟੇਨ ਤੋਂ ਮਾਲਿਆ ਦੀ ਹਵਾਲਗੀ ਦੀ ਮੰਗ ਕਰ ਰਿਹਾ ਹੈ। ਕਾਰੋਬਾਰੀ ਮੁਤਾਬਕ, ਉਸਨੇ ਪਹਿਲਾਂ ਜਨਤਕ ਰਕਮ ਦਾ 100 ਫੀਸਦੀ ਭੁਗਤਾਨ ਕਰਨ ਦੀ ਪੇਸ਼ਕਸ਼ ਕੀਤੀ ਸੀ, ਪਰ ਬੈਂਕਾਂ ਅਤੇ ਸਰਕਾਰ ਨੇ ਉਸਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ ਸੀ।

# ਕਰਨੈਲ ਸਿੰਘ ਪੀਰਮੁਹੰਮਦ ਵਲੋਂ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਅਸਤੀ.ਫਾ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ (ਬ) ਦੇ ਜਨਰਲ ਸਕੱਤਰ, ਪਾਰਟੀ ਦੇ ਬੁਲਾਰੇ ਤੇ ਪੰਥਕ ਸਲਾਹਕਾਰ ਬੋਰਡ ਦੇ ਮੈਂਬਰ ਕਰਨੈਲ ਸਿੰਘ ਪੀਰਮੁਹੰਮਦ ਨੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਪੀਰਮੁਹੰਮਦ, ਜਿਹੜੇ ਕਿ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਨੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਿੱਤੇ ਅਸਤੀਫ਼ੇ ਦੀ ਕਾਪੀ ਸੋਸ਼ਲ ਮੀਡੀਆ 'ਤੇ ਵਾਇਰਲ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ 2 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ (ਬ) 'ਚ ਨਵੀਂ ਭਰਤੀ ਲਈ ਭਰਤੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਤੇ ਇਸ ਭਰਤੀ ਕਮੇਟੀ ਨੂੰ ਮੁੱਢੋਂ ਰੱਦ ਕਰਕੇ ਸ਼੍ਰੋਮਣੀ ਅਕਾਲੀ ਦਲ (ਬ) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਹੀ ਨਹੀਂ ਬਲਕਿ ਅਕਾਲੀ ਦਲ ਵਲੋਂ ਸ਼੍ਰੋਮਣੀ ਕਮੇਟੀ 'ਤੇ ਦਬਾਅ ਬਣਾ ਕੇ ਉਸ ਸਮੇਂ ਦੇ ਸਿੰਘ ਸਾਹਿਬਾਨਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ, ਜਿਸ ਕਰਕੇ ਮੈਂ ਤੇ ਮੇਰੇ ਸਾਥੀ ਪੀੜਾ 'ਚੋਂ ਗੁਜਰ ਰਹੇ ਸਨ, ਜਿਸ ਕਰਕੇ ਬੇਸ਼ੱਕ ਮੈਂ ਇਹ ਅਸਤੀਫਾ 10 ਜਨਵਰੀ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦੇ ਦਿੱਤਾ ਸੀ, ਪਰ ਉਨ੍ਹਾਂ ਦੇ ਕਹਿਣ 'ਤੇ ਮੈਂ ਪਾਰਟੀ ਲਈ ਸੇਵਾਵਾਂ ਜਾਰੀ ਰੱਖੀਆਂ। ਪੀਰਮੁਹੰਮਦ ਨੇ ਕਿਹਾ ਕਿ ਅਕਾਲੀ ਦਲ ਦੀ ਲੀਡਰਸ਼ਿਪ ਕੁਰਾਹੇ ਨਾ ਪਵੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ 'ਤੇ ਪਹਿਰਾ ਦੇਵੇ, ਪਰ ਇਨ੍ਹਾਂ ਹਾਲਾਤਾਂ 'ਚ ਪਾਰਟੀ 'ਚ ਕੰਮ ਕਰਨਾ ਔਖਾ ਹੈ, ਜਿਸ ਕਰਕੇ ਮੈਂ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੰਦਾ ਹਾਂ। ਉੱਧਰ ਕਰਨੈਲ ਸਿੰਘ ਪੀਰਮੁਹੰਮਦ ਦੇ ਅਸਤੀਫ਼ੇ ਸੰਬੰਧੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਸੰਬੰਧੀ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਨ੍ਹਾਂ ਨੂੰ ਕੋਈ ਅਸਤੀਫ਼ਾ ਪ੍ਰਾਪਤ ਹੋਇਆ ਹੈ।

# ਸ਼੍ਰੋਮਣੀ ਕਮੇਟੀ ਦੇ ਖਜਾਨਚੀ ਨੇ ਨਹਿਰ 'ਚ ਮਾਰੀ ਛਾਲ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਜਾਨਚੀ ਤਰਸੇਮ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਸੇਖ ਜ਼ਿਲ੍ਹਾ ਤਰਨਤਾਰਨ, ਜੋ ਤਰਨਤਾਰਨ ਰੋਡ ਅੰਮ੍ਰਿਤਸਰ ਵਿਖੇ ਰਹਿਦਾ ਸੀ, ਨੇ ਅੱਜ ਤੜਕਸਾਰ ਸੁਲਤਾਨਵਿੰਡ ਦੀ ਅੱਪਰ ਦੁਆਬ ਨਹਿਰ ਪੁਲ ਕੋਟ ਮਿੱਤ ਸਿੰਘ ਵਿਖੇ ਛਾਲ ਮਾਰ ਦਿੱਤੀ। ਇਹ ਜਾਣਕਾਰੀ ਧਰਮ ਪ੍ਰਚਾਰ ਕਮੇਟੀ ਦੇ ਸੁਪਰਡੈਂਟ ਮਲਕੀਤ ਸਿੰਘ ਨੇ ਦਿੰਦਿਆਂ ਦੱਸਿਆ ਕਿ ਤਰਸੇਮ ਸਿੰਘ ਮਾਨਸਿਕ ਤੌਰ ਪ੍ਰੇਸ਼ਾਨ ਰਹਿਦਾ ਸੀ। ਵਾਪਰੀ ਘਟਨਾ ਉਪਰੰਤ ਗੋਤਾਖੋਰਾਂ ਵਲੋਂ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਪੁਲਿਸ ਵਲੋਂ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਕਿਸਾਨਾਂ ਨੇ ਪੰਜਾਬ ਭਰ 'ਚ ਟਰੰਪ ਤੇ ਮੋਦੀ ਦੇ ਪੁਤਲੇ ਸਾੜੇ

### ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜ਼ਿਲ੍ਹਾ, ਤਹਿਸੀਲ ਅਤੇ ਬਲਾਕ ਪੱਧਰ 'ਤੇ ਮੁਜ਼ਾਹਰੇ



ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅੱਜ ਹਜ਼ਾਰਾਂ ਕਿਸਾਨਾਂ ਨੇ ਸਮੁੱਚੇ ਪੰਜਾਬ ਦੇ ਜ਼ਿਲ੍ਹਾ, ਤਹਿਸੀਲ ਅਤੇ ਬਲਾਕ ਪੱਧਰਾਂ 'ਤੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਸਾੜੇ। ਇਨ੍ਹਾਂ ਧਰਨਿਆਂ ਵਿੱਚ ਕਿਸਾਨਾਂ ਦੇ ਨਾਅਰਿਆਂ ਦੀ ਗੂੰਜ ਪਈ। ਸੰਯੁਕਤ ਕਿਸਾਨ ਮੋਰਚਾ ਦੇ ਪੰਜਾਬ ਚੈਪਟਰ ਦੀ ਅਗਵਾਈ 'ਚ ਇਨ੍ਹਾਂ ਧਰਨਿਆਂ ਵਿੱਚ ਕਿਸਾਨਾਂ ਨੇ ਵਿਸ਼ਵ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਅਮਰੀਕਾ ਦੇ ਸਹਾਇਕ ਵਪਾਰ ਪ੍ਰਤੀਨਿਧ ਬ੍ਰੈਂਡਨ ਲਿੰਚ ਦੀ ਪ੍ਰਧਾਨਗੀ ਵਾਲਾ ਵਫ਼ਦ ਪਿਛਲੇ ਦਿਨੀਂ ਭਾਰਤ ਦਾ ਚਾਰ-ਰੋਜ਼ਾ ਦੌਰਾ ਕਰ ਕੇ 29 ਮਾਰਚ ਨੂੰ ਵਾਪਸ ਗਿਆ ਹੈ। ਭਾਰਤ ਦਾ ਵਪਾਰ ਮੰਤਰੀ ਪਿਯੂਸ਼ ਗੋਇਲ ਵੀ ਅਮਰੀਕੀ ਵਪਾਰ ਪ੍ਰਤੀਨਿਧ ਜੈਮੀਸਨ ਗਰੀਨ ਤੇ ਵਣਜ ਸਚਿਵ ਹਾਵਰਡ ਲੁਟਨਿਕ ਨਾਲ ਮੀਟਿੰਗਾਂ ਕਰ ਚੁੱਕਿਆ ਹੈ। ਭਾਰਤ ਤੇ ਅਮਰੀਕਾ ਦਰਮਿਆਨ ਗੱਲਬਾਤ ਵਿੱਚ ਅਮਰੀਕਾ ਦਾ ਮੁੱਖ ਜ਼ੋਰ ਖੇਤੀ ਅਤੇ ਡੇਅਰੀ ਵਸਤਾਂ 'ਤੇ ਟੈਕਸ ਘੱਟ ਕਰਨਾ ਅਤੇ ਭਾਰਤੀ ਬਾਜ਼ਾਰ 'ਚ ਇਹਨਾਂ ਦੇ ਦਾਖ਼ਲੇ ਲਈ ਰਾਹ ਮੋਕਲਾ ਕਰਨਾ ਹੈ। ਜਥੇਬੰਦੀ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਗੁਰਦੀਪ ਸਿੰਘ ਰਾਮਪੁਰਾ ਨੇ ਕਿਹਾ ਕਿ ਅਮਰੀਕਾ ਆਪਣੇ ਇਕ ਕਿਸਾਨ ਪਰਿਵਾਰ ਨੂੰ ਔਸਤ 26 ਲੱਖ 80 ਹਜ਼ਾਰ ਰੁਪਏ ਸਾਲਾਨਾ ਸਬਸਿਡੀ ਦਿੰਦਾ ਹੈ ਜਦੋਂ ਕਿ ਭਾਰਤ ਵਿੱਚ ਪ੍ਰਤੀ ਕਿਸਾਨ ਪਰਿਵਾਰ ਸਿਰਫ਼ 53,700 ਰੁਪਏ ਸਾਲਾਨਾ ਸਬਸਿਡੀ ਬਣਦੀ ਹੈ। ਇੰਨੀ ਜ਼ਿਆਦਾ ਸਬਸਿਡੀ ਮਿਲਣ ਕਾਰਨ ਅਮਰੀਕਾ ਦੀਆਂ ਖੇਤੀ ਤੇ ਡੇਅਰੀ ਵਸਤਾਂ ਸਸਤੀਆਂ ਪੈਂਦੀਆਂ ਹਨ।

ਐੱਸਕੇਐੱਮ ਦੀਆਂ ਬੀਕੇਯੂ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਸਭਨਾਂ ਧਿਰਾਂ ਨੇ ਧਰਨਿਆਂ ਦੀ ਅਗਵਾਈ ਕੀਤੀ। ਸੰਯੁਕਤ ਕਿਸਾਨ ਮੋਰਚਾ ਆਉਣ ਵਾਲੇ ਸਮੇਂ 'ਚ ਲੋਕਾਂ ਨੂੰ ਜਾਗਰੂਕ ਕਰ ਕੇ ਇਸ ਲੜਾਈ ਨੂੰ ਤੇਜ਼ ਕਰੇਗਾ।

# ਪੰਜ ਸਿੰਘ ਸਾਹਿਬਾਨ ਨੇ ਸਾਬਕਾ ਜਥੇਦਾਰ ਗਿ. ਇਕਬਾਲ ਸਿੰਘ ਦੀਆਂ ਪੰਥਕ ਸੇਵਾਵਾਂ 'ਤੇ ਰੋਕ ਲਾਈ

### ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਮਿਲੀਆਂ ਸ਼ਿਕਾਇਤਾਂ ਤੇ ਲੱਗੇ ਗੰਭੀਰ ਦੋਸ਼ਾਂ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਵਿਖੇ ਹੋਈ ਇਕੱਤਰਤਾ ਵਿਚ ਲਿਆ ਫ਼ੈਸਲਾ




ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿੱਚ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ 'ਤੇ ਲੱਗੇ ਦੋਸ਼ਾਂ ਤਹਿਤ ਉਨ੍ਹਾਂ ਦੀਆਂ ਪੰਥਕ ਸੇਵਾਵਾਂ 'ਤੇ ਰੋਕ ਲਾਈ ਗਈ ਹੈ ਅਤੇ ਉਨ੍ਹਾਂ ਨੂੰ ਪੰਥਕ ਸਰਗਰਮੀਆਂ ਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਤੋਂ ਗੁਰੇਜ਼ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੌਰਾਨ ਸਿੱਖ ਪੰਥ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਸਿੱਖ ਅੰਤਿਮ ਅਰਦਾਸ ਸਮੇਂ ਗੁਰੂ ਕੇ ਲੰਗਰ ਦੀ ਮੂਲ ਭਾਵਨਾ ਤੇ ਰਵਾਇਤ ਅਨੁਸਾਰ ਪਹਿਰਾ ਦਿੰਦੇ ਹੋਏ ਸਾਦੇ ਲੰਗਰ ਤਿਆਰ ਕਰਨ। ਇਹ ਖ਼ਰਚ ਲੋੜਵੰਦ ਬੱਚਿਆਂ ਦੀ ਮਦਦ ਲਈ ਕੀਤਾ ਜਾਵੇ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਹੋਈ ਅੱਜ ਦੀ ਇਸ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਤੋਂ ਪੰਜ ਪਿਆਰਾ ਭਾਈ ਮੰਗਲ ਸਿੰਘ ਸ਼ਾਮਿਲ ਹੋਏ।

ਜਥੇਦਾਰ ਸਾਹਿਬਾਨ ਦੀ ਇਸ ਮੀਟਿੰਗ ਵਿੱਚ ਅੱਠ ਮਤੇ ਪਾਸ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ ਇੱਕ ਮਤੇ ਰਾਹੀਂ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੀਆਂ ਪੰਥਕ ਸੇਵਾਵਾਂ 'ਤੇ ਰੋਕ ਲਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਵਿੱਚ ਦੱਸਿਆ ਗਿਆ ਹੈ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਵੱਲੋਂ 15 ਜੁਲਾਈ, 2024 ਨੂੰ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਗ਼ਲਤੀਆਂ ਦੀ ਤਨਖ਼ਾਹ ਲਵਾਈ ਸੀ, ਜਿਸ ਵਿੱਚ ਉਨ੍ਹਾਂ ਨੇ ਭੁੱਲ ਬਖਸ਼ਾਈ ਸੀ। ਪ੍ਰੰਤੂ ਉਸ ਤੋਂ ਬਾਅਦ ਵੀ ਉਨ੍ਹਾਂ ਦੇ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਵਿਖੇ ਸ਼ਿਕਾਇਤਾਂ ਆ ਰਹੀਆਂ ਹਨ ਅਤੇ ਗੰਭੀਰ ਇਲਜ਼ਾਮ ਲੱਗੇ ਹਨ। ਇਸ ਲਈ ਜਦੋਂ ਤੱਕ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਉਹ ਆਪਣਾ ਪੱਖ ਨਹੀਂ ਰੱਖਦੇ ਅਤੇ ਲੱਗੇ ਦੋਸ਼ਾਂ ਤੋਂ ਸੁਰਖ਼ਰੂ ਨਹੀਂ ਹੋ ਜਾਂਦੇ, ਉਸ ਵੇਲੇ ਤੱਕ ਉਹ ਪੰਥਕ ਸਰਗਰਮੀਆਂ ਅਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਤੋਂ ਗੁਰੇਜ਼ ਕਰਨ।

ਇੱਕ ਮਤੇ ਰਾਹੀ ਗੁਰਸਿੱਖਾਂ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਜਿੱਥੇ ਉਹ ਨਿਤਨੇਮ ਕਰਦੇ ਹਨ, ਉਥੇ ਆਪਣੇ ਘਰਾਂ ਵਿੱਚ ਸੌਣ ਤੋਂ ਪਹਿਲਾਂ ਅੱਧਾ ਘੰਟਾ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਾਖੀਆਂ ਸੁਣਾਉਣ ਦੀ ਰਵਾਇਤ ਨੂੰ ਮੁੜ ਸੁਰਜੀਤ ਕੀਤਾ ਜਾਵੇ ਤਾਂ ਕਿ ਬੱਚਿਆਂ ਨੂੰ ਸਿੱਖ ਕਦਰਾਂ ਕੀਮਤਾਂ ਦਾ ਵੱਧ ਤੋਂ ਵੱਧ ਗਿਆਨ ਹੋ ਸਕੇ ਅਤੇ ਸਿੱਖੀ ਨਾਲ ਪਿਆਰ ਵਧ ਸਕੇ।

ਇੱਕ ਮਤੇ ਰਾਹੀ ਸਮੁੱਚੇ ਸਿੱਖ ਜਗਤ ਨੂੰ ਪ੍ਰੇਰਨਾ ਕੀਤੀ ਗਈ ਹੈ ਕਿ ਹਰ ਸਿੱਖ ਅੰਤਿਮ ਅਰਦਾਸ ਸਮੇਂ ਸਾਦੇ ਲੰਗਰ ਤਿਆਰ ਕਰੇ ਅਤੇ ਇਹ ਖ਼ਰਚ ਲੋੜਵੰਦ ਬੱਚਿਆਂ ਦੀ ਮਦਦ ਲਈ ਵਰਤਿਆ ਜਾਵੇ। ਇੱਕ ਮਤੇ ਸਿੱਖ ਸੰਗਤ ਨੂੰ ਆਖਿਆ ਗਿਆ ਹੈ ਕਿ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਅਤੇ ਵੱਡੇ ਪੱਧਰ 'ਤੇ ਅੰਮ੍ਰਿਤ ਸੰਚਾਰ ਦੇ ਪ੍ਰਬੰਧ ਕੀਤੇ ਜਾਣ। ਤਖ਼ਤ ਸਾਹਿਬਾਨ 'ਤੇ ਵੀ ਅੰਮ੍ਰਿਤ ਸੰਚਾਰ ਕਰਵਾਏ ਜਾਣਗੇ ਅਤੇ ਸੰਗਤ ਇਸ ਦਾ ਵੱਧ ਤੋਂ ਵੱਧ ਲਾਹਾ ਲਵੇ।

ਇੱਕ ਮਤੇ ਰਾਹੀਂ ਸਿੱਖ ਸੰਗਤਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਕਿਹਾ ਹੈ ਕਿ ਗੁਰਦੁਆਰਾ ਸਾਹਿਬਾਨ ਵਿੱਚ ਸੇਵਾ ਨਿਭਾਉਣ ਵਾਲੇ ਗ੍ਰੰਥੀ ਸਿੰਘ, ਕੀਰਤਨੀਏ ਅਤੇ ਸੇਵਾਦਾਰਾਂ ਦੇ ਪਰਿਵਾਰਾਂ ਦਾ ਚੰਗੇ ਪਾਲਣ ਪੋਸ਼ਣ ਅਤੇ ਬੱਚਿਆਂ ਦੀ ਪੜ੍ਹਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ।

ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਵੱਲੋਂ ਵਿਸ਼ਵ ਭਰ ਦੀਆਂ ਸਿੱਖ ਸੰਸਥਾਵਾਂ ਨਾਲ ਸਬੰਧਤ ਪ੍ਰਚਾਰਕ, ਰਾਗੀ, ਢਾਡੀ ਕਵੀਸ਼ਰਾਂ ਨੂੰ ਕਿਹਾ ਹੈ ਕਿ ਉਹ ਆਪਣੇ ਦੇਸ਼ ਵਿਦੇਸ਼ ਦੇ ਦੌਰਿਆਂ ਤੋਂ ਇਲਾਵਾ ਪੰਜਾਬ ਵਿੱਚ ਅਗਲੇ ਚਾਰ ਮਹੀਨੇ ਦਸ ਪਿੰਡ ਚੁਣਨ ਅਤੇ ਉਨ੍ਹਾਂ ਵਿੱਚ ਸਮਰਪਿਤ ਹੋ ਕੇ ਗੁਰੂ ਦਾ ਪ੍ਰਚਾਰ ਕਰਨ।

ਮੀਟਿੰਗ ਵਿੱਚ ਪੰਜ ਸਿੰਘ ਸਾਹਿਬਾਨ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਹੈ ਕਿ ਗੁਰਪੁਰਵਾਸੀ ਗਿਆਨੀ ਮਲਕੀਤ ਸਿੰਘ ਵੱਲੋਂ ਗੁਰਬਾਣੀ ਸੰਥਿਆ ਵਾਸਤੇ ਦਿੱਤੀਆਂ ਸੇਵਾਵਾਂ ਸ਼ਲਾਘਾਯੋਗ ਹਨ, ਜਿਨਾਂ ਲਈ ਉਨ੍ਹਾਂ ਦੇ ਪਰਿਵਾਰ ਨੂੰ ਸ੍ਰੀ ਅਕਾਲ ਤਖ਼ਤ ਤੋਂ ਸਨਮਾਨ ਦਿੱਤਾ ਜਾਵੇਗਾ। ਇਸੇ ਤਰ੍ਹਾਂ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਦੀਆਂ ਪ੍ਰਚਾਰ ਸਬੰਧੀ ਸੇਵਾਵਾਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਸਨਮਾਨ ਦਿੱਤਾ ਜਾਵੇਗਾ।

# 12 ਅਪ੍ਰੈਲ ਨੂੰ ਹੋਵੇਗੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਅੱਜ ਫ਼ੈਸਲਾ ਲਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਪ੍ਰਧਾਨ ਦੀ ਚੋਣ ਲਈ ਆਮ ਡੈਲੀਗੇਟ ਇਜਲਾਸ 12 ਅਪ੍ਰੈਲ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਵੇਗਾ। ਇਹ ਮੀਟਿੰਗ ਜਿਸ ਦੀ ਪ੍ਰਧਾਨ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕੀਤੀ, ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ 13 ਅਪ੍ਰੈਲ ਨੂੰ ਤਲਵੰਡੀ ਸਾਬੋ ਵਿਖੇ ਵਿਸ਼ਾਲ ਸਿਆਸੀ ਕਾਨਫਰੰਸ ਵੀ ਕੀਤੀ ਜਾਵੇਗੀ।

ਹੋਰ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਵਰਕਿੰਗ ਕਮੇਟੀ ਨੇ ਸੂਬੇ ਵਿਚ ਅਮਨ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਅਤੇ ਕਿਹਾ ਕਿ ਸਰਹੱਦੀ ਪਾਰਟੀ ਦੇ ਪੁਲਸ ਥਾਣਿਆਂ ਵਿਚ ਗ੍ਰਨੇਡ ਹਮਲੇ ਹੋਏ ਹਨ ਅਤੇ ਅੰਮ੍ਰਿਤਸਰ ਵਿਚ ਠਾਕੁਰਦੁਆਰਾ ਮੰਦਿਰ ਵਿਚ ਵੀ ਗ੍ਰਨੇਡ ਹਮਲਾ ਹੋਇਆ ਹੈ, ਡਾ. ਬੀ. ਆਰ. ਅੰਬੇਡਕਰ ਦੇ ਬੁੱਤਾਂ ਦਾ ਅਪਮਾਨ ਹੋਇਆ ਹੈ ਤੇ ਹੁਣ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੀ ਰਿਹਾਇਸ਼ 'ਤੇ ਗ੍ਰਨੇਡ ਹਮਲਾ ਹੋਇਆ ਹੈ।

ਅਕਾਲੀ ਆਗੂ ਨੇ ਕਿਹਾ ਕਿ ਵਰਕਿੰਗ ਕਮੇਟੀ ਨੇ ਵਕਫ ਐਕਟ ਵਿਚ ਸੋਧ ਦੀ ਸਖ਼ਤ ਨਿਖੇਧੀ ਕੀਤੀ ਅਤੇ ਕਿਹਾ ਕਿ ਪਹਿਲਾਂ ਵੀ ਕੇਂਦਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿਚ ਦਖਲਅੰਦਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਮੈਂਬਰਾਂ ਦਾ ਵਿਚਾਰ ਸੀ ਕਿ ਸਰਕਾਰ ਵੱਲੋਂ ਵਕਫ ਬੋਰਡ 'ਤੇ ਕਬਜ਼ਾ ਕਰਨਾ ਘੱਟ ਗਿਣਤੀ ਭਾਈਚਾਰੇ ਦੇ ਹਿੱਤਾਂ ਦੇ ਖ਼ ?ਲਾਫ ਹੈ ਅਤੇ ਇਸ ਨਾਲ ਦੇਸ਼ ਵਿਚ ਧਰੁਵੀਕਰਨ ਵਧੇਗਾ।

# 84 ਸਿੱਖ ਨਸਲਕੁਸ਼ੀ : ਜਗਦੀਸ਼ ਟਾਈਟਲਰ ਨੇ ਕਬੂਲੀ 100 ਸਿੱਖਾਂ ਦੀ ਹੱਤਿਆ ਦੀ ਗੱਲ, ਮਨਜੀਤ ਸਿੰਘ ਜੀਕੇ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਦੀ ਇੱਕ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੂੰ 2018 ਵਿੱਚ ਇੱਕ ਪੈੱਨ ਡਰਾਈਵ ਮਿਲੀ ਸੀ ਜਿਸ ਵਿੱਚ ਕਾਂਗਰਸੀ ਨੇਤਾ ਜਗਦੀਸ਼ ਟਾਈਟਲਰ ਦੁਆਰਾ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ 100 ਸਿੱਖਾਂ ਦੀ ਹੱਤਿਆ ਵਿੱਚ ਉਸਦੀ ਭੂਮਿਕਾ ਬਾਰੇ ਕਥਿਤ ਇਕਬਾਲੀਆ ਬਿਆਨ ਸੀ। ਅਦਾਲਤ ਦਿੱਲੀ ਦੇ ਪੁਲ ਬੰਗਸ਼ ਗੁਰਦੁਆਰੇ ਵਿੱਚ ਤਿੰਨ ਸਿੱਖਾਂ ਦੀ ਹੱਤਿਆ ਨਾਲ ਸਬੰਧਤ ਇੱਕ ਕੇਸ ਦੀ ਸੁਣਵਾਈ ਕਰ ਰਹੀ ਹੈ, ਜਿਸ ਵਿੱਚ ਟਾਈਟਲਰ ਇੱਕ ਦੋਸ਼ੀ ਹੈ।



**ਪੈੱਨ ਡਰਾਈਵ ਵਿੱਚ ਕਥਿਤ ਤੌਰ 'ਤੇ ਟਾਈਟਲਰ ਦਾ ਇਕਬਾਲੀਆ ਬਿਆਨ :** ਮਨਜੀਤ ਸਿੰਘ ਜੀਕੇ, ਜੋ 2013 ਅਤੇ 2018 ਵਿਚਕਾਰ ਡੀਐਸਜੀਐਮਸੀ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਚੁੱਕੇ ਸਨ, ਨੂੰ ਵਿਸ਼ੇਸ਼ ਜੱਜ ਜਤਿੰਦਰ ਸਿੰਘ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 2018 ਵਿੱਚ ਇੱਕ ਲਿਫਾਫੇ ਵਿੱਚ ਆਪਣੇ ਘਰ ਪੈੱਨ ਡਰਾਈਵ ਮਿਲੀ ਸੀ। ਜੀਕੇ ਨੇ ਕਿਹਾ ਕਿ ਉਹ ਖੁਦ ਪੈੱਨ ਡਰਾਈਵ ਨਹੀਂ ਚਲਾ ਸਕਦੇ ਸਨ, ਇਸ ਲਈ ਇਸਨੂੰ ਡੀਐਸਜੀਐਮਸੀ ਦਫ਼ਤਰ ਵਿੱਚ ਚਲਾਇਆ ਗਿਆ ਸੀ। ਜੀਕੇ ਨੇ ਕਿਹਾ, 'ਉਕਤ ਪੈੱਨ ਡਰਾਈਵ ਵਿੱਚ ਦੋਸ਼ੀ ਜਗਦੀਸ਼ ਟਾਈਟਲਰ ਵੱਲੋਂ ਉਸ ਰਾਹੀਂ 100 ਸਿੱਖਾਂ ਦੇ ਕਤਲੇਆਮ ਬਾਰੇ ਖੁਲਾਸੇ ਕੀਤੇ ਗਏ ਸਨ।'

ਜੀਕੇ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਵੀਡੀਓ ਵਿੱਚ, ਟਾਈਟਲਰ ਨੇ ਕਥਿਤ ਤੌਰ 'ਤੇ ਦਿੱਲੀ ਹਾਈ ਕੋਰਟ ਵਿੱਚ ਜੱਜਾਂ ਦੀ ਨਿਯੁਕਤੀ ਕਰਵਾਉਣ ਅਤੇ ਕਾਂਗਰਸ ਹਾਈ ਕਮਾਂਡ ਦੁਆਰਾ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਵਾਅਦਾ ਕਰਨ ਬਾਰੇ ਗੱਲ ਕੀਤੀ ਸੀ। ਉਸਨੇ ਅੱਗੇ ਦਾਅਵਾ ਕੀਤਾ ਕਿ ਟਾਈਟਲਰ ਨੇ ਕਿਹਾ ਕਿ ਉਸਦੇ ਪੁੱਤਰ ਦੀ ਸਵਿਸ ਬੈਂਕ ਖਾਤੇ ਵਾਲੀ ਇੱਕ ਕੰਪਨੀ ਵਿੱਚ ਭਾਈਵਾਲੀ ਹੈ ਅਤੇ ਉਸਦੇ ਕੁਝ ਦੋਸਤਾਂ ਵੱਲੋਂ ਉਸ ਦੇ ?150 ਕਰੋੜ ਰੁਪਏ ਦੀ ਗਲਤ ਵਰਤੋਂ ਕੀਤੀ ਗਈ ਹੈ।

**ਗਵਾਹ ਨੇ ਵੀਡੀਓ ਵਿੱਚ ਦੂਜੇ ਵਿਅਕਤੀ ਦੀ ਕੀਤੀ ਪਛਾਣ :** ਜੀਕੇ ਨੇ ਅਦਾਲਤ ਨੂੰ ਦੱਸਿਆ ਕਿ ਵੀਡੀਓ ਵਿੱਚ ਟਾਈਟਲਰ ਨਾਲ ਮੌਜੂਦ ਦੂਜਾ ਵਿਅਕਤੀ ਰਵਿੰਦਰ ਸਿੰਘ ਚੌਹਾਨ ਸੀ। ਉਨ੍ਹਾਂ ਕਿਹਾ ਕਿ ਚੌਹਾਨ ਨੇ ਟਾਈਟਲਰ ਵੱਲੋਂ ਆਪਣੇ ਸਾਹਮਣੇ ਕੀਤੇ ਗਏ ÷ਇਕਬਾਲੀਆ ਬਿਆਨ/ਖੁਲਾਸੇ÷ ਨੂੰ ÷ਕਬੂਲ÷ ਕੀਤਾ, ਜੋ ਕਿ ਪੈੱਨ ਡਰਾਈਵ ਵਿੱਚ ਸਨ। ਜੀਕੇ ਨੇ ਅੱਗੇ ਕਿਹਾ ਕਿ ਚੌਹਾਨ ਨਹੀਂ ਚਾਹੁੰਦਾ ਸੀ ਕਿ ਉਸਦਾ ਨਾਮ ਮੀਡੀਆ ਵਿੱਚ ਪ੍ਰਗਟ ਹੋਵੇ ਪਰ ਉਸਨੇ ਭਰੋਸਾ ਦਿੱਤਾ ਸੀ ਕਿ ਉਹ ਕਿਸੇ ਵੀ ਜਾਂਚ ਏਜੰਸੀ ਦੇ ਸਾਹਮਣੇ ਪੇਸ਼ ਹੋਵੇਗਾ।

ਜੀਕੇ ਨੇ ਕਿਹਾ ਕਿ ਉਨ੍ਹਾਂ ਨੇ ਸਬੰਧਤ ਏਜੰਸੀਆਂ ਨੂੰ ਇੱਕ ਪੱਤਰ ਦੇ ਨਾਲ ਆਡੀਓ-ਵੀਡੀਓ ਰਿਕਾਰਡਿੰਗ ਜਮ ?ਹਾਂ ਕਰਵਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਜਿਹਾ ਇਸ ਲਈ ਕੀਤਾ ਤਾਂ ਜੋ 1984 ਦੇ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ਼ ਮਿਲ ਸਕੇ।

**ਫੋਰੈਂਸਿਕ ਰਿਪੋਰਟ ਵੱਲੋਂ ਆਵਾਜ਼ ਦੀ ਕੀਤੀ ਗਈ ਪੁਸ਼ਟੀ :** ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ, 'ਮਨਜੀਤ ਸਿੰਘ ਜੀ.ਕੇ. ਨੇ ਇੱਕ ਸੀਡੀ ਵਿੱਚ ਪੈੱਨ ਡਰਾਈਵ ਦੀ ਸਮੱਗਰੀ ਸੀ.ਬੀ.ਆਈ. ਨੂੰ ਦਿੱਤੀ, ਸੀ.ਬੀ.ਆਈ. ਨੇ ਇਸਨੂੰ ਸੀ.ਐਫ.ਐਸ.ਐਲ. ਨੂੰ ਭੇਜਿਆ, ਅਤੇ ਸੀ.ਐਫ.ਐਸ.ਐਲ. ਨੇ ਇਸਨੂੰ ਟਾਈਟਲਰ ਦੀ ਆਵਾਜ਼ ਵਜੋਂ ਪਛਾਣਿਆ।' ਇਹ ਮਾਮਲਾ ਅਦਾਲਤ ਵੱਲੋਂ 1 ਨਵੰਬਰ, 1984 ਨੂੰ ਪੁਲ ਬੰਗਸ਼ ਗੁਰਦੁਆਰੇ ਵਿੱਚ ਹੋਏ ਕਤਲਾਂ ਨਾਲ ਸਬੰਧਤ ਸਬੂਤਾਂ 'ਤੇ ਵਿਚਾਰ ਕੀਤੇ ਜਾਣ ਕਾਰਨ ਜਾਰੀ ਹੈ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਸੋ ਖਾਲਸਾ ਜੀ! ਇਹ ਇਸ਼ਤਿਹਾਰ ਪੜ੍ਹਦਿਆਂ ਸਾਰ ਹੀ ਹੁਣ ਪੂਰੀ ਤਵੱਜੋ ਨਾਲ 'ਪ੍ਰਚਾਰ ਹਫ਼ਤਾ' ਮਨਾਉਣ ਦੇ ਫਿਕਰ ਵਿਚ ਲੱਗ ਜਾਓ ਤੇ ਜੋ ਉਦਮ ਵੀ ਜਿਸ ਪੰਥ ਦਰਦੀ ਪਾਸੋਂ ਹੋ ਸਕਦਾ ਹੈ ਉਹ ਕਰੇ ਤੇ ਪੰਥ ਦੀਆਂ ਖੁਸ਼ੀਆਂ ਲਵੇ।

ਹਫ਼ਤਾ ਮਨਾਉਣ ਸਬੰਧੀ ਕੋਈ ਹੋਰ ਵਿਚਾਰ ਹੋਈ ਤਾਂ ਦੂਸਰੇ ਇਸ਼ਤਿਹਾਰ ਦੁਆਰਾ ਦਸ ਦਿੱਤਾ ਜਾਵੇਗਾ।

ਨੋਟ : ਇਹ ਇਸ਼ਤਿਹਾਰ ਪੜ੍ਹਦੇ ਸਾਰ ਇਸ ਕਾਰਜ ਲਈ ਦੀਵਾਨ ਕਰਨ ਵਾਸਤੇ ਆਪੋ ਆਪਣੀ ਥਾਈਂ ਸੰਗਤਾਂ ਵਿਚਾਰ ਕਰ ਲੈਣ ਤੇ ਤਰੀਕਾਂ ਮਿੱਥ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਡੈਪੂਟੇਸ਼ਨ ਭੇਜਣ ਲਈ ਲਿਖ ਦੇਣ।

**ਪ੍ਰਾਰਥਕ**
**ਗੁਰਮੁਖ ਸਿੰਘ 'ਮੁਸਾਫਰ'**
**ਆਨਰੇਰੀ ਸਕੱਤਰ**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ**

**ਗੁਰਦੁਆਰਾ ਗਜ਼ਟ ਅੰਮ੍ਰਿਤਸਰ (64) ਮਈ 1936**

**ਪੰਜਾਬ ਸਰਕਾਰ ਗਜ਼ਟ ਵਿਚ**
**ਸਿੱਖ ਗੁਰਦੁਆਰੇ ਕਰਾਰ ਦਿੱਤੇ ਗਏ**

1. ਧਰਮਸਾਲਾ ਕਿਲੀ ਚਾਹਲਾਂ ਤਹਿਸੀਲ ਮੋਗਾ ਜ਼ਿਲ੍ਹਾ ਫਿਰੋਜ਼ਪੁਰ
2. ਚਸ਼ਮਾ ਧਰਮਸਾਲਾ ਭਾਈ ਲੱਛੀ ਰਾਮ ਰਮਣ ਤਹਿਸੀਲ ਤਲਾਗੰਗ ਜ਼ਿ. ਅਟਕ
3. ਧਰਮਸਾਲਾ ਔਲਖ ਜ਼ਿ. ਗੁੱਜਰਾਂਵਾਲਾ
4. ਧਰਮਸ਼ਾਲਾ ਭਾਈ ਕਿਸ਼ਨ ਸਿੰਘ ਜੀ ਭੰਗਵਾਂ ਜ਼ਿ. ਗੁਜਰਾਂਵਾਲਾ
5. ਸਮਾਧ ਬਾਬਾ ਪਤਾਸਾ ਸਿੰਘ ਸਾਹਿਬ ਵਾਲੀ ਗੁਜਰਾਂਵਾਲਾ
6. ਗੁਰਦੁਆਰਾ ਹਜ਼ਾਰਾ ਜ਼ਿਲ੍ਹਾ ਜਲੰਧਰ।

ਗੁਰਦੁਆਰਾ ਕਮੇਟੀਆਂ ਮੁਕੰਮਲ ਹੋ ਗਈਆਂ

ਸ਼੍ਰੋਮਣੀ ਕਮੇਟੀ ਵਲੋਂ ਹੇਠ ਲਿਖੀਆਂ ਗੁਰਦੁਆਰਾ ਕਮੇਟੀਆਂ ਲਈ ਨਾਲ ਦੱਸੇ ਅਨੁਸਾਰ ਪੰਜਵੇਂ ਮੈਂਬਰ ਚੁਣੇ ਜਾ ਕੇ ਇਨ੍ਹਾਂ ਦੇ ਮੁਕੰਮਲ ਹੋਣ ਦਾ ਪੰਜਾਬ ਸਰਕਾਰ ਵਲੋਂ ਐਲਾਨ ਕਰ ਦਿੱਤਾ ਗਿਆ ਹੈ।

1. ਗੁਰਦੁਆਰਾ ਡੇਰਾ ਬਾਬਾ ਪੁਰਾਣਾ ਚੱਕ ਰਾਮਦਾਸ ਸ੍ਰ. ਨੱਥਾ ਸਿੰਘ ਸਪੁੱਤਰ ਸ੍ਰ. ਗੁਰਦਿੱਤ ਸਿੰਘ ਚੱਕ ਰਾਮਦਾਸ ਪੁਰਾਣਾ ਡਾਕਘਰ ਮੰਡਿਆਲਾ ਤੇਗ਼ਾ ਜ਼ਿਲ੍ਹਾ ਗੁਜਰਾਂਵਾਲਾ।




2. ਧਰਮਸ਼ਾਲਾ ਚਕੋਵਾਲ ਗਿਆਨੀ ਤਾਰਾ ਸਿੰਘ ਸਪੁੱਤਰ ਸ੍ਰ. ਨਰਾਇਣ ਸਿੰਘ ਸਹਾਏਪੁਰ ਡਾਕਘਰ ਸ਼ਾਮ ਚੁਰਾਸੀ ਜ਼ਿਲ੍ਹਾ ਹੁਸ਼ਿਆਰਪੁਰ।

ਇਕੋ ਕਮੇਟੀਆਂ ਹੋਣਗੀਆਂ

1. ਗੁਰਦੁਆਰਾ ਕਮੇਟੀ ਧਰਮਸ਼ਾਲਾ ਧੂਪੀਆਂ, ਧਰਮਸਾਲਾ ਲੂੰਬੀਆਂ, ਸਮਾਧ ਸਰਦਾਰ ਚੜ੍ਹਤ ਸਿੰਘ ਆਦਿ ਦੀ ਕਮੇਟੀ ਹੀ ਧਰਮਸਾਲਾ ਭਾਈ ਮੂਲ ਸਿੰਘ ਜੀ ਗੁਜਰਾਂਵਾਲਾ ਦੀ ਕਮੇਟੀ ਹੋਵੇਗੀ।
2. ਗੁਰਦੁਆਰਾ 9ਵੀਂ ਪਾਤਸ਼ਾਹੀ ਭਰਤਗੜ੍ਹ ਆਦਿ ਦੀ ਕਮੇਟੀ ਹੀ ਗੁਰਦੁਆਰਾ ਮੰਜੀ ਸਾਹਿਬ ਗੁਰੂ ਹਰ ਰਾਏ ਸਾਹਿਬ ਫਤਹਿਪੁਰ ਬੂੰਗਾ ਤਹਿਸੀਲ ਰੋਪੜ ਜ਼ਿਲ੍ਹਾ ਅੰਬਾਲਾ ਦੀ ਕਮੇਟੀ ਹੋਵੇਗੀ।
3. ਗੁਰਦੁਆਰਾ ਦਮਦਮਾ ਸਾਹਿਬ ਤਲਵਾੜਾ ਨੰ. 71 ਦੀ ਕਮੇਟੀ ਹੀ ਗੁਰਦੁਆਰਾ ਧਰਮਸਾਲਾ ਗੂੰਥੀਆਂ ਸ੍ਰੀ ਹਰਗੋਬਿੰਦਪੁਰ ਤਹਿਸੀਲ ਬਟਾਲਾ ਜ਼ਿ. ਗੁਰਦਾਸਪੁਰ ਦੀ ਕਮੇਟੀ ਹੋਵੇਗੀ।
4. ਗੁਰਦੁਆਰਾ ਰੋੜੀ ਸਾਹਿਬ ਚੱਕੀ ਸਾਹਿਬ ਏਮਨਾਬਾਦ ਦੀ ਕਮੇਟੀ ਹੀ ਗੁਰਦੁਆਰਾ, ਛੇਵੀਂ ਪਾਤਸ਼ਾਹੀ ਕੋਟਲੀ ਭਾਗਾ ਜ਼ਿਲ੍ਹਾ ਗੁਜਰਾਂਵਾਲਾ ਦੀ ਕਮੇਟੀ ਹੋਵੇਗੀ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (65) ਮਈ 1936

ਪ੍ਰਚਾਰ ਰਿਪੋਰਟ ਮਹੀਨਾ ਅਪ੍ਰੈਲ (1936)

ਗਿਆਨੀ ਪ੍ਰਤਾਪ ਸਿੰਘ ਜੀ : ਆਪਣੇ ਇਸ ਮਹੀਨੇ ਵਾਇਆਂ ਵਾਲੀ ਜ਼ਿਲ੍ਹਾ ਗੁਜਰਾਂਵਾਲਾ, ਭੌਣ ਜ਼ਿਲ੍ਹਾ ਜਿਹਲਮ, ਚਕੌੜੀ ਅਤੇ ਖੁਸ਼ਾਬ ਵਿਚ ਸਜੇ ਦੀਵਾਨਾਂ ਪੁਰ ਜਾ ਕੇ ਆਪਣੇ ਖ਼ਿਆਲਾਤ ਪ੍ਰਗਟ ਕੀਤੇ। 'ਸਰਬ-ਹਿੰਦ ਪ੍ਰਚਾਰ ਕਾਨਫਰੰਸ' ਦੇ ਡੈਪੂਟੇਸ਼ਨ ਨਾਲ ਜਿਹਲਮ ਗਏ ਅਤੇ ਸਰਬ ਹਿੰਦ ਪ੍ਰਚਾਰ ਕਾਨਫਰੰਸ ਦੇ ਸਮੇਂ ਸ੍ਰੀ ਅੰਮ੍ਰਿਤਸਰ ਜੀ ਵਿਖੇ ਧਾਰਮਿਕ ਦੀਵਾਨ ਸਜਾਉਣ ਆਦਿ ਦਾ ਪ੍ਰਬੰਧ ਕਰਦੇ ਰਹੇ।

ਭਾਈ ਵੱਸਣ ਸਿੰਘ ਜੀ : ਆਪ ਨੇ ਇਸ ਮਹੀਨੇ ਸੋਈਆਂ, ਜਾਂਗੀਰ, ਮੈਹਣੀਆਂ, ਰਾਮ ਦਵਾਲੀ, ਡੇਰਾ ਵਾਲ, ਡਸਕਾ, ਤਰਸਿੱਕਾ, ਸਰਲੀ, ਤਰਨ ਤਾਰਨ, ਝਬਾਲ ਆਦਿ ਪਿੰਡਾਂ ਦਾ ਪ੍ਰਚਾਰ ਹਿਤ ਤੇ ਅਖੌਤੀ ਅਛੂਤਾਂ ਨੂੰ ਸਰਬ ਹਿੰਦ ਪ੍ਰਚਾਰ ਕਾਨਫਰੰਸ ਤੇ ਪੁੱਜਣ ਲਈ ਪ੍ਰੇਰਨਾ ਕਰਨ ਵਾਸਤੇ ਦੌਰਾ ਕੀਤਾ।

**(ਚਲਦਾ)**



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਜਲੇ ਹੋਏ ਸਥਾਨ 'ਤੇ 10-15 ਮਿੰਟਾਂ ਲਈ ਠੰਡਾ ਪਾਣੀ ਪਾਓ।
2. ਬਰਫ਼ ਦੀ ਵਰਤੋਂ ਨਾ ਕਰੋ।
3. ਜਲਦੀ ਨਾਲ ਅੰਗੂਠੀਆਂ, ਕੜੇ, ਘੜੀਆਂ ਨੂੰ ਉਤਾਰ ਦੇਵੋ। ਕਿਉਂਕਿ ਸੋਜ਼ਿਸ਼ ਦੇ ਕਾਰਨ ਬਾਅਦ ਵਿੱਚ ਇਨ੍ਹਾਂ ਨੂੰ ਉਤਾਰਨਾ ਮੁਸ਼ਕਲ ਹੋ ਜਾਂਦਾ ਹੈ।
4. ਜਲੇ ਹੋਏ ਸਥਾਨ 'ਤੇ ਮੱਖਣ ਜਾਂ ਤੇਲ ਨਾ ਮਲੋ, ਕਿਉਂਕਿ ਇਸ ਨਾਲ ਬਾਅਦ ਵਿੱਚ ਇਨਫ਼ੈਕਸ਼ਨ ਹੋ ਸਕਦਾ ਹੈ।
5. ਛਾਲਿਆਂ ਨੂੰ ਨਾ ਭੰਨੋ।
6. ਆਈਬੂਪ੍ਰੋਫ਼ਿਨ ਦਵਾਈ ਨਾਲ ਦਰਦ ਘਟੇਗਾ।
7. ਪਾਣੀ ਤੇ ਜੂਸ ਜ਼ਿਆਦਾ ਮਾਤਰਾ ਵਿੱਚ ਪੀਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਦੂਜੇ ਅਤੇ ਤੀਸਰੇ ਦਰਜੇ ਦੇ ਜਲਣ ਸਮੇਂ।
2. ਜੇਕਰ ਚਿਹਰਾ ਅਤੇ ਸਿਰ ਜਲੇ ਹਨ।
3. ਬਿਜਲੀ ਨਾਲ ਜਲੇ ਹੋਏ (ਅੰਦਰੂਨੀ ਨੁਕਸਾਨ ਕਾਰਨ)।
4. ਇਨਫ਼ੈਕਸ਼ਨ ਦੇ ਚਿੰਨ੍ਹ : ਬੁਖ਼ਾਰ, ਪੀਕ, ਦਰਦ ਦਾ ਵਧਣਾ, ਸੋਜ਼ਿਸ਼ ਅਤੇ ਲਾਲੀ ਹੋਣਾ।
5. ਪਿਸ਼ਾਬ ਨਾ ਆਉਣਾ ਜਾਂ ਘੱਟ ਆਉਣਾ, ਸਰੀਰ ਵਿਚ ਪਾਣੀ ਦੀ ਕਮੀ ਦੀ ਨਿਸ਼ਾਨੀ ਹੋ ਸਕਦਾ ਹੈ।

**ਪਾਚਣ ਪ੍ਰਣਾਲੀ**

ਆਪਣੀ ਸਿਹਤ ਸੰਭਾਲ ਵਿੱਚ ਬਹੁਤ ਸਹਾਇਕ ਹੁੰਦੀ ਹੈ।

(ੳ) ਮੂੰਹ :

1. ਮੂੰਹ ਵਿੱਚ ਸੈਲੀਵਰੀ ਗਲੈਂਡ ਥੁੱਕ ਬਣਾਂਦੇ ਹਨ, ਜਿਸ ਵਿੱਚ ਐਂਨਜ਼ਾਈਮ (ਅਮਾਈਲੇਜ਼) ਹੁੰਦੇ ਹਨ, ਜੋ ਕਾਰਬੋਹਾਈਡ੍ਰੇਟਸ ਨੂੰ ਪਚਾਉਣ ਵਿੱਚ ਮੱਦਦ ਕਰਦੇ ਹਨ।
2. ਚਬਾਉਣ ਨਾਲ ਖਾਣਾ ਛੋਟੇ ਛੋਟੇ ਕਣਾਂ ਵਿੱਚ ਬਦਲ ਜਾਂਦਾ ਹੈ ਅਤੇ ਤਰਲ ਹੋ ਜਾਂਦਾ ਹੈ।
3. ਜੀਭ ਵਿੱਚ ਸਵਾਦ ਦੀਆਂ ਗ੍ਰੰਥੀਆਂ ਹੁੰਦੀਆਂ ਹਨ ਅਤੇ ਜੀਭ ਖਾਣੇ ਨੂੰ ਗਲੇ ਤੋਂ ਥੱਲੇ ਕਰਨ ਵਿੱਚ ਸਹਾਈ ਹੁੰਦੀ ਹੈ।

**(ਅ) ਇਸੋਫ਼ੇਗਸ (ਖਾਣੇ ਦੀ ਨਲੀ) :**

1. ਇਹ ਇੱਕ ਨਲੀ ਹੈ ਜਿਸ ਰਾਹਲ ਖਾਣਾ ਮੂੰਹ ਤੋਂ ਪੇਟ ਤੱਕ ਪਹੁੰਚਦਾ ਹੈ।
2. ਜਦੋਂ ਅਸਲ ਖਾਣਾ ਅੰਦਰ ਲੰਘਾਂਦੇ ਹਾਂ ਤਾਂ ਹੁੱਥੂ ਤੋਂ ਬਚਣ ਲਈ ਐਪੀਗਲੌਟਿਸ, ਸਾਹ ਲੈਣ ਵਾਲੀ ਨਲੀ (ਟਰੈਕੀਆ) ਯ ਢੱਕਦਾ ਹੈ।

**(ੲ) ਪੇਟ :**

1. ਪੇਟ ਵਿੱਚ ਖਾਣਾ 2-3 ਘੰਟੇ ਤੱਕ ਰਹਿੰਦਾ ਹੈ।
2. ਪਾਣੀ ਨੂੰ ਸੋਖਦਾ ਹੈ।
3. ਪ੍ਰੋਟੀਨ ਯ ਪਚਾਉਣ ਲਈ ਪੈਪਸਿਨ ਅਤੇ ਗੈਸਟਰਿਨ ਐਂਨਜ਼ਾਈਮ ਪੇਟ ਵਿੱਚ ਪੈਦਾ ਹੁੰਦਾ ਹੈ।

**(ਸ) ਛੋਟੀ ਆਂਤੜੀ :**

1. ਡਿਉਡਿਨਮ, ਜਿਜੁਨਮ ਅਤੇ ਈਲੀਅਮ ਛੋਟੀ ਆਂਤੜੀ ਬਣਾਂਦੀਆਂ ਹਨ।
2 ਛੋਟੀ ਆਂਤੜੀ ਵਿੱਚ ਖਾਣਾ ਪੂਰੀ ਤਰ੍ਹਾਂ ਪਚ ਜਾਂਦਾ ਹੈ ਅਤੇ ਸੋਖਿਆ ਜਾਂਦਾ ਹੈ।

**(ਹ) ਵੱਡੀ ਆਂਤੜੀ :**

1. ਵੱਡੀ ਆਂਤੜੀ ਵਿੱਚ ਪਾਣੀ ਹੋਰ ਸੋਖਿਆ ਜਾਂਦਾ ਹੈ ਅਤੇ ਪਖਾਨਾ ਬਣਦਾ ਹੈ।
2. ਇਸ ਹਿੱਸੇ ਵਿੱਚ ਬੈਕਟੀਰੀਆ ਕੁਦਰਤੀ ਫਲੋਰਾ ਬਣਾਂਦੇ ਹਨ ਅਤੇ ਇਹ ਸੋਖਣ ਦੀ ਕਿਰਿਆ ਲਈ ਜ਼ਰੂਰੀ ਹਨ।
3. ਵਿਟਾਮਿਨ-ਕੇ ਅਤੇ ਬਾਇਓਟਿਨ ਇੱਥੇ ਪੈਦਾ ਹੁੰਦੇ ਹਨ।

**(ਕ) ਹੋਰ ਅੰਗ :**

1. ਜਿਗਰ : ਬਾਈਲ ਬਣਾਂਦਾ ਹੈ, ਜੋ ਕਿ ਚਰਬੀ ਦੇ ਪਚਣ ਲਈ ਜ਼ਰੂਰੀ ਹੈ।
2. ਪਿੱਤਾ : ਜਿਗਰ ਵਿੱਚ ਜੋ ਬਾਈਲ ਬਣਦਾ ਹੈ, ਉਸਯ ਪਿੱਤਾ ਸਟੋਰ ਕਰਦਾ ਹੈ।
3. **ਪੈਂਕਰੀਆਜ਼ :**

- ਸ਼ੂਗਰ ਨੂੰ ਪਚਾਉਣ ਲਈ ਇੰਨਸੁਲਿਨ ਬਣਾਂਦਾ ਹੈ। ਇੰਨਸੁਲਿਨ ਦੀ ਘਾਟ ਕਾਰਨ ਸ਼ੂਗਰ ਦੀ ਬਿਮਾਰੀ ਹੋ ਜਾਂਦੀ ਹੈ।
- ਪ੍ਰੋਟੀਨ, ਕਾਰਬੋਹਾਈਡ੍ਰੇਟਸ ਅਤੇ ਚਰਬੀ ਨੂੰ ਪਚਾਉਣ ਲਈ ਐਂਨਜ਼ਾਈਮ ਬਣਾਂਦਾ ਹੈ।
- ਤੇਜ਼ਾਬਾਂ ਦਾ ਸੰਤੁਲਨ ਬਣਾਈ ਰੱਖਣ ਲਈ ਬਾਈਕਾਰਬੋਨੇਟ ਬਣਾਂਦਾ ਹੈ ।

**ਸਿਹਤਮੰਦ ਖ਼ੁਰਾਕ ਦੇ ਨੁਕਤੇ**

1. ਦਿਨ ਵਿੱਚ 1-2 ਵਾਰ ਜ਼ਿਆਦਾ ਖਾਣ ਨਾਲੋਂ 3-4 ਜਾਂ 5 ਵਾਰ ਘੱਟ ਮਿਕਦਾਰ ਵਿੱਚ ਖਾਣਾ ਖਾਓ।
2. ਪਾਣੀ : ਸਰੀਰ ਦੇ ਠੀਕ ਕੰਮ-ਕਾਰ ਕਰਨ ਲਈ ਦਿਨ ਵਿੱਚ 6-8 ਗਲਾਸ ਪਾਣੀ ਪੀਣਾ ਬਹੁਤ ਜ਼ਰੂਰੀ ਹੈ।
3. **ਚਰਬੀ :**

- ਫ਼ਾਇਦੇਮੰਦ ਚਰਬੀ ਦੇ ਸ੍ਰੋਤ : ਮੂੰਗਫਲੀ, ਜੈਤੂਨ ਦਾ ਤੇਲ (ਔਲਿਵ), ਵੈਜੀਟੇਬਲ ਤੇਲ, ਬੀਜ, ਨੱਟਸ, ਐਵੋਕੈਡੋ ਯ ਵਰਤੋਂ ਵਿੱਚ ਲਿਆਓ।
- ਨੁਕਸਾਨਦਾਇਕ ਚਰਬੀ ਦੇ ਸ੍ਰੋਤ : ਮੱਖਣ, ਸਲਾਦ ਡਰੈਸਿੰਗ, ਮਾਰਜੇਰੀਨ, ਨਾਰੀਅਲ ਦਾ ਤੇਲ, ਪਾਮ ਦਾ ਤੇਲ, ਮੇਓਨੀਜ਼ ਤੋਂ ਪਰਹੇਜ਼ ਕਰੋ।

4. ਦਹੀਂ : ਦਹੀਂ ਵਿੱਚ ਪ੍ਰੋਟੀਨ, ਕੈਲਸ਼ੀਅਮ, ਪ੍ਰੋ-ਬਾਇਓਟਿਕ (ਬੈਕਟੀਰੀਆ ਜੋ ਪਾਚਣ ਵਿੱਚ ਸਹਾਈ ਹੁੰਦਾ ਹੈ) ਕਾਫ਼ੀ ਮਾਤਰਾ ਵਿੱਚ ਹੁੰਦੇ ਹਨ।
5. ਗੁੜ : ਚੀਨੀ ਨਾਲੋਂ ਗੁੜ, ਮਿੱਠੇ ਦਾ ਜ਼ਿਆਦਾ ਵਧੀਆ ਸ੍ਰੋਤ ਹੈ। ਗੁੜ ਸੀਲੇਨੀਅਮ ਦਾ ਇੱਕ ਵਧੀਆ ਸ੍ਰੋਤ ਹੈ।
5. 65 ਸਾਲ ਦੀ ਉਮਰ ਤੋਂ ਵੱਧ : ਰੋਜ਼ਾਨਾ ਕੈਲਸ਼ੀਅਮ ਅਤੇ ਵਿਟਾਮਿਨਡੀ ਲਵੋ (ਕਰੀਬ 1500 ਐਮ.ਜੀ. ਕੈਲਸ਼ੀਅਮ ਅਤੇ 400-600 ਆਈ.ਯੂ. ਵਿਟਾਮਿਨ-ਡੀ)।
7. ਮੱਕੀ (ਕੌਰਨ) : ਇਹ ਖਾਣੇ ਦੇ ਫ਼ਾਈਬਰ, ਵਿਟਾਮਿਨ-ਬੀ-1, ਬੀ-5, ਵਿਟਾਮਿਨ-ਸੀ, ਫ਼ੋਲਿਕ ਐਸਿਡ ਅਤੇ ਫਾਸਫੌਰਸ ਦਾ ਇੱਕ ਵਧੀਆ ਸ੍ਰੋਤ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।




## ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਯੂਏਈ ਦੇ ਹਮਰੁਤਬਾ ਸ਼ੇਖ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਨਾਲ ਦੁਵੱਲੀ ਕੀਤੀ ਮੀਟਿੰਗ



ਨਵੀਂ ਦਿੱਲੀ: ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਦੇ ਸਾਊਥ ਬਲਾਕ ਵਿਖੇ ਦੁਬਈ ਦੇ ਕ੍ਰਾਊਨ ਪ੍ਰਿੰਸ ਅਤੇ ਯੂਏਈ ਦੇ ਉਪ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਸ਼ੇਖ ਹਮਦਾਨ ਬਿਨ ਮੁਹੰਮਦ ਬਿਨ ਰਾਸ਼ਿਦ ਅਲ ਮਕਤੂਮ ਨਾਲ ਦੁਵੱਲੀ ਮੀਟਿੰਗ ਕੀਤੀ।

## ਦਿੱਲੀ ਪੁਲਿਸ ਦੀ ਵਿਦੇਸ਼ੀ ਸੈੱਲ ਟੀਮ ਨੇ ਪੰਜ ਗੈਰ-ਕਾਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਕੀਤਾ ਗ੍ਰਿਫ਼ਤਾਰ



ਨਵੀਂ ਦਿੱਲੀ : ਦਿੱਲੀ ਪੁਲਿਸ ਦੇ ਉੱਤਰ-ਪੱਛਮੀ ਜ਼ਿਲ੍ਹੇ ਦੀ ਵਿਦੇਸ਼ੀ ਸੈੱਲ ਟੀਮ ਨੇ ਮੰਗਲਵਾਰ ਨੂੰ ਨਵੀਂ ਦਿੱਲੀ ਦੇ ਜਹਾਂਗੀਰ ਪੁਰੀ ਤੋਂ ਇੱਕ ਨਿਗਰਾਨੀ ਮੁਹਿੰਮ ਤੋਂ ਬਾਅਦ ਪੰਜ ਗੈਰ-ਕਾਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ।

## ਮੋਗਾ ਸੈਕਸ ਸਕੈਂਡਲ : ਤਤਕਾਲੀ ਐਸ.ਐਸ.ਪੀ. ਸਮੇਤ 4 ਪੁਲਿਸ ਅਧਿਕਾਰੀਆਂ ਨੂੰ 5-5 ਸਾਲ ਦੀ ਸਜ਼ਾ

### 1 ਐਸ.ਐਚ.ਓ. ਨੂੰ 3 ਸਾਲ ਦੀ ਵਾਧੂ ਸਜ਼ਾ

ਐੱਸ. ਏ. ਐੱਸ. ਨਗਰ : ਮੋਗਾ ਦੇ ਬਹੁਚਰਚਿਤ ਸੈਕਸ ਸਕੈਂਡਲ ਮਾਮਲੇ 'ਚ ਅੱਜ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਵਲੋਂ ਤਤਕਾਲੀ ਐੱਸ.ਐੱਸ.ਪੀ. ਦਵਿੰਦਰ ਸਿੰਘ ਗਰਚਾ, ਤਤਕਾਲੀ ਐੱਸ.ਪੀ. ਪਰਮਦੀਪ ਸਿੰਘ ਸੰਧੂ, ਤਤਕਾਲੀ ਐੱਸ.ਐਚ.ਓ. (ਮੋਗਾ ਸਿਟੀ) ਰਮਨ ਕੁਮਾਰ ਤੇ ਤਤਕਾਲੀ ਇੰਸਪੈਕਟਰ ਅਮਰਜੀਤ ਸਿੰਘ ਨੂੰ ਭ੍ਰਿਸ਼ਟਾਚਾਰ ਰੋਕਥਾਮ ਐਕਟ ਦੀ ਧਾਰਾ 13 (2) ਦੇ ਨਾਲ ਪੜ੍ਹੀ ਜਾਂਦੀ ਧਾਰਾ 13 (1) (ਡੀ) ਤਹਿਤ 5 ਸਾਲਾਂ ਦੀ ਸਖ਼ਤ ਕੈਦ ਤੇ 2-2 ਲੱਖ ਰੁਪਏ ਜ਼ੁਰਮਾਨਾ ਅਦਾ ਕਰਨ ਦੇ ਹੁਕਮ ਸੁਣਾਏ ਗਏ। ਨਾਲ ਹੀ ਅਦਾਲਤ ਨੇ ਐੱਸ.ਐਚ.ਓ. ਰਮਨ ਕੁਮਾਰ ਨੂੰ ਆਈ. ਪੀ. ਸੀ. ਦੀ ਧਾਰਾ 384 (ਜਬਰਨ ਵਸੂਲੀ) ਤਹਿਤ ਦੋਸ਼ੀ ਕਰਾਰ ਦਿੰਦਿਆਂ ਉਕਤ ਸਜ਼ਾ ਤੋਂ ਇਲਾਵਾ 3 ਸਾਲ ਦੀ ਹੋਰ ਕੈਦ ਤੇ 1 ਲੱਖ ਰੁ: ਜੁਰਮਾਨਾ ਅਦਾ ਕਰਨ ਦੇ ਹੁਕਮ ਸੁਣਾਏ ਹਨ। ਜਾਣਕਾਰੀ ਮੁਤਾਬਿਕ ਇਸ ਮਾਮਲੇ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀ.ਬੀ.ਆਈ. ਨੇ. ਸਾਲ 2007 'ਚ ਸ਼ੁਰੂ ਕੀਤੀ ਸੀ। ਮੋਗਾ ਦੇ ਰਹਿਣ ਵਾਲੇ ਰਣਜੀਤ ਸਿੰਘ ਵਲੋਂ ਉਸ ਸਮੇਂ ਦੇ ਡੀ.ਜੀ.ਪੀ. (ਕਾਨੂੰਨ ਤੇ ਵਿਵਸਥਾ) ਨੂੰ ਦਿੱਤੀ ਗਈ ਸ਼ਿਕਾਇਤ ਨੂੰ ਜਾਂਚ ਦਾ ਆਧਾਰ ਬਣਾਇਆ ਗਿਆ ਸੀ। ਸੀ.ਬੀ.ਆਈ. ਦੀ ਜਾਂਚ ਦੌਰਾਨ ਸਾਹਮਣੇ ਆਇਆ ਸੀ ਕਿ ਮੋਗਾ ਦੇ ਉਸ ਸਮੇਂ ਦੇ ਐੱਸ.ਐੱਸ.ਪੀ. ਦਵਿੰਦਰ ਸਿੰਘ ਗਰਚਾ ਨੇ ਹੋਰ ਪੁਲਿਸ ਮੁਲਾਜ਼ਮਾਂ ਨਾਲ ਮਿਲੀਭੁਗਤ ਕਰਕੇ ਅਮੀਰ ਤੇ ਰਸੂਖ਼ਦਾਰ ਲੋਕਾਂ ਨੂੰ ਫ਼ਰਜ਼ੀ ਜਬਰ-ਜਨਾਹ ਦੇ ਮਾਮਲਿਆਂ 'ਚ ਫਸਾ ਕੇ ਤੇ ਬਾਅਦ 'ਚ ਜਾਂਚ ਦੌਰਾਨ ਬੇਕਸੂਰ ਸਾਬਤ ਕਰਵਾ ਕੇ ਉਨ੍ਹਾਂ ਤੋਂ ਵਿੱਤੀ ਲਾਭ ਲਏ ਸਨ।



ਮੋਗਾ ਦੇ ਸੈਕਸ ਸਕੈਂਡਲ ਮਾਮਲੇ 'ਚ ਦੋਸ਼ੀਆਂ ਨੂੰ ਸੀ.ਬੀ.ਆਈ. ਅਦਾਲਤ 'ਚ ਪੇਸ਼ ਕਰਨਲਈ ਲੈ ਕੇ ਜਾਂਦੇ ਹੋਏ ਪੁਲਿਸ ਮੁਲਾਜ਼ਮ

ਜ਼ਿਕਰਯੋਗ ਹੈ ਕਿ ਇਸ ਸਕੈਂਡਲ 'ਚ ਪੁਲਿਸ ਮੁਲਾਜ਼ਮਾਂ ਵਲੋਂ 2 ਔਰਤਾਂ ਮਨਜੀਤ ਕੌਰ ਤੇ ਮਨਪ੍ਰੀਤ ਕੌਰ ਦੀ ਬਤੌਰ ਫਰਜ਼ੀ ਜਬਰ-ਜਨਾਹ ਪੀੜਤਾਂ ਵਜੋਂ ਵਰਤੋਂ ਕੀਤੀ ਗਈ ਸੀ। ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਵਲੋਂ ਤਤਕਾਲੀ ਐੱਸ.ਐੱਸ.ਪੀ. ਦਵਿੰਦਰ ਸਿੰਘ ਗਰਚਾ, ਤਤਕਾਲੀ ਐੱਸ.ਪੀ. ਪਰਮਦੀਪ ਸਿੰਘ ਸੰਧੂ, ਤਤਕਾਲੀ ਐੱਸ.ਐੱਚ.ਓ. ਇੰਸਪੈਕਟਰ ਰਮਨ ਕੁਮਾਰ ਤੇ ਇੰਸਪੈਕਟਰ ਅਮਰਜੀਤ ਸਿੰਘ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੀ.ਬੀ.ਆਈ. ਦੇ ਵਕੀਲ ਅਨਮੋਲ ਨਾਰੰਗ ਨੇ ਦੱਸਿਆ ਕਿ ਉਕਤ ਕੇਸ 'ਚ ਸੀ.ਬੀ.ਆਈ. ਵਲੋਂ 112 ਗਵਾਹਾਂ ਦਾ ਹਵਾਲਾ ਦਿੱਤਾ ਗਿਆ ਸੀ, ਜਿਨ੍ਹਾਂ 'ਚੋਂ 95 ਗਵਾਹਾਂ ਦੇ ਬਿਆਨ ਦਰਜ ਕੀਤੇ ਗਏ ਸਨ ਤੇ ਕਾਫ਼ੀ ਸਮੇਂ ਤੋਂ ਲੰਬਿਤ ਚੱਲ ਰਹੇ ਇਸ ਮਾਮਲੇ 'ਚ ਠੋਸ ਸਬੂਤਾਂ ਤੇ ਗਵਾਹਾਂ ਨੇ ਅਹਿਮ ਭੂਮਿਕਾ ਨਿਭਾਉਂਦਿਆਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ 'ਚ ਸਹਾਇਤਾ ਕੀਤੀ। ਉਨ੍ਹਾਂ ਦੱਸਿਆ ਕਿ ਅਦਾਲਤ ਦੇ ਇਸ ਫ਼ੈਸਲੇ ਨਾਲ ਕਰੀਬ 50 ਪੀੜਤਾਂ ਨੂੰ ਇਨਸਾਫ਼ ਮਿਲਿਆ ਹੈ। ਇਸ ਮਾਮਲੇ ਦੇ ਸ਼ਿਕਾਇਤਕਰਤਾ ਰਣਜੀਤ ਸਿੰਘ ਨੇ ਅਦਾਲਤ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਉਨ੍ਹਾਂ ਦੀ ਬਣਦੀ ਸਜ਼ਾ ਮਿਲ ਗਈ ਹੈ ਤੇ ਉਨ੍ਹਾਂ ਵਲੋਂ ਨਿਡਰਤਾ ਨਾਲ ਕੇਸ ਦੀ ਪੈਰਵਾਈ ਕਰਨ ਦਾ ਹੁਣ ਨਤੀਜਾ ਸਾਹਮਣੇ ਆਇਆ ਹੈ।

## ਹੈਰੋਇਨ ਸਮੇਤ 2 ਨਸ਼ਾ ਤਸਕਰ ਕਾਬੂ, ਨਜਾਇਜ਼ ਅਸਲਾ ਵੀ ਬਰਾਮਦ

ਫ਼ਿਰੋਜ਼ਪੁਰ : ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਫ਼ਿਰੋਜ਼ਪੁਰ ਪੁਲਿਸ ਵਲੋਂ 2 ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਇਕ ਕਿਲੋ ਤੋਂ ਵੱਧ ਹੈਰੋਇਨ, ਮੋਟਰਸਾਈਕਲ ਤੇ 2 ਮੋਬਾਈਲ ਫੋਨ ਬਰਾਮਦ ਕੀਤੇ ਹਨ ?। ਜਾਣਕਾਰੀ ਦਿੰਦਿਆਂ ਐਸ. ਐਸ. ਪੀ. ਭੁਪਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਤੋਂ ਇਲਾਵਾ ਬੀਤੀ 4 ਅਪ੍ਰੈਲ ਨੂੰ ਹੈਰੋਇਨ ਤੇ ਨਜਾਇਜ਼ ਅਸਲੇ ਸਮੇਤ ਫੜੇ ਚਾਰ ਨਸ਼ਾ ਤਸਕਰਾਂ ਦੀ ਨਿਸ਼ਾਨਦੇਹੀ 'ਤੇ ਹੋਰ 2 ਪਿਸਤੌਲ ਸਣੇ ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।

ਪਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St, Stockton, CA 95206
(A Historical Land Mark of CA)



## ਖਾਲਸਾ ਪੰਥ ਦੀ ਸਾਜਨਾ ਦਿਵਸ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ

# 26ਵੇਂ ਮਹਾਨ ਨਗਰ ਕੀਰਤਨ

20 ਅਪ੍ਰੈਲ 2025, ਦਿਨ ਐਤਵਾਰ

## ਅਤੇ ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 20 ਅਪ੍ਰੈਲ 5 ਤੋਂ 9 ਵਜੇ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 20 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 326ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਕੀਰਤਨ ਯਾਤਰਾ ਪਿਛੋਂ ਗੁਰੂ ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿੱਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਉ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗਿਆਨੀ ਪ੍ਰਿੰਦਰਪਾਲ ਸਿੰਘ ਜੀ | ਭਾਈ ਪਰਮਜੀਤ ਸਿੰਘ ਜੀ ਖਾਲਸਾ, ਸ੍ਰੀ ਆਨੰਦਪੁਰ ਸਾਹਿਬ ਵਾਲੇ, ਅਪ੍ਰੈਲ 3 ਤੋਂ 9 ਤੱਕ ਰੋਜ਼ਾਨਾ ਕਥਾ ਕਰਨਗੇ। | ਭਾਈ ਗੁਰਕੀਰਤ ਸਿੰਘ ਜੀ ਹਜ਼ੂਰੀ ਰਾਗੀ | ਭਾਈ ਬਲਵਿੰਦਰ ਸਿੰਘ ਜੀ ਲੋਪੋਕੇ, ਹਜ਼ੂਰੀ ਰਾਗੀ | ਭਾਈ ਸੁਲੱਖਣ ਸਿੰਘ ਜੀ ਰਿਆੜ ਕਵੀਸ਼ਰੀ ਜਥਾ | ਭਾਈ ਗੁਰਸੇਵਕ ਸਿੰਘ ਜੀ ਹੈਡ ਗ੍ਰੰਥੀ

## ਅੰਮ੍ਰਿਤ ਸੰਚਾਰ : 19 ਅਪ੍ਰੈਲ ਦਿਨ ਸ਼ਨੀਵਾਰ ਸਵੇਰੇ 8.00 ਵਜੇ

**ਫਲੋਟਾਂ ਦੀ ਸੇਵਾ ਲਈ ਕਾਲ ਕਰੋ**
ਭਾਈ ਗੁਲਵਿੰਦਰ ਸਿੰਘ ਭਿੰਡਾ 209-487-3699
ਭਾਈ ਬਲਵਿੰਦਰ ਸਿੰਘ ਮਿੱਠੂ (209) 456-3210

**ਗੁਰੂ ਕੇ ਲੰਗਰਾਂ ਦੀ ਸੇਵਾ ਲਈ ਕਾਲ ਕਰੋ :**
ਭਾਈ ਕਸ਼ਮੀਰ ਸਿੰਘ (209) 470-7006
ਭਾਈ ਜਸਵੀਰ ਸਿੰਘ ਗੁਰਾਇਆ (209) 649-6053

**ਦੁਕਾਨਾਂ ਦੀ ਜਾਣਕਾਰੀ ਲਈ ਕਾਲ ਕਰੋ ਜੀ :**
ਭਾਈ ਪਰਮਪ੍ਰੀਤ ਸਿੰਘ ਨਿੱਝਰ (510) 377-5320
ਭਾਈ ਪ੍ਰਭਜੀਤ ਸਿੰਘ (510) 938-7840

ਨਗਰ ਕੀਰਤਨ 'ਤੇ ਪਾਰਕਿੰਗ ਤੋਂ ਲੈ ਕੇ ਗੁਰੂ ਘਰ ਤੱਕ ਸਕਿਊਰਿਟੀ ਦਾ ਖਾਸ ਪ੍ਰਬੰਧ ਹੈ।



19 ਅਪ੍ਰੈਲ 2025 ਦਿਨ ਸ਼ਨੀਵਾਰ ਨੂੰ ਗੁਰੂ ਘਰ 'ਚ ਦਸਤਾਰ ਦਿਵਸ (Turban day) ਮਨਾਇਆ ਜਾਵੇਗਾ।

ਨਗਰ ਕੀਰਤਨ ਦੀ ਪਾਰਕ ਲਈ ਇਹ ਤਿੰਨ ਥਾਵਾਂ ਚੁਣੀਆਂ ਗਈਆਂ ਹਨ।
ਇਸ ਵਾਸਤੇ ਸੰਗਤਾਂ ਦੀ ਸੁਵਿਧਾ ਲਈ ਬੱਸਾਂ ਅਤੇ ਵੈਨਾਂ ਦਾ ਖਾਸ ਪ੍ਰਬੰਧ ਹੈ।

K-MART
2180 E MARIPOSA RD. STOCKTON.CA. 95205

FAIRGROUNDS
B-STREET PARKING

EDISON HIGH SCHOOL
100 DR. M.L.K BLVD. STOCKTON. CA 95206

ਭਾਈ ਹਰਨੇਕ ਸਿੰਘ ਅਟਵਾਲ ਪ੍ਰਧਾਨ (209) 351-5965, ਭਾਈ ਹਰਮੋਹਿੰਦਰ ਸਿੰਘ ਵਾਈਸ ਪ੍ਰਧਾਨ +1 (408) 449-9261
ਭਾਈ ਜਸਵਿੰਦਰ ਸਿੰਘ ਸਟੇਜ ਸਕੱਤਰ (209) 649-6578, ਭਾਈ ਬਲਜਿੰਦਰ ਸਿੰਘ ਖਜ਼ਾਨਚੀ (209) 603-0680

ਗੁਰਦੁਆਰਾ ਸਾਹਿਬ ਸਟਾਕਟਨ (209) 625-7500

# ਟਰੇਸੀ ਖਾਲਸਾਈ ਕੇਸਰੀ ਜਾਹੋ ਜਲਾਲ ਨਾਲ ਰੰਗਿਆ ਗਿਆ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਸ਼ਰਧਾ ਸੇਵਾ ਨਾਲ ਮਨਾਇਆ ਗਿਆ















ਟਰੇਸੀ, (ਬਿਊਰੋ ਨਿਊਜ਼) : ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਬੜੇ ਉਤਸ਼ਾਹ ਨਾਲ ਸਜਾਇਆ ਗਿਆ। ਜਿਸ ਵਿੱਚ ਸੰਗਤਾਂ ਦਾ ਠਾਠਾਂ ਮਾਰਦਾ ਵਿਸ਼ਾਲ ਇਕੱਠ ਸੀ। ਇਸ ਵਾਰ ਸੰਗਤਾਂ ਦੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ।

ਭਾਵੇਂ ਕਿ ਤਕਰੀਬਨ 25-30 ਮੀਲ ਦੂਰ ਇੱਕ ਹੋਰ ਨਗਰ ਕੀਰਤਨ ਸੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਦਮਦਮੀ ਟਕਸਾਲ ਦੇ ਸੇਵਾਦਾਰਾਂ ਵਲੋਂ ਇਹ ਇੱਕ ਇਤਿਹਾਸਕ ਨਗਰ ਕੀਰਤਨ ਸੀ, ਜਿਸ ਵਿਚ ਹਜ਼ਾਰਾਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਗਵਾਈ। ਸਵੇਰ ਤੋਂ ਹੀ ਗੁਰੂ ਘਰ ਵਿਖੇ ਤਿਆਰੀ ਆਰੰਭ ਹੋ ਗਈ ਸੀ। ਸ਼ੁੱਕਰਵਾਰ ਨੂੰ ਦੋ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਜਿਨ੍ਹਾਂ ਦੀ ਸੇਵਾ ਹਰ ਸਾਲ ਦੀ ਤਰ੍ਹਾਂ ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ ਪਾਏ ਗਏ। ਢਾਡੀ ਜਥਾ ਭਾਈ ਲਖਵਿੰਦਰ ਸਿੰਘ ਸੋਹਲ, ਭਾਈ ਮਹਿਲ ਸਿੰਘ ਚੰਡੀਗੜ੍ਹ ਦੇ ਕਵੀਸ਼ਰੀ ਜਥੇ ਨੇ ਵਾਰਾਂ ਨਾਲ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ।

ਇਸ 14ਵੇਂ ਮਹਾਨ ਨਗਰ ਕੀਤਨ 'ਚ ਸਿੱਖ ਪੰਥ ਦੇ ਮਹਾਨ ਕੀਰਤਨੀਆ ਨੇ ਹਾਜ਼ਰੀ ਭਾਰੀ ਜਿਨ੍ਹਾਂ ਵਿੱਚ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ, ਸ਼੍ਰੋਮਣੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਜੀ ਰੰਗੀਲਾ ਦੁਰਗਾ ਵਾਲੇ, ਭਾਈ ਸਰਬਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਡਾ.















# ਟਰੇਸੀ ਖਾਲਸਾਈ ਕੇਸਰੀ ਜਾਹੋ ਜਲਾਲ ਨਾਲ ਰੰਗਿਆ ਗਿਆ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਸ਼ਰਧਾ ਸੇਵਾ ਨਾਲ ਮਨਾਇਆ ਗਿਆ











ਗੁਰਿੰਦਰ ਸਿੰਘ ਜੀ ਬਟਾਲਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਕਮਲਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਉਂਕਾਰ ਸਿੰਘ ਜੀ ਊਨੇ ਵਾਲੇ, ਭਾਈ ਸਿਰੀਪਾਲ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਮਨ ਸਿੰਘ ਜੀ ਦਮਦਮੀ ਟਕਸਾਲ ਟਰੇਸੀ, ਗਿਆਨੀ ਦਿਲਬਾਗ ਸਿੰਘ ਜੀ ਦਮਦਮੀ ਟਕਸਾਲ ਟਰੇਸੀ ਆਦਿ ਸ਼ਾਮਲ ਹਨ। ਬੱਚਿਆਂ ਦੇ ਜਥੇ ਨੇ ਸੰਗਤਾਂ ਨੂੰ ਮਨੋਹਰ ਕੀਰਤਨ ਨਾਲ-ਨਾਲ ਸਰਵਣ ਕਰਵਾਇਆ।

ਨਗਰ ਕੀਰਤਨ ਵਿਚ ਗਤਕਾ ਪਾਰਟੀ ਦੇ ਕਰਤਬ ਵੀ ਦੇਖਣ ਨੂੰ ਮਿਲੇ। ਗਤਕਾ ਪਾਰਟੀ ਦੇ ਸਾਰੇ ਸਿੰਘ ਖਿੱਚ ਦਾ ਕੇਂਦਰ ਬਣੇ ਰਹੇ। ਬੀਬੀਆਂ ਨੇ ਵੀ ਪੂਰੇ ਜੋਸ਼ ਨਾਲ ਗੱਤਕਾ ਖੇਡ ਕੇ ਸੰਗਤਾਂ ਨੂੰ ਆਪਣੇ ਵੱਲ ਖਿੱਚੀ ਰੱਖਿਆ, ਪੰਥ ਦੇ ਇਸ ਮਹਾਨ ਮਾਰਸ਼ਲ ਆਰਟ ਦੀ ਸੰਗਤਾਂ ਵਿਚ ਕਾਫੀ ਸਲਾਹਣਾ ਕੀਤੀ ਗਈ।

ਨੌਜਵਾਨ ਅਤੇ ਬੱਚੇ ਕੌਤਕ ਵਿਖਾ ਰਹੇ ਸਨ। ਜਿਨ੍ਹਾਂ ਦਾ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜੋ ਕਿ ਬੱਚਿਆਂ ਨੂੰ ਸਿੱਖੀ ਦੇ ਮਹਾਨ ਵਿਰਸੇ ਵੱਲ ਜੋੜ ਰਹੇ ਹਨ। ਗੁਰੂ ਘਰ ਵਿਖੇ ਆਈ ਹੋਈ ਸੰਗਤ ਵਾਸਤੇ ਚਾਟ, ਆਲੂ ਟਿੱਕੀ, ਛੋਲੇ ਭਟੂਰੇ, ਆਲੂ ਫਰਾਈ, ਕੌਫੀ, ਕੋਕ ਦੇ ਲੰਗਰ ਲਗਾ ਕੇ ਸੰਗਤਾਂ ਦੀ ਸੇਵਾ ਕੀਤੀ ਗਈ। ਜਿਸ ਕਰਕੇ ਸੇਵਾਦਾਰਾਂ ਨੇ ਆਪਣੇ ਆਪ ਨੂੰ ਵਡਭਾਗੇ ਸਮਝਿਆ ਕਿ ਸਾਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਗੁਰੂਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਦਾ ਗੁਰੂ ਘਰ ਦੇ ਸੇਵਾਦਾਰਾਂ ਵਲੋਂ ਧੰਨਵਾਦ ਕੀਤਾ ਗਿਆ।







# ਟਰੇਸੀ ਖਾਲਸਾਈ ਕੇਸਰੀ ਜਾਹੋ ਜਲਾਲ ਨਾਲ ਰੰਗਿਆ ਗਿਆ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਸ਼ਰਧਾ ਸੇਵਾ ਨਾਲ ਮਨਾਇਆ ਗਿਆ



















ਟਰੇਸੀ (ਬਿਊਰੋ ਨਿਊਜ਼) : ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਹੋਲ਼ ਮਹੱਲੇ ਨੂੰ ਸਮਰਪਿਤ ਸਲਾਨਾ ਖੇਡ ਦਿਵਸ ਕਰਵਾਇਆ। ਇਸ ਮਹਾਨ ਖੇਡ ਦਿਵਸ ਦੌਰਾਨ ਖਾਲਸਾਈ ਜਾਹੋ-ਜਲਾਲ ਦਾ ਪ੍ਰਤੀਕ ਹੋਲਾ ਮਹੱਲਾ ਪੰਥਕ ਰਵਾਇਤਾਂ ਅਨੁਸਾਰ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ ਅਨੰਦਪੁਰ ਸਾਹਿਬ ਦੀ ਤਰਜ ਉਪਰ ਮਨਾਇਆ ਗਿਆ ਜਿਸ ਵਿਚ ਗੁਰਦੁਆਰਾ ਸਾਹਿਬ ਸੇਵਾਦਾਰਾਂ ਵਲੋਂ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਹਾਕੀ, ਰੱਸਾਕਸ਼ੀ, ਗੱਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ, ਬੀਬੀਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ



# ਟਰੇਸੀ ਖਾਲਸਾਈ ਕੇਸਰੀ ਜਾਹੋ ਜਲਾਲ ਨਾਲ ਰੰਗਿਆ ਗਿਆ

## ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਲੋਂ 'ਹੋਲੇ ਮਹੱਲੇ' ਦੇ ਸਬੰਧ ਵਿਚ 14ਵਾਂ ਮਹਾਨ ਨਗਰ ਕੀਰਤਨ ਸ਼ਰਧਾ ਸੇਵਾ ਨਾਲ ਮਨਾਇਆ ਗਿਆ












ਕਰਵਾਈਆਂ ਗਈਆਂ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੱਤਕਾ ਮੁਕਾਬਲਾ ਅਤੇ ਦਸਤਕਾਰ ਸਿਖਲਾਈ ਕੈਂਪ ਵੀ ਲਗਾਇਆ ਗਿਆ। ਇਸ ਮੌਕੇ ਸਮੂਹ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਖੇਡ ਦਿਵਸ ਦਾ ਆਨੰਦ ਮਾਣਿਆ।






## ਇਕ ਹੋਰ ਹੈਰਾਨਕੁੰਨ ਖੁਲਾਸਾ

# ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਸੁਰੱਖਿਆ ’ਚੋਂ ਹਟਾਈ ਸੀ ਮਹਿਲਾ ਕਾਂਸਟੇਬਲ

ਬਠਿੰਡਾ : ਪੁਲਿਸ ਨੇ ਅਮਨਦੀਪ ਕੌਰ ਦੇ ਘਰ ਦੀ ਵੀ ਦੋ ਵਾਰ ਤਲਾਸ਼ੀ ਲਈ ਹੈ ਪਰ ਉਨ੍ਹਾਂ ਨੂੰ ਉੱਥੇ ਕੋਈ ਸ਼ੱਕੀ ਚੀਜ਼ ਨਹੀਂ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇੱਥੇ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। ਹਾਲਾਂਕਿ, ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਘਰ ਅੰਦਰੋਂ ਬਹੁਤ ਆਲੀਸ਼ਾਨ ਹੈ। ਹੈਰੋਇਨ ਸਮੇਤ ਫੜੀ ਗਈ ਮਾਨਸਾ ਪੁਲਿਸ (Mansa Police) ਦੀ ਬਰਖਾਸਤ ਸੀਨੀਅਰ ਮਹਿਲਾ ਕਾਂਸਟੇਬਲ ਅਮਨਦੀਪ ਕੌਰ ਨੂੰ ਦੋ ਦਿਨਾਂ ਦੇ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਐਤਵਾਰ ਦੁਪਹਿਰ ਨੂੰ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ ਵਿਚ ਦੁਬਾਰਾ ਪੇਸ਼ ਕੀਤਾ ਗਿਆ। ਮੁਲਜ਼ਮ ਅਮਨਦੀਪ ਕੌਰ ਨੂੰ ਮੀਡੀਆ ਦੀਆਂ ਨਜ਼ਰਾਂ ਤੋਂ ਬਚਾਉਂਦੇ ਹੋਏ ਐੱਸਪੀ ਸਿਟੀ ਨਰਿੰਦਰ ਸਿੰਘ ਦੀ ਨਿਗਰਾਨੀ ਹੇਠ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਅਮਨਦੀਪ ਕੌਰ ਤੋਂ ਪੁੱਛਗਿੱਛ ਦੌਰਾਨ ਕਈ ਮਹੱਤਵਪੂਰਨ ਗੱਲਾਂ ਸਾਹਮਣੇ ਆਈਆਂ ਹਨ ਅਤੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਪੁਲਿਸ ਰਿਮਾਂਡ ਨੂੰ ਇਕ ਹਫ਼ਤਾ ਵਧਾਉਣ ਦੀ ਮੰਗ ਕੀਤੀ। ਹਾਲਾਂਕਿ ਅਦਾਲਤ ਨੇ ਪੁਲਿਸ ਦੀ ਮੰਗ ਨੂੰ ਰੱਦ ਕਰਦਿਆਂ ਸਿਰਫ਼ ਦੋ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ। ਬਠਿੰਡਾ ਪੁਲਿਸ ਅਮਨਦੀਪ ਕੌਰ ਨੂੰ ਤਿੰਨ ਵਾਰ ਪੁਲਿਸ ਰਿਮਾਂਡ ’ਤੇ ਲੈ ਚੁੱਕੀ ਹੈ ਅਤੇ ਹਰ ਵਾਰ ਅਦਾਲਤ ’ਚ ਦਾਅਵਾ ਕਰ ਰਹੀ ਹੈ ਕਿ ਪੁਲਿਸ ਨੂੰ ਕੁਝ ਮਹੱਤਵਪੂਰਨ ਜਾਣਕਾਰੀ ਮਿਲੀ ਹੈ ਪਰ ਅਮਨਦੀਪ ਕੌਰ ਨੇ ਜੋ ਖੁਲਾਸਾ ਕੀਤਾ ਹੈ, ਉਸ ਬਾਰੇ ਕੋਈ ਵੀ ਪੁਲਿਸ ਅਧਿਕਾਰੀ ਕੁਝ ਵੀ ਦੱਸਣ ਲਈ ਤਿਆਰ ਨਹੀਂ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੁਲਿਸ ਅਜੇ ਤੱਕ ਇਹ ਖੁਲਾਸਾ ਨਹੀਂ ਕਰ ਸਕੀ ਹੈ ਕਿ ਅਮਨਦੀਪ ਕੌਰ ਹੈਰੋਇਨ ਕਿੱਥੋਂ ਲਿਆਉਂਦੀ ਸੀ ਅਤੇ ਕਿਸ ਨੂੰ ਵੇਚਦੀ ਸੀ ਅਤੇ ਉਹ ਇਹ ਕੰਮ ਕਿੰਨੇ ਸਮੇਂ ਤੋਂ ਕਰ ਰਹੀ ਸੀ। ਇਸ ਕੰਮ ਵਿਚ ਉਸ ਦੀ ਮਦਦ ਕੌਣ ਕਰ ਰਿਹਾ ਹੈ? ਅਮਨਦੀਪ ਕੌਰ ਤੋਂ ਐੱਸਐੱਸਪੀ ਅਮਨੀਤ ਕੌਂਡਲ ਅਤੇ ਚੰਡੀਗੜ੍ਹ ਦੀ ਵਿਸ਼ੇਸ਼ ਟੀਮ ਨੇ ਵੀ ਪੁੱਛਗਿੱਛ ਕੀਤੀ ਹੈ। ਪੁਲਿਸ ਨੇ ਅਮਨਦੀਪ ਕੌਰ ਦੇ ਘਰ ਦੀ ਵੀ ਦੋ ਵਾਰ ਤਲਾਸ਼ੀ ਲਈ ਹੈ ਪਰ ਉਨ੍ਹਾਂ ਨੂੰ ਉੱਥੇ ਕੋਈ ਸ਼ੱਕੀ ਚੀਜ਼ ਨਹੀਂ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇੱਥੇ ਕੁਝ ਵੀ ਇਤਰਾਜ਼ਯੋਗ ਨਹੀਂ ਮਿਲਿਆ। ਹਾਲਾਂਕਿ, ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਘਰ ਅੰਦਰੋਂ ਬਹੁਤ ਆਲੀਸ਼ਾਨ ਹੈ। ਧੁੱਪ ਸੇਕਣ ਲਈ ਮਹਿੰਗੀਆਂ ਕੁਰਸੀਆਂ ਲਗਾਈਆਂ ਗਈਆਂ ਹਨ। ਇੱਥੇ ਕੀਮਤੀ ਬਿਸਤਰੇ ਅਤੇ ਮਹਿੰਗੇ ਪਰਫਿਊਮ ਮਿਲੇ ਹਨ। ਹਾਲਾਂਕਿ, ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਹ ਤੋਹਫੇ ਹਨ ਜਾਂ ਹੈਰੋਇਨ ਤੋਂ ਕਮਾਏ ਪੈਸੇ ਨਾਲ ਖਰੀਦੇ ਗਏ ਸਨ।



ਅਮਨਦੀਪ ਕੌਰ ਦਾ ਵਿਵਾਦਾਂ ਦਾ ਲੰਮਾ ਇਤਿਹਾਸ ਰਿਹਾ ਹੈ। ਭਾਵੇਂ ਇਹ ਸਿਵਲ ਹਸਪਤਾਲ ਵਿਚ ਈਐੱਮਓ ਨਾਲ ਦੁਰਵਿਵਹਾਰ ਕਰਨਾ ਹੋਵੇ ਜਾਂ ਆਪਣੇ ਵਿਭਾਗ ਦੇ ਅਧਿਕਾਰੀਆਂ ਨੂੰ ਡਰਾਉਣ ਲਈ ਖੁਦਕੁਸ਼ੀ ਕਰਨਾ ਹੋਵੇ। ਦੱਸਿਆ ਜਾ ਰਿਹਾ ਹੈ ਕਿ ਅਮਨਦੀਪ ਕੌਰ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਸੁਰੱਖਿਆ ਲਈ ਤਾਇਨਾਤ ਸੀ ਪਰ ਉਸ ਨੇ ਆਪਣੀ ਡਿਊਟੀ ਸਹੀ ਢੰਗ ਨਾਲ ਨਹੀਂ ਨਿਭਾਈ, ਜਿਸ ਕਾਰਨ ਉਸ ਦੇ ਸੁਰੱਖਿਆ ਇੰਚਾਰਜ ਨੇ ਉਸ ਨੂੰ ਉਥੋਂ ਤਬਦੀਲ ਕਰ ਦਿੱਤਾ। ਇਹ ਮਾਮਲਾ ਉਸ ਸਮੇਂ ਸੁਰੱਖਿਆ ਇੰਚਾਰਜ ਵੱਲੋਂ ਮਾਨਸਾ ਦੇ ਐੱਸਐੱਸਪੀ ਨਾਨਕ ਸਿੰਘ ਦੇ ਧਿਆਨ ਵਿਚ ਲਿਆਂਦਾ ਗਿਆ ਸੀ।

ਪੁਲਿਸ ਦੇ ਹੱਥ ਨਹੀਂ ਆ ਰਿਹਾ ਬਲਵਿੰਦਰ ਸਿੰਘ ਉਰਫ ਸੋਨੂੰ : ਪੁਲਿਸ ਨੇ ਇਸ ਮਾਮਲੇ ਵਿਚ ਅਮਨਦੀਪ ਕੌਰ ਦੇ ਦੋਸਤ ਬਲਵਿੰਦਰ ਸਿੰਘ ਉਰਫ਼ ਸੋਨੂੰ ਵਾਸੀ ਸਿਰਸਾ, ਹਰਿਆਣਾ ਨੂੰ ਨਾਮਜ਼ਦ ਕੀਤਾ ਹੈ ਪਰ ਤਿੰਨ ਦਿਨ ਬੀਤ ਜਾਣ ਤੋਂ ਬਾਅਦ ਵੀ ਪੁਲਿਸ ਉਸ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ, ਜਦੋਂ ਕਿ ਉਸ ਨੇ ਪੁਲਿਸ ਦੇ ਸਾਹਮਣੇ ਅਦਾਲਤ ਦੇ ਅਹਾਤੇ ਵਿਚ ਆਪਣੀ ਪਤਨੀ ਦੀ ਕੁੱਟਮਾਰ ਕੀਤੀ ਅਤੇ ਭੱਜ ਗਿਆ। ਸੂਤਰ ਦੱਸਦੇ ਹਨ ਕਿ ਜਦੋਂ ਮਾਨਸਾ ਦੇ ਪਿੰਡ ਮੂਸਾ ਸਥਿਤ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਮਹਿਲਾ ਪੁਲਿਸ ਮੁਲਾਜ਼ਮ ਤਾਇਨਾਤ ਸੀ, ਉੱਥੇ ਵੀ ਬਲਵਿੰਦਰ ਸਿੰਘ ਉਰਫ਼ ਸੋਨੂੰ ਉਸ ਕੋਲ ਆਉਂਦਾ ਰਹਿੰਦਾ ਸੀ। ਸੂਤਰਾਂ ਨੇ ਦੱਸਿਆ ਕਿ ਜਦੋਂ ਬਲਵਿੰਦਰ ਸਿੰਘ ਉਰਫ਼ ਸੋਨੂੰ ਇਨੋਵਾ ਕਾਰ ਨੂੰ ਐਂਬੂਲੈਂਸ ਬਣਾ ਕੇ ਚਲਾਉਂਦਾ ਸੀ, ਉਸ ਸਮੇਂ ਸੋਨੂੰ ਦੀ ਮਹਿਲਾ ਪੁਲਿਸ ਮੁਲਾਜ਼ਮ ਨਾਲ ਜਾਣ-ਪਛਾਣ ਵਧ ਗਈ। ਜਦੋਂ ਸੋਨੂੰ ਉਕਤ ਮਹਿਲਾ ਪੁਲਿਸ ਮੁਲਾਜ਼ਮ ਦੇ ਸੰਪਰਕ ਵਿਚ ਆਇਆ ਤਾਂ ਉਹ ਉਸ ਨਾਲ ਪੱਕੇ ਤੌਰ ’ਤੇ ਰਹਿਣ ਲੱਗ ਪਿਆ। ਦੱਸਿਆ ਜਾਂਦਾ ਹੈ ਕਿ ਉਕਤ ਇਨੋਵਾ ਕਾਰ ਪਿਛਲੇ ਦੋ ਸਾਲਾਂ ਤੋਂ ਵਿਰਾਟ ਗ੍ਰੀਨ ਕਾਲੋਨੀ ਵਿਚ ਇਕ ਪਾਰਕਿੰਗ ਵਿਚ ਖੜ੍ਹੀ ਸੀ, ਜਿਸ ਦੀ ਵਰਤੋਂ ਸਿਰਫ ਕੁਝ ਸਾਮਾਨ ਰੱਖਣ ਜਾਂ ਇਸ ਵਿੱਚੋਂ ਕੁਝ ਸਾਮਾਨ ਕੱਢਣ ਲਈ ਕੀਤੀ ਜਾਂਦੀ ਸੀ। ਜਦੋਂ ਬੁੱਧਵਾਰ ਨੂੰ ਮੁਲਜ਼ਮ ਮਹਿਲਾ ਪੁਲਿਸ ਕਰਮਚਾਰੀ ਨੂੰ ਨਸ਼ੀਲੇ ਪਦਾਰਥਾਂ ਸਮੇਤ ਫੜਿਆ ਗਿਆ, ਤਾਂ ਅਗਲੇ ਹੀ ਦਿਨ ਇਨੋਵਾ ਕਾਰ ਨੂੰ ਕੋਈ ਵਿਅਕਤੀ ਪਾਰਕਿੰਗ ਤੋਂ ਚੁੱਕ ਕੇ ਲੈ ਗਿਆ, ਜਿਸ ਦੀ ਪੁਲਿਸ ਹੁਣ ਭਾਲ ਕਰ ਰਹੀ ਹੈ। ਜਦੋਂ ਪੁਲਿਸ ਨੇ ਮੁਲਜ਼ਮ ਮਹਿਲਾ ਅਤੇ ਉਸ ਦੇ ਸਾਥੀ ਸੋਨੂੰ ਦੇ ਪਿਛਲੇ ਤਿੰਨ ਮਹੀਨਿਆਂ ਦੇ ਮੋਬਾਈਲ ਕਾਲ ਅਤੇ ਲੋਕੇਸ਼ਨ ਵੇਰਵੇ ਪ੍ਰਾਪਤ ਕੀਤੇ ਤਾਂ ਇਹ ਖੁਲਾਸਾ ਹੋਇਆ ਕਿ ਇਸ ਸਮੇਂ ਦੌਰਾਨ ਸੋਨੂੰ ਪੰਜਾਬ ਦੇ ਅੰਮ੍ਰਿਤਸਰ, ਫਿਰੋਜ਼ਪੁਰ, ਫਾਜ਼ਿਲਕਾ, ਪਟਿਆਲਾ, ਜਲੰਧਰ ਦੇ ਨਾਲ-ਨਾਲ ਪੀਏਪੀ ਅਤੇ ਇੱਥੋਂ ਤੱਕ ਕਿ ਮੁੰਬਈ ਵੀ ਜਾ ਚੁੱਕਾ ਸੀ। ਸੂਤਰ ਦੱਸਦੇ ਹਨ ਕਿ ਇਸ ਤੋਂ ਇਲਾਵਾ ਸੋਨੂੰ ਅਤੇ ਅਮਨਦੀਪ ਕੌਰ ਫ਼ੋਨ ਰਾਹੀਂ ਇਕ ਜ਼ਿਲ੍ਹਾ ਪੁਲਿਸ ਅਧਿਕਾਰੀ ਨਾਲ ਲਗਾਤਾਰ ਸੰਪਰਕ ਵਿਚ ਰਹੇ ਹਨ। ਇਹ ਗੱਲ ਕਾਲ ਡਿਟੇਲਸ ਤੋਂ ਸਾਹਮਣੇ ਆਈ ਹੈ।

### ‘ਚਿੱਟੇ’ ਦੀ ਬਰਾਮਦਗੀ ’ਚ ਬਰਖ਼ਾਸਤ ਮਹਿਲਾ ਸਿਪਾਹੀ ਦੇ ਮਾਮਲੇ ’ਚ ਪੁਲਿਸ ਤੱਥ ਹੀ ਨਹੀਂ, ਸਗੋਂ ਕਥਿਤ ਦੋਸ਼ਣ ਨੂੰ ਵੀ ਲੁਕੋਣ ਲੱਗੀ



ਅਮਨਦੀਪ ਕੌਰ ਨੂੰ ਅਦਾਲਤ ’ਚ ਪੇਸ਼ ਕਰਨ ਲਈ ਲੈ ਕੇ ਜਾਂਦੇ ਪੁਲਿਸ ਮੁਲਾਜ਼ਮ

ਬਠਿੰਡਾ : ‘ਚਿੱਟਾ’ (ਹੈਰੋਇਨ) ਬਰਾਮਦ ਹੋਣ ਬਾਅਦ ਨੌਕਰੀ ਤੋਂ ਬਰਖ਼ਾਸਤ ਕੀਤੀ ਗਈ ਪੰਜਾਬ ਪੁਲਿਸ ਦੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਦੇ ਮਾਮਲੇ ’ਚ ਬਠਿੰਡਾ ਪੁਲਿਸ ਤੱਥ ਹੀ ਨਹੀਂ, ਸਗੋਂ ਕਥਿਤ ਦੋਸ਼ਣ ਨੂੰ ਵੀ ਲੁਕੋਣ ਲੱਗੀ ਹੈ, ਜਿਸ ਦੇ ਚੱਲਦਿਆਂ ਉਸ ਦਾ ਦੋ ਦਿਨਾਂ ਦਾ ਰਿਮਾਂਡ ਖ਼ਤਮ ਹੋਣ ’ਤੇ ਮੀਡੀਆ ਨੂੰ ਗੁੰਮਰਾਹ ਕਰਦੇ ਹੋਏ ਉਸ ਨੂੰ ਅਦਾਲਤ ’ਚ ਪਿਛਲੇ ਦਰਵਾਜੇ ਰਾਹੀਂ ਪੇਸ਼ ਕੀਤਾ ਗਿਆ। ਜਦਕਿ ਮੀਡੀਆ ਕਰਮੀ ਤੇ ਆਮ ਲੋਕ ਅਦਾਲਤੀ ਇਮਾਰਤ ਦੇ ਮੁੱਖ ਦਰਵਾਜੇ ’ਤੇ ਖੜ੍ਹੇ ਰਹਿ ਗਏ। ਇੱਥੇ ਹੀ ਬਸ ਨਹੀਂ ਉਸ ਦੇ ਤਿੰਨ ਦਿਨਾਂ ਦੇ ਰਿਮਾਂਡ ਦੌਰਾਨ ਪੁਲਿਸ ਅਜੇ ਤੱਕ ਉਸ ਦੇ ਮੂੰਹੋਂ ਇਸ ਧੰਦੇ ਦੀ ਅਸਲੀਅਤ ਨਹੀਂ ਕਢਵਾ ਸਕੀ ਤੇ ਨਾ ਹੀ ਉਸ ਨਾਲ ਮੁਕੱਦਮੇ ’ਚ ਨਾਮਜ਼ਦ ਕੀਤੇ ਗਏ ਉਸ ਦੇ ਸਾਥੀ ਬਲਵਿੰਦਰ ਸਿੰਘ ਸੋਨੂੰ ਨੂੰ ਗ੍ਰਿਫ਼ਤਾਰ ਕਰ ਸਕੀ ਹੈ। ਇਸ ਸਬੰਧੀ ਐਸ.ਪੀ.(ਸਿਟੀ) ਨਰਿੰਦਰ ਸਿੰਘ ਨੇ ਸਿਰਫ਼ ਐਨਾ ਹੀ ਦੱਸਿਆ ਕਿ ਅਜੇ ਕੁਝ ਹੋਰ ਜਾਣਕਾਰੀ ਹਾਸਲ ਕਰਨ ਲਈ ਉਸ ਦਾ ਅਦਾਲਤ ਤੋਂ ਦੋ ਦਿਨਾਂ ਦਾ ਹੋਰ ਰਿਮਾਂਡ ਲਿਆ ਗਿਆ ਹੈ ਤੇ ਉਸ ਦੇ ਸਾਥੀ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਉਸ ਨਾਲ ਕੁਝ ਉੱਚ-ਪੁਲਿਸ ਅਧਿਕਾਰੀਆਂ ਜਾਂ ਹੋਰ ਲੋਕਾਂ ਦੀ ਨੇੜਤਾ ਜਾਣਨ ਲਈ ਪੁਲਿਸ ਵਲੋਂ ਉਸ ਦੇ ਮੋਬਾਈਲ ਫੋਨਾਂ ਨੂੰ ਜਾਂਚ ਲਈ ਚੰਡੀਗੜ੍ਹ ਵਿਖੇ ਲੈਬਾਰਟਰੀ ’ਚ ਭੇਜਿਆ ਗਿਆ ਹੈ।

# ਨਸ਼ਿਆਂ ਖ਼ਿਲਾਫ਼ ਜੰਗ ਜਾਰੀ ਰੱਖਾਂਗੇ ਤਾਂ ਇਕ ਦਿਨ ਜ਼ਰੂਰ ਸਫਲ ਹੋਵਾਂਗੇ : ਰਾਜਪਾਲ

ਅੰਮ੍ਰਿਤਸਰ : ਜੇਕਰ ਅਸੀਂ ਇਸੇ ਤਰ੍ਹਾਂ ਨਸ਼ਿਆਂ ਖ਼ਿਲਾਫ਼ ਜੰਗ ਜਾਰੀ ਰੱਖਾਂਗੇ ਤਾਂ ਇਕ ਦਿਨ ਪੰਜਾਬ ਨੂੰ ਨਸ਼ਾ ਮੁਕਤ ਕਰਨ ’ਚ ਜ਼ਰੂਰ ਸਫਲ ਹੋਵਾਂਗੇ। ਇਹ ਪ੍ਰਗਟਾਵਾ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵਲੋਂ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਆਕਸਫੋਰਡ ਪਬਲਿਕ ਸਕੂਲ ਮੱਝੂਪੁਰਾ (ਅੰਮ੍ਰਿਤਸਰ) ਤੋਂ ਐੱਸ. ਬੀ. ਐੱਸ. ਗਰੁੱਪ ਆਫ ਨਰਸਿੰਗ ਕਾਲਜ ਸੋਹੀਆਂ ਕਲਾਂ ਤੱਕ ਨਸ਼ਿਆਂ ਖ਼ਿਲਾਫ਼ ਚੌਥੇ ਦਿਨ ਦੀ ਪੈਦਲ ਯਾਤਰਾ ਦੌਰਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ, ਜੋ ਕਿ ਆਪਣੀ ਦੇਸ਼ ਭਗਤੀ, ਸ਼ਹੀਦਾਂ, ਸੂਰਬੀਰਾਂ, ਯੋਧਿਆਂ ਦੀਆਂ ਕੁਰਬਾਨੀਆਂ ਕਰਕੇ ਜਾਣਿਆ ਜਾਂਦਾ ਹੈ, ਦੀ ਧਰਤੀ ਨੂੰ ਨਸ਼ਿਆਂ ਨਾਲ ਬਰਬਾਦ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੁਸ਼ਮਣ ਦੇਸ਼ ਤੋਂ ਨਸ਼ਾ ਤਸਕਰੀ ਜਾਰੀ ਹੈ, ਪਰ ਇਸ ਨੂੰ ਫੜਨ ਲਈ ਸਾਡੀਆਂ ਫੋਰਸਾਂ ਵੀ ਦਿਨ-ਰਾਤ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਸ਼ਾ ਇਸ ਵੇਲੇ ਸਿਰਫ ਪੰਜਾਬ ਦੀ ਹੀ ਸਮੱਸਿਆ ਨਹੀਂ ਬਲਕਿ ਇਹ ਸਾਰੇ ਦੇਸ਼ ਨੂੰ ਆਪਣੀ ਗ੍ਰਿਫ਼ਤ ’ਚ ਲੈ ਰਿਹਾ ਹੈ। ਇਸੇ ਲਈ ਪੰਜਾਬ ਸਰਕਾਰ ਵਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕਿਉਂਕਿ ਸਰਹੱਦੀ ਸੂਬਾ ਹੈ ਅਤੇ ਇਥੋਂ ਨਸ਼ੇ ਦੀ ਤਸਕਰੀ ਆਸਾਨੀ ਨਾਲ ਹੋ ਜਾਂਦੀ ਹੈ, ਇਸ ਲਈ ਦੁਸ਼ਮਣ ਇਸ ਦਾ ਮੌਕਾ ਉਠਾਉਂਦੇ ਹੋਏ ਸਪਲਾਈ ਕਰ ਰਹੇ ਹਨ, ਜਿਸ ਨੂੰ ਰੋਕਣ ਲਈ ਪਹਿਲਾਂ ਵੀ ਸਰਹੱਦ ’ਤੇ ਐਂਟੀ ਡਰੋਨ ਸਿਸਟਮ ਲਗਾਏ ਗਏ ਸਨ ਅਤੇ ਹੁਣ ਹੋਰ ਵਧਾਏ ਜਾ ਰਹੇ ਹਨ। ਉਨ੍ਹਾਂ ਸ਼ਹੀਦ ਭਗਤ ਸਿੰਘ ਗਰੁੱਪ ਆਫ਼ ਕਾਲਜ ਫਤਿਹਗੜ੍ਹ ਚੂੜੀਆਂ ਰੋਡ ਵਿਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਬੱਚਿਆਂ ਅਤੇ ਮੁਹਤਬਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਆਲੇ-ਦੁਆਲੇ ਨੂੰ ਨਸ਼ਾ ਮੁਕਤ ਕਰਨ ਲਈ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਨਸ਼ਾ ਕੇਵਲ ਮੇਰੇ ਪੈਦਲ ਮਾਰਚ ਨਾਲ ਜਾਂ ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਖਤਮ ਨਹੀਂ ਹੋ ਸਕਦਾ, ਇਸ ਨੂੰ ਖਤਮ ਕਰਨ ਲਈ ਜਨਤਾ ਦਾ ਸਾਥ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਿੰਡਾਂ ’ਚ ਖੇਡ ਸਟੇਡੀਅਮ ਬਣਾਉਣ ਦਾ ਬੀੜਾ ਚੁੱਕਿਆ ਗਿਆ ਹੈ ਅਤੇ ਜਿਸ ਵੀ ਪੰਚਾਇਤ ਨੂੰ ਖੇਡ ਮੈਦਾਨ ਬਣਾਉਣ ਲਈ ਕੋਈ ਸਹਾਇਤਾ ਚਾਹੀਦੀ ਹੈ ਤਾਂ ਉਹ ਡਿਪਟੀ ਕਮਿਸ਼ਨਰ ਦਫ਼ਤਰ ਨਾਲ ਰਾਬਤਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਬੱਚਿਆਂ ਨੂੰ ਗੁਰੂ ਘਰਾਂ ਅਤੇ ਮੰਦਰਾਂ ਨਾਲ ਜੋੜਨਾ ਵੀ ਨਸ਼ਾ ਮੁਕਤੀ ਲਈ ਬਹੁਤ ਵੱਡਾ ਉਪਰਾਲਾ ਹੋ ਸਕਦਾ ਹੈ। ਉਨ੍ਹਾਂ ਆਪਣੇ ਸਮੇਂ ਦੀਆਂ ਉਦਾਹਰਨਾਂ ਦਿੰਦੇ ਹੋਏ ਕਿਹਾ ਕਿ ਸਾਡੇ ਵੇਲੇ ਸਾਰੇ ਬੱਚੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿਚ ਜਾਂਦੇ ਸਨ, ਜਿਥੋਂ ਉਨ੍ਹਾਂ ਦੀ ਧਾਰਮਿਕ ਤਿ ?ਪਤੀ ਤਾਂ ਹੁੰਦੀ ਹੀ ਸੀ ਨਾਲ ਸਮਾਜਿਕ ਬੁਰਾਈਆਂ ਤੋਂ ਬਚਣ ਦੀ ਪ੍ਰੇਰਨਾ ਵੀ ਮਿਲਦੀ ਸੀ, ਜੋ ਕਿ ਸਾਰੀ ਜ਼ਿੰਦਗੀ ਉਨ੍ਹਾਂ ਦੇ ਕੰਮ ਆਉਂਦੀ ਸੀ ਪਰ ਹੁਣ ਬੱਚੇ ਮੋਬਾਈਲਾਂ ਤੱਕ ਸੀਮਤ ਹੋ ਕੇ ਰਹਿ ਗਏ ਹਨ। ਮਾਪੇ ਵੀ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕਰਦੇ, ਇਸ ਤੋਂ ਇਲਾਵਾ ਬੱਚਿਆਂ ਨੂੰ ਖੇਡ ਮੈਦਾਨਾਂ ਤੱਕ ਵੀ ਭੇਜਣ ਦੀ ਹਿੰਮਤ ਬੱਚਿਆਂ ਦੇ ਮਾਪੇ ਨਹੀਂ ਕਰਦੇ, ਜੋ ਕਿ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਕ ਚੰਗਾ ਖਿਡਾਰੀ ਕੇਵਲ ਆਪਣੇ ਸਰੀਰ ਦੀ ਸਾਂਭ ਸੰਭਾਲ ਲਈ ਹੀ ਚੌਕਸ ਨਹੀਂ ਹੁੰਦਾ, ਬਲਕਿ ਉਹ ਹਾਰ-ਜਿੱਤ ਨੂੰ ਬਰਦਾਸ਼ਤ ਕਰਨ, ਭਾਈਚਾਰਕ ਸਾਂਝ, ਅਨੁਸ਼ਾਸਨ ਵਰਗੇ ਵੱਡੇ ਗੁਣ ਵੀ ਸਿੱਖਦਾ ਹੈ। ਕਈ ਵਾਰ ਬੱਚਿਆਂ ਦੀ ਇਹ ਪ੍ਰਵਾਜ਼ ਅੰਤਰਰਾਸ਼ਟਰੀ ਖੇਡ ਮੈਦਾਨਾਂ ਤੱਕ ਵੀ ਪਹੁੰਚ ਜਾਂਦੀ ਹੈ, ਜੋ ਕਿ ਉਸ ਪਰਿਵਾਰ ਦਾ ਹੀ ਨਹੀਂ ਬਲਕਿ ਦੇਸ਼ ਦਾ ਨਾਂਅ ਰੌਸ਼ਨ ਕਰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਆਓ ਆਪਣੇ ਬੱਚਿਆਂ ਨੂੰ ਮੁੜ ਗੁਰਦੁਆਰਿਆਂ, ਮਸਜਿਦਾਂ, ਮੰਦਰਾਂ ਅਤੇ ਖੇਡ ਮੈਦਾਨਾਂ ਨਾਲ ਜੋੜੀਏ। ਇਸੇ ਦੌਰਾਨ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਡਿਫੈਂਸ ਕਮੇਟੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਪੰਚਾਇਤਾਂ ਦੇ ਨੁਮਾਇੰਦਿਆਂ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਵਿਵੇਕ ਪ੍ਰਤਾਪ ਸਿੰਘ ਪ੍ਰਿੰਸੀਪਲ ਸਕੱਤਰ ਰਾਜਪਾਲ ਪੰਜਾਬ, ਕੌਮਾਂਤਰੀ ਐਥਲੀਟ ਬਹਾਦਰ ਸਿੰਘ, ਕੌਮਾਂਤਰੀ ਹਾਕੀ ਖਿਡਾਰੀ ਬਲਜੀਤ ਸਿੰਘ, ਰੋਇੰਗ ਖਿਡਾਰੀ ਚੰਦਨਦੀਪ ਸਿੰਘ, ਸ਼ਿਵਦੁਲਾਰ ਸਿੰਘ ਢਿੱਲੋਂ, ਸਕੱਤਰ, ਭਾਰਤੀ ਰੈੱਡ ਕਰਾਸ ਸੁਸਾਇਟੀ ਪੰਜਾਬ, ਡੀ. ਸੀ. ਅੰਮ੍ਰਿਤਸਰ ਸਾਕਸ਼ੀ ਸਾਹਨੀ, ਡੀ. ਆਈ. ਜੀ. ਸਤਿੰਦਰ ਸਿੰਘ, ਐੱਸ. ਐੱਸ. ਪੀ. ਦਿਹਾਤੀ ਮਨਿੰਦਰ ਸਿੰਘ, ਡਾ. ਜਸਪਾਲ ਸਿੰਘ ਸਾ. ਉਪ-ਕੁਲਪਤੀ ਜੀ. ਐੱਨ. ਡੀ. ਯੂ., ਵਧੀਕ ਡਿਪਟੀ ਕਮਿਸ਼ਨਰ ਅਮਿਤ ਸਰੀਨ, ਗੁਰਸਿਮਰਨ ਕੌਰ ਸਹਾਇਕ ਕਮਿਸ਼ਨਰ, ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ ਬਲਦੇਵ ਸਿੰਘ ਬੱਬੂ ਚੇਤਨਪੁਰਾ, ਐੱਸ. ਡੀ. ਐੱਮ. ਅਜਨਾਲਾ ਰਵਿੰਦਰ ਸਿੰਘ ਅਰੋੜਾ, ਪਰਵੀਨ ਕੁਮਾਰ ਪ੍ਰੈਜ਼ੀਡੈਂਟ, ਐੱਸ. ਬੀ. ਐੱਸ. ਗਰੁੱਪ ਆਫ ਕਾਲਜ, ਅਲਕਾ ਅਰੋੜਾ ਮੈਨੇਜਿੰਗ ਡਾਇਰੈਕਟਰ, ਗੋਪਾਲ ਅਰੋੜਾ, ਡਾ. ਬੋਧਰਾਜ ਕਪਾਹੀ, ਡਾ. ਯੋਗੇਸ਼ ਅਰੋੜਾ, ਆਸ਼ੀਸ਼ ਅਰੋੜਾ, ਦਿਨੇਸ਼ ਅਰੋੜਾ, ਸੈਮਸਨ ਮਸੀਹ ਆਦਿ ਸ਼ਖ਼ਸੀਅਤਾਂ ਤੋਂ ਇਲਾਵਾ ਇਲਾਕੇ ਦੀਆਂ ਪੰਚਾਇਤਾਂ ਦੇ ਨੁਮਾਇੰਦੇ, ਪ੍ਰਸ਼ਾਸਨ ਦੇ ਅਧਿਕਾਰੀ ਤੇ ਆਮ ਲੋਕ ਹਾਜ਼ਰ ਸਨ।



# ਡਾ. ਅੰਬੇਡਕਰ ਦੇ ਬੁੱਤ 'ਤੇ ਇਤਰਾਜ਼ਯੋਗ ਸ਼ਬਦਾਵਲੀ ਲਿਖਣ ਵਾਲੇ 2 ਮੁਲਜ਼ਮ ਗ੍ਰਿਫ਼ਤਾਰ

ਜਲੰਧਰ/ਫਿਲੌਰ : ਪਿੰਡ ਨੰਗਲ (ਫਿਲੌਰ) ਵਿਖੇ 31-3-2025 ਨੂੰ ਸ਼ਰਾਰਤੀ ਅਨਸਰਾਂ ਵਲੋਂ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਉਪਰ ਇਤਰਾਜ਼ਯੋਗ ਸ਼ਬਦਾਵਲੀ ਲਿਖਣ ਵਾਲਿਆਂ ਨੂੰ ਜਲੰਧਰ ਦਿਹਾਤੀ ਪੁਲਿਸ ਨੇ ਗਿ?ਫ਼ਤਾਰ ਕਰ ਲਿਆ ਹੈ, ਜਿਨ੍ਹਾਂ ਦੇ ਕਬਜ਼ੇ 'ਚੋਂ ਮੋਟਰਸਾਈਕਲ ਅਤੇ ਚਾਰ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਪਿੰਡ ਨੂਰਪੁਰ ਚੱਠਾ, ਨਕੋਦਰ ਦੇ ਰਹਿਣ ਵਾਲੇ ਸੁਖਬੀਰ ਸਿੰਘ ਉਰਫ਼ ਰਾਜਨ ਪੁੱਤਰ ਨਰਿੰਦਰ ਸਿੰਘ ਅਤੇ ਅਵਤਾਰ ਸਿੰਘ ਉਰਫ਼ ਤਾਰੀ ਪੁੱਤਰ ਪ੍ਰੇਮ ਸਿੰਘ ਵਜੋਂ ਦੱਸੀ ਗਈ ਹੈ। ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਜਲੰਧਰ ਰੇਂਜ ਨਵੀਨ ਸਿੰਗਲਾ ਅਤੇ ਐਸ.ਐਸ.ਪੀ. ਗੁਰਮੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਇਸ ਮਾਮਲੇ ਤਹਿਤ ਥਾਣਾ ਫਿਲੌਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ, ਉਪਰੰਤ ਐਸ.ਪੀ. ਜਾਂਚ ਜਸਰੂਪ ਕੌਰ ਬਾਠ ਅਤੇ ਐਸ.ਪੀ. ਮਨਪ੍ਰੀਤ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਡੀ.ਐਸ.ਪੀ. ਸਬ-ਡਵੀਜ਼ਨ ਫਿਲੌਰ ਸਰਵਣ ਸਿੰਘ ਬੱਲ ਦੀ ਅਗਵਾਈ ਹੇਠ ਥਾਣਾ ਫਿਲੌਰ ਦੇ ਮੁਖੀ ਸੰਜੀਵ ਕਪੂਰ ਦੀ ਪੁਲਿਸ ਪਾਰਟੀ ਵਲੋਂ ਮਾਮਲੇ ਦੀ ਜਾਂਚ ਕੀਤੀ ਗਈ ਅਤੇ ਮੁਲਜ਼ਮਾਂ ਸੁਖਬੀਰ ਸਿੰਘ ਉਰਫ਼ ਰਾਜਨ ਅਤੇ ਅਵਤਾਰ ਸਿੰਘ ਉਰਫ਼ ਤਾਰੀ ਨੂੰ ਗ੍ਰਿਫ਼ਤਾਰ ਕਰ ਲਿਆ। ਡੀ.ਆਈ.ਜੀ. ਸਿੰਗਲਾ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਕੀਤੀ ਗਈ ਮੁੱਢਲੀ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਸਮਾਜ 'ਚ ਅਸ਼ਾਂਤੀ ਅਤੇ ਡਰ ਦਾ ਮਾਹੌਲ ਪੈਦਾ ਕਰਨ ਲਈ ਪਿੰਡ ਨੰਗਲ (ਫਿਲੌਰ) ਵਿਖੇ ਡਾ. ਅੰਬੇਡਕਰ ਦੇ ਬੁੱਤ 'ਤੇ ਨਸਲਵਾਦੀ ਨਾਅਰੇ ਲਿਖੇ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਫਰਵਰੀ 2025, ਨਕੋਦਰ



ਵਿਖੇ ਸਕੂਲ ਅਤੇ ਪੁੱਲ 'ਤੇ ਨਫ਼ਰਤੀ (ਖਾਲਿਸਤਾਨ ਹਮਾਇਤੀ) ਨਾਅਰੇ ਲਿਖੇ ਸਨ। 26 ਮਾਰਚ 2025 ਨੂੰ ਵਿਦਿਆਵੰਤੀ ਪਾਰਕ ਮੋਰਾਂਵਾਲੀ, ਹੁਸ਼ਿਆਰਪੁਰ 'ਚ ਸਮਾਜ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਸਨ। ਮਾਰਚ 2025 'ਚ ਬੂਟਾ ਮੰਡੀ ਜਲੰਧਰ ਵਿਖੇ ਡਾ. ਅੰਬੇਡਕਰ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਨ੍ਹਾਂ ਗਤੀਵਿਧੀਆਂ ਲਈ ਉਨ੍ਹਾਂ ਨੂੰ ਵਿਦੇਸ਼ 'ਚ ਬੈਠੇ ਵਿਅਕਤੀ ਪੈਸੇ ਭੇਜ ਰਹੇ ਸਨ। ਸਿੰਗਲਾ ਨੇ ਦੱਸਿਆ ਕਿ ਥਾਣਾ ਫਿਲੌਰ 'ਚ ਮੁਲਜ਼ਮਾਂ ਖ਼ਿਲਾਫ਼ ਦਰਜ ਹੋਏ ਮੁੱਕਦਮੇ 'ਚ ਧਾਰਾ 10 ਅਤੇ 13 ਯੂ.ਏ.ਪੀ.ਏ. ਐਕਟ ਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰਕੇ 11 ਅਪ੍ਰੈਲ ਤੱਕ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

# ਭਾਈ ਮਹਿਲ ਸਿੰਘ ਬੱਬਰ ਨਮਿਤ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਅੰਤਿਮ ਅਰਦਾਸ ਸਮਾਗਮ ਕਰਵਾਇਆ

ਅੰਮ੍ਰਿਤਸਰ : ਭਾਈ ਮਹਿਲ ਸਿੰਘ ਬੱਬਰ, ਜੋ ਬੀਤੇ ਦਿਨੀਂ ਪਾਕਿਸਤਾਨ ਵਿਚ ਅਕਾਲ ਚਲਾਣਾ ਕਰ ਗਏ ਸਨ, ਨਮਿਤ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਪਾਠ ਦੇ ਭੋਗ ਪਾਏ ਗਏ, ਉਪਰੰਤ ਅਰਦਾਸ ਸਮਾਗਮ ਕਰਵਾਇਆ ਗਿਆ। ਜਿਸ ਮੌਕੇ ਪੁੱਜੀਆਂ ਧਾਰਮਿਕ ਤੇ ਪੰਥਕ ਸ਼ਖ਼ਸੀਅਤਾਂ ਨੇ ਜਿੱਥੇ ਭਾਈ ਮਹਿਲ ਸਿੰਘ ਵਲੋਂ ਸਿੱਖ ਸੰਘਰਸ਼ ਦੌਰਾਨ ਪਾਏ ਵਡਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ, ਉਥੇ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਉਣ ਦੀ ਵੀ ਮੰਗ ਕੀਤੀ ਗਈ। ਅਖੰਡ ਕੀਰਤਨੀ ਜਥਾ ਵਲੋਂ ਭਾਈ ਸਾਹਿਬ ਦੇ ਪਰਿਵਾਰ, ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਅਰਦਾਸ ਸਮਾਗਮ ਵਿਚ ਗੁਰਪੁਰਵਾਸੀ ਭਾਈ ਮਹਿਲ ਸਿੰਘ ਦੀ ਧਰਮ ਪਤਨੀ ਬੀਬੀ ਗੁਰਮੀਤ ਕੌਰ ਤੇ ਹੋਰ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਤੇ ਗ੍ਰੰਥੀ ਗਿਆਨੀ ਬਲਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ ਜਰਮਨੀ, ਪ੍ਰੋ: ਬਲਜਿੰਦਰ ਸਿੰਘ, ਭਾਈ ਕੰਵਰਪਾਲ ਸਿੰਘ ਦਲ ਖ਼ਾਲਸਾ, ਭਾਈ ਦਲਜੀਤ ਸਿੰਘ ਬਿੱਟੂ, ਪਰਮਜੀਤ ਸਿੰਘ ਮੰਡ, ਜਥੇਦਾਰ ਬਖ਼ਸ਼ੀਸ਼ ਸਿੰਘ, ਭਾਈ ਨਰੈਣ ਸਿੰਘ ਚੌੜਾ, ਭਾਈ ਮੋਹਕਮ ਸਿੰਘ, ਪਰਮਜੀਤ ਸਿੰਘ ਸਰਨਾ, ਬਾਪੂ ਤਰਸੇਮ ਸਿੰਘ ਸਮੇਤ ਹੋਰ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਨੇ ਵੀ



ਸ਼ਿਰਕਤ ਕੀਤੀ। ਹਜ਼ੂਰੀ ਰਾਗੀ ਭਾਈ ਗੁਰਮੇਲ ਸਿੰਘ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਗਾਇਣ ਕੀਤਾ ਗਿਆ ਤੇ ਅਰਦਾਸ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਵਲੋਂ ਬੀਬੀ ਗੁਰਮੀਤ ਕੌਰ ਤੋਂ ਇਲਾਵਾ ਭਰਾਤਾ ਦਲਜੀਤ ਸਿੰਘ, ਭੈਣਾਂ, ਪੁੱਤਰਾਂ ਤੇ ਹੋਰਨਾਂ ਪਰਿਵਾਰਕ ਮੈਂਬਰਾਂ ਤੇ ਸ਼ਖ਼ਸੀਅਤਾਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਜੇਲ੍ਹ ਵਿਚੋਂ ਭੇਜਿਆ ਸੰਦੇਸ਼ ਬਾਪੂ ਗੁਰਚਰਨ ਸਿੰਘ ਪਟਿਆਲਾ ਨੇ ਪੜ੍ਹਿਆ। ਇਸ ਮੌਕੇ ਉਪਰੋਕਤ ਸ਼ਖ਼ਸੀਅਤਾਂ ਤੋਂ ਇਲਾਵਾ ਸੁਰਜੀਤ ਸਿੰਘ ਭਿੱਟੇਵੱਢ, ਭਾਈ ਜਰਨੈਲ ਸਿੰਘ ਸਖੀਰਾ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸਕੱਤਰ ਪ੍ਰਤਾਪ ਸਿੰਘ, ਕੰਵਰ ਸਿੰਘ ਧਾਮੀ, ਜਸਪਾਲ ਸਿੰਘ ਢੱਡੇ, ਮਹਾਬੀਰ ਸਿੰਘ ਸੁਲਤਾਨਵਿੰਡ, ਸਤਵੰਤ ਸਿੰਘ ਪੁੱਤਰ ਸ਼ਹੀਦ ਭਾਈ ਕੇਹਰ ਸਿੰਘ, ਦਵਿੰਦਰ ਸਿੰਘ ਭਰਾਤਾ ਸ਼ਹੀਦ ਭਾਈ ਮਹਿੰਗਾ ਸਿੰਘ, ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸ਼ਬੇਗ ਸਿੰਘ, ਬੀਬੀ ਸਵਰਨ ਕੌਰ, ਚਰਨ ਕੌਰ, ਸੁਖਵਿੰਦਰ ਸਿੰਘ, ਅਰਵਿੰਦਰ ਸਿੰਘ ਆਸਟ੍ਰੇਲੀਆ, ਦਿਲਬਾਗ ਸਿੰਘ, ਭਾਈ ਮੋਹਕਮ ਸਿੰਘ, ਬਾਬਾ ਦਰਸ਼ਨ ਸਿੰਘ, ਗੁਰਦੀਪ ਸਿੰਘ ਮੱਟੀਆ, ਸਰਬਜੀਤ ਸਿੰਘ ਘੁਮਾਣ, ਐਡਵੋਕੇਟ ਸਰਬਜੀਤ ਸਿੰਘ ਘੁੰਮਣ, ਭਾਈ ਸਤਨਾਮ ਸਿੰਘ ਖੰਡਾ, ਬੀਬੀ ਸੰਦੀਪ ਕੌਰ, ਸਤਨਾਮ ਸਿੰਘ ਝੰਜੀਆਂ, ਬਲਜੀਤ ਸਿੰਘ ਖਾਲਸਾ, ਅਰਜਨ ਸਿੰਘ ਸ਼ੇਰਗਿੱਲ, ਪਰਮਜੀਤ ਸਿੰਘ ਗਾਜ਼ੀ, ਡਾ. ਸੁਖਦੇਵ ਸਿੰਘ ਬਾਬਾ, ਬਲਦੇਵ ਸਿੰਘ ਨਵਾਂ ਪਿੰਡ, ਭਾਈ ਰਣਜੀਤ ਸਿੰਘ ਫੈਡਰੇਸ਼ਨ ਆਗੂ, ਭਾਈ ਮੇਜਰ ਸਿੰਘ ਸਮੇਤ ਹੋਰ ਪੰਥਕ ਜਥੇਬੰਦੀਆਂ ਨਾਲ ਸੰਬੰਧਿਤ ਆਗੂ ਅਤੇ ਕਾਰਕੁੰਨ ਹਾਜ਼ਰ ਸਨ। ਜ਼ਿਕਰਯੋਗ ਹੈ ਭਾਈ ਮਹਿਲ ਸਿੰਘ ਦੇ ਪਰਿਵਾਰ ਨੂੰ ਸਨਮਾਨਿਤ ਕਰਨ ਸਮੇਂ ਭਾਈ ਸਖੀਰਾ ਵਲੋਂ ਜਥੇਦਾਰ ਗੜਗੱਜ ਨੂੰ ਪਰਿਵਾਰ ਨੂੰ ਸਨਮਾਨਿਤ ਨਾ ਕਰਨ ਬਾਰੇ ਕਿਹਾ, ਜਿਸ 'ਤੇ ਪਰਿਵਾਰ ਨੂੰ ਸਨਮਾਨਿਤ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਵਲੋਂ ਕੀਤਾ ਗਿਆ।

# ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਛੱਪੜ ਦੀ ਸੁਧਾਈ ਦੇ ਕੰਮ ਦੀ ਸ਼ੁਰੂਆਤ

## ਛੱਪੜ ਦਾ ਚੌਗਿਰਦਾ ਹੋਵੇਗਾ ਸੁੰਦਰ ਤੇ ਸਵੱਛ, ਲੋਕਾਂ ਨੂੰ ਮਿਲੇਗੀ ਸਹੂਲਤ-ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ

ਕੰਧਾਲੀ ਨਾਰੰਗਪੁਰ ((ਰਵਿੰਦਰ ਸਿੰਘ ਟਾਂਡਾ)), :ਰਾਜ ਸਭਾ ਮੈਂਬਰ ਅਤੇ ਵਿਸ਼ਵ ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਾਂਝੇ ਤੌਰ 'ਤੇ ਪਿੰਡ ਕੰਧਾਲੀ ਨਾਰੰਗਪੁਰ ਵਿਖੇ ਛੱਪੜ ਦੇ ਪਾਣੀ ਨੂੰ ਸੋਧ ਕੇ ਸਿੰਚਾਈ ਲਈ ਵਰਤਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕਰਦਿਆ ਕਿਹਾ ਕਿ ਆਉਂਦੇ 6 ਮਹੀਨਿਆਂ ਵਿੱਚ ਇਹ ਕੰਮ ਮੁਕੰਮਲ ਹੋਣ ਨਾਲ ਪਿੰਡ ਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ।

ਛੱਪੜ ਦੇ ਨਵੀਨੀਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਣ ਉਪਰੰਤ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਛੱਪੜ ਦੀ ਸੁਧਾਈ ਸੀਚੇਵਾਲ ਮਾਡਲ 'ਤੇ ਅਧਾਰਿਤ ਹੋਵੇਗੀ ਜਿਸ ਤਹਿਤ ਭੂਮੀ ਰੱਖਿਆ ਵਿਭਾਗ ਦੀ ਮੁਹਾਰਤ ਰਾਹੀਂ ਪਾਈਪਾਂ ਵਿਛਾਕੇ ਸਿੰਚਾਈ ਲਈ ਪਾਣੀ ਦੀ ਵਰਤੋ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕੰਮ 20 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਵੇਗਾ ਜਿਸ ਵਿੱਚ 10 ਲੱਖ ਰੁਪਏ ਦੀ ਗ੍ਰਾਂਟ ਉਨ੍ਹਾਂ ਦੇ ਅਖਤਿਆਰੀ ਫੰਡ ਅਤੇ 10 ਲੱਖ ਰੁਪਏ ਮਨਰੇਗਾ ਫੰਡਾਂ ਵਿੱਚੋ ਖਰਚੇ ਜਾਣਗੇ। ਉਨ੍ਹਾਂ ਕਿਹਾ ਕਿ ਸੀਚੇਵਾਲ ਮਾਡਲ ਛੱਪੜਾਂ ਦੀ ਦਿੱਖ ਨੂੰ ਸਾਫ-ਸੁਥਰਾ ਅਤੇ ਸੁੰਦਰ ਬਣਾਉਣ ਦੇ ਨਾਲ-ਨਾਲ ਪਿੰਡਾਂ ਦੀ ਨੁਹਾਰ ਬਦਲਣ ਵਿੱਚ ਬੇਹੱਦ ਕਾਰਗਰ ਮਾਡਲ ਹੈ ਜਿਹੜਾ ਕਿ ਮੌਜੂਦਾ ਸਮੇਂ 250 ਦੇ ਕਰੀਬ ਪਿੰਡਾਂ ਵਿੱਚ ਸਫਲਤਾਪੂਰਵਕ ਚੱਲ ਰਿਹਾ ਹੈ, ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੀਚੇਵਾਲ ਮਾਡਲ ਨੂੰ ਅਪਨਾਉਣ ਨਾਲ ਉਹ ਹੋਰ ਵੀ ਪਿੰਡਾਂ ਵਿੱਚ ਲੋੜ ਅਨੁਸਾਰ ਇਸਦੀ ਸਥਾਪਤੀ ਕਰਵਾਕੇ ਕਿਸਾਨਾਂ ਨੂੰ ਸਿੰਚਾਈਯੋਗ ਪਾਣੀ





**ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ, ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਛੱਪੜ ਦੇ ਨਵੀਨੀਕਰਨ ਦਾ ਨੀਂਹ ਪੱਥਰ ਰੱਖਦੇ ਹੋਏ।**

ਮੁਹੱਈਆ ਕਰਵਾਇਆ ਜਾਵੇਗਾ।

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਰਾਜ ਸਭਾ ਮੈਂਬਰ, ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸ਼ਹਿਰਾਂ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਠੋਸ ਉਪਰਾਲੇ ਕਰ ਰਹੀ ਹੈ, ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਪੇਸ਼ ਕੀਤੇ ਬਜਟ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਲਈ 14.524 ਕਰੋੜ ਰੁਪਏ ਰੱਖੇ ਗਏ ਹਨ ਜੋ ਕਿ ਪਿਛਲੇ ਸਾਲ ਨਾਲੋ 5 ਫੀਸਦੀ ਵੱਧ ਹਨ, ਇਸੇ ਤਰ੍ਹਾਂ ਕੰਢੀ ਖੇਤਰ ਵਿੱਚ ਬਾਗਬਾਨੀ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਖਾਕਾ ਤਿਆਰ ਕੀਤਾ ਜਾ ਚੁੱਕਾ ਹੈ ਅਤੇ ਇਸ ਖੇਤਰ ਨੂੰ ਹੁਲਾਰਾ ਦੇਣ ਲਈ ਵੱਖ-ਵੱਖ ਜਿਲਿ?ਹਆਂ ਲਈ ਚਾਲੂ ਵਿੱਤੀ ਸਾਲ ਦੌਰਾਨ 137 ਕਰੋੜ ਰੁਪਏ ਬਜਟ ਦੀ ਵਿਵਸਥਾ ਕੀਤੀ ਗਈ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਸ਼ਿਆਰਪੁਰ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਸਾਹਿਬਜਾਦਾ ਅਜੀਤ ਸਿੰਘ ਨਗਰ ਅਤੇ ਪਠਾਨਕੋਟ ਜਿਲਿ?ਹਆਂ ਦੇ ਵਿੱਚ 40 ਡੂੰਘੇ ਟਿਊਬਵੈੱਲ ਅਤੇ ਸਤਲੁਜ, ਬਿਆਸ ਤੇ ਰਾਵੀ ਨਹਿਰਾਂ ਨੇੜੇ 167 ਛੋਟੇ ਟਿਊਬਵੈੱਲ ਲਗਾਉਣ ਦੀ ਤਜਵੀਜ਼ ਹੈ। ਉਨ੍ਹਾਂ ਦੱਸਿਆ ਕਿ 85 ਕਰੋੜ ਰੁਪਏ ਦੀ ਲਾਗਤ ਨਾਲ ਇਸ ਉਪਰਾਲੇ ਤਹਿਤ 7877 ਹੈਕਟੇਅਰ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਸਿੰਚਾਈ ਨੂੰ ਨਵੀਂ ਮਜ਼ਬੂਤੀ ਮਿਲੇਗੀ ਅਤੇ ਪਾਣੀ ਦੀ ਘਾਟ ਵਾਲੇ ਖੇਤਰਾਂ ਵਿੱਚ ਕਿਸਾਨਾਂ ਨੂੰ ਬੇਹਤਰ ਪਾਣੀ ਸਪਲਾਈ ਯਕੀਨੀ ਹੋਵੇਗੀ। ਉਨ੍ਹਾਂ ਕਿਹਾ ਕਿ ਪਿੰਡ ਕੰਧਾਲੀ ਨਾਰੰਗਪੁਰ ਵਿਖੇ ਛੱਪੜ ਦਾ ਕੰਮ ਪੂਰਾ ਹੋਣ 'ਤੇ ਛੱਪੜ ਨੂੰ ਨਵੀਂ ਅਤੇ ਸਵੱਛ ਦਿੱਖ ਮਿਲੇਗੀ ਜੋ ਕਿ ਹੋਰਨਾਂ ਖੇਤਰਾਂ ਲਈ ਵੀ ਮਿਸਾਲ ਹੋਵੇਗੀ।

ਪਿੰਡ ਵਾਸੀਆਂ ਦਾ ਮੰਗ 'ਤੇ ਡਾ. ਰਵਜੋਤ ਸਿੰਘ ਨੇ ਪਿੰਡ ਵਿੱਚ ਸੋਲਰ ਲਾਈਟਾਂ ਲਗਵਾਉਣ ਲਈ 3 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਨ ਦਾ ਐਲਾਨ ਵੀ ਕੀਤਾ।

ਵਿਧਾਇਕ ਜਸਬੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਛੱਪੜ ਦੇ ਚੌਗਿਰਦੇ ਨੂੰ ਸੁੰਦਰ ਬਣਾ ਕੇ ਫੁੱਲ-ਬੂਟੇ ਲਾਏ ਜਾਣਗੇ ਜਿੱਥੇ ਪਿੰਡ ਵਾਸੀ ਸਵੇਰ-ਸ਼ਾਮ ਸੈਰ ਆਦਿ ਦੀ ਸਹੂਲਤ ਦਾ ਆਨੰਦ ਮਾਣ ਸਕਣਗੇ, ਉਨ੍ਹਾਂ ਦੱਸਿਆ ਕਿ ਪਿੰਡ ਦੇ ਵਿਕਾਸ ਲਈ 15.35 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ-ਨਾਲੀਆਂ, ਗੰਦੇ ਪਾਣੀ ਦੇ ਨਿਕਾਸ ਅਤੇ ਪੀਣ ਵਾਲੇ ਪਾਣੀ ਦੀ ਵਿਵਸਥਾ ਨੂੰ ਹੋਰ ਵਧੀਆ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਨਾਗਰਿਕਾਂ ਦੀ ਸਹੂਲਤ ਲਈ ਵੱਖ-ਵੱਖ ਵਿਕਾਸ ਕਾਰਜਾਂ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ ਅਤੇ ਆਉਂਦੇ ਸਮੇਂ ਵਿੱਚ ਵਿਕਾਸ ਕਾਰਜਾਂ ਦੀ ਰਫਤਾਰ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ ਵਿੱਚ ਯੂਥ ਕਲੱਬ ਅਤੇ ਔਰਤਾਂ ਦੀਆਂ ਸੰਸਥਾਵਾਂ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ ਤਾਂ ਜੋ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੰਸਥਾਵਾਂ ਨੂੰ ਲੋੜੀਦੀ ਫੰਡ ਜਾਰੀ ਕਰਕੇ ਪੇਂਡੂ ਵਿਕਾਸ ਨੂੰ ਨਵੀਂ ਗਤੀ ਦਿੱਤੀ ਜਾ ਸਕੇ। ਉਨ੍ਹਾਂ ਨੇ ਰਾਜ ਸਭਾ ਮੈਂਬਰ ਅਤੇ ਕੈਬਨਿਟ ਮੰਤਰੀ ਵੱਲੋਂ ਪ੍ਰੋਜੈਕਟ ਦੀ ਸ਼ੁਰੂਆਤ ਲਈ ਧੰਨਵਾਦ ਕੀਤਾ।

ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ, ਐੱਸ.ਡੀ.ਐੱਮ. ਪੰਕਜ ਬਾਂਸਲ, ਬਲਾਕ ਪ੍ਰਧਾਨ ਕੇਸ਼ਵ ਸੈਣੀ, ਰਘੂਵੀਰ ਹੇਜ਼ਮਾ, ਭਜਨ ਸਿੰਘ ਨੈਣੋਵਾਲ, ਸੁਖਵਿੰਦਰ ਸਿੰਘ ਝਾਵਰ, ਜਰਨੈਲ ਸਿੰਘ ਕੁਰਾਲਾ, ਗੋਲਡੀ ਨਰਵਾਲ, ਬਲਜਿੰਦਰ ਕੌਰ, ਬੂਟਾ ਸਿੰਘ ਨੰਬਰਦਾਰ, ਦਲਜੀਤ ਸਿੰਘ, ਸੁਖਵਿੰਦਰ ਸਿੰਘ ਸੋਢੀ, ਰਮਿੰਦਰ ਸਿੰਘ, ਸੁਖਵਿੰਦਰ ਸਿੰਘ ਹੀਰ, ਕੁੱਕੂ ਸੈਣੀ, ਕੁਲਵਿੰਦਰ ਕੌਰ ਆਦਿ ਵੀ ਮੌਜੂਦ ਸਨ।

# ਕਥਾ ਸਮਾਗਮ

## ਅਪ੍ਰੈਲ 2025

### ਕੈਨੇਡਾ-ਸਰੀ

ਗੁਰਦੁਆਰਾ ਦੂਖ ਨਿਵਾਰਨ ਸਾਹਿਬ
15255-68 ਐਵੇਨਿਊ ਸਰੀ ਬੀ ਸੀ ਕੈਨੇਡਾ
ਵੀਰਵਾਰ 17 ਅਪ੍ਰੈਲ
ਸ਼ਾਮ :7.00-8.00

### ਅਮਰੀਕਾ-ਸਿਆਟਲ

ਗੁਰਦੁਆਰਾ ਸੱਚਾ ਮਾਰਗ ਸਾਹਿਬ, ਵਾਸ਼ਿੰਗਟਨ
12431 SE 286 TH OL, Auburn, WA 98092
ਸ਼ੁੱਕਰ., ਸ਼ਨੀ. 18, 19 ਅਪ੍ਰੈਲ, 7.00-8.00 ਸ਼ਾਮ
ਐਤਵਾਰ, 20 ਅਪ੍ਰੈਲ, 12.00-1.00 ਸ਼ਾਮ

ਸਿੱਖ ਪੰਥ ਦੇ ਉਘੇ ਆਗੂ ਦੁਨੀਆਂ ਭਰ ਵਿੱਚ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਇਤਿਹਾਸਕਾਰ ਕਥਾਵਾਚਕ ਅਤੇ ਦਿੱਲੀ ਦੇ ਪਾਵਨ ਅਸਥਾਨ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਹੈਡ ਗ੍ਰੰਥੀ



## ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ

### ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ

ਜੋ ਕਿ ਵੱਖ-ਵੱਖ
ਗੁਰੂਘਰਾਂ ਵਿਖੇ ਸੰਗਤਾਂ
ਦੇ ਦਰਸ਼ਨ ਕਰਨਗੇ



## ਭਾਈ ਸਾਹਿਬ ਸਤਪਾਲ ਸਿੰਘ ਖਾਲਸਾ

(ਅੰਬੈਸਡਰ ਆਫ਼ ਸਿੱਖ ਧਰਮ)

### ਸਿੰਘ ਸਾਹਿਬ ਨਾਲ ਸੰਪਰਕ ਕਰਨ ਲਈ ਨੰਬਰ

+917-957-1313 (ਯੂ.ਐਸ.ਏ.) ਵਾਟਸਐੱਪ : +91 93137 51313

# ਬਾਬਾ ਟੇਕ ਸਿੰਘ ਧਨੌਲਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲੀ

## ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਤੇ ਹੋਰਨਾਂ ਧਾਰਮਿਕ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ



ਤਲਵੰਡੀ ਸਾਬੋ : ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਨਵਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੇ ਅੱਜ ਤਖ਼ਤ ਸਾਹਿਬ ਵਿਖੇ ਸੇਵਾ ਸੰਭਾਲ ਲਈ ਹੈ। ਸੇਵਾ ਸੰਭਾਲ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਮੋਹਨ ਸਿੰਘ ਬੰਗੀ ਤੇ ਗੁਰਪ੍ਰੀਤ ਸਿੰਘ ਝੱਬਰ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ), ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ, ਇੰਚਾਰਜ ਧਰਮ ਪ੍ਰਚਾਰ ਉਪ ਦਫਤਰ ਭੋਲਾ ਸਿੰਘ, ਸਾਬਕਾ ਇੰਚਾਰਜ ਅਤੇ ਸਭਾ ਸੁਸਾਇਟੀਆਂ ਦੇ ਨੁਮਾਇੰਦਿਆਂ ਵੱਲੋਂ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਭਾਈ ਲਖਵਿੰਦਰ ਸਿੰਘ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਤਖ਼ਤ ਦਮਦਮਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਗਿਆਨੀ ਜਰਨੈਲ ਸਿੰਘ ਨੇ ਲਿਆ। ਬਾਬਾ ਟੇਕ ਸਿੰਘ ਨੂੰ ਜਥੇਦਾਰ ਨਿਯੁਕਤ ਕਰਨ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ 7 ਮਾਰਚ ਨੂੰ ਹੋਈ ਇਕੱਤਰਤਾ ਵਿੱਚ ਲਿਆ ਗਿਆ ਸੀ। ਕਿਸੇ ਤਰ੍ਹਾਂ ਦੇ ਰੌਲੇ ਰੱਪੇ ਤੋਂ ਡਰਦਿਆਂ ਸੇਵਾ ਸੰਭਾਲ ਦਾ ਸਮਾਗਮ ਅੱਜ ਸਵੇਰੇ ਐਨਾ ਚੁੱਪ-ਚੁਪੀਤੇ ਕੀਤਾ ਗਿਆ ਕਿ ਪਹਿਲਾਂ ਮੀਡੀਆ ਨੂੰ ਵੀ ਪਤਾ ਨਹੀਂ ਲੱਗਣ ਦਿੱਤਾ ਗਿਆ।

# ਅਮਰੀਕਾ ਵਲੋਂ ਦੱਖਣੀ ਸੁਡਾਨ ਦੇ ਸਾਰੇ ਨਾਗਰਿਕਾਂ ਦੇ ਵੀਜ਼ੇ ਰੱਦ ਕੀਤੇ ਜਾਣਗੇ : ਮਾਰਕੋ ਰੂਬੀਓ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਐਲਾਨ ਕੀਤਾ ਹੈ ਕਿ ਦੱਖਣੀ ਸੁਡਾਨ ਦੇ ਸਾਰੇ ਪਾਸਪੋਰਟ ਧਾਰਕਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਹੈ ਕਿ ਦੱਖਣੀ ਸੁਡਾਨ ਦੀ ਆਰਜੀ ਸਰਕਾਰ ਟਰੰਪ ਪ੍ਰਸ਼ਾਸਨ ਵਲੋਂ ਦੇਸ਼ ਵਿਚੋਂ ਕੱਢੇ ਸੁਡਾਨੀਆਂ ਨੂੰ ਵਾਪਸ ਲੈਣ ਤੋਂ ਨਾਂਹ ਕਰ ਰਹੀ ਹੈ। ਇਹ ਪਹਿਲੀ ਘਟਨਾ ਹੈ, ਜਿਸ ਵਿਚ ਟਰੰਪ ਪ੍ਰਸ਼ਾਸਨ ਵਲੋਂ ਕਿਸੇ ਇਕ ਦੇਸ਼ ਦੇ ਪਾਸਪੋਰਟ ਧਾਰਕਾਂ ਵਿਰੁੱਧ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਚਿਤਾਵਨੀ ਦੇ ਚੁੱਕੇ ਹਨ ਕਿ ਆਪਣੇ ਨਾਗਰਿਕਾਂ ਨੂੰ ਵਾਪਸ ਨਾ ਲੈਣ ਵਾਲੇ ਦੇਸ਼ਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਰੂਬੀਓ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਦੱਖਣੀ ਸੁਡਾਨ ਦੀ ਆਰਜੀ ਸਰਕਾਰ ਅਮਰੀਕਾ ਦਾ ਲਾਹਾ ਲੈਣਾ ਬੰਦ ਕਰ ਦੇਵੇ। ਉਨ੍ਹਾਂ ਕਿਹਾ ਹੈ ਕਿ ਹਰੇਕ ਦੇਸ਼ ਨੂੰ ਹਰ ਹਾਲਤ ਵਿਚ ਆਪਣੇ ਸ਼ਹਿਰੀ ਸਮਾਂਬੱਧ ਤਰੀਕੇ ਨਾਲ ਵਾਪਸ ਲੈਣੇ ਪੈਣਗੇ, ਜਦੋਂ ਅਮਰੀਕਾ ਸਮੇਤ ਕੋਈ ਵੀ ਦੇਸ਼ ਉਨ੍ਹਾਂ ਨੂੰ ਕੱਢਣ ਦਾ ਫੈਸਲਾ ਕਰਦਾ ਹੈ। ਰੂਬੀਓ ਨੇ ਹੋਰ ਕਿਹਾ ਹੈ ਕਿ ਦੱਖਣੀ ਸੁਡਾਨ ਦੇ ਲੋਕਾਂ ਦਾ ਅਮਰੀਕਾ ਵਿਚ ਦਾਖਲਾ ਰੋਕਣ ਲਈ ਉਨ੍ਹਾਂ ਨੂੰ ਵੀਜ਼ੇ ਜਾਰੀ ਕਰਨਾ ਵੀ ਬੰਦ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਦੱਖਣੀ ਸੁਡਾਨ ਜਦੋਂ ਮੁਕੰਮਲ ਸਹਿਯੋਗ ਕਰਨਾ ਸ਼ੁਰੂ ਕਰ ਦੇਵੇਗਾ ਤਾਂ ਅਸੀਂ ਆਪਣੀ ਕਾਰਵਾਈ ਉਪਰ ਫਿਰ ਤੋਂ ਵਿਚਾਰ ਕਰਾਂਗੇ।



ਜ਼ਿਕਰਯੋਗ ਹੈ ਕਿ ਬਾਈਡਨ ਪ੍ਰਸ਼ਾਸਨ ਨੇ ਦੱਖਣੀ ਸੁਡਾਨੀ ਨਾਗਰਿਕਾਂ ਲਈ 2023 ਵਿਚ ਆਰਜੀ ਸੁਰੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਸੀ, ਜਿਸ ਤਹਿਤ ਦੱਖਣੀ ਸੁਡਾਨੀ ਨਾਗਰਿਕਾਂ ਨੂੰ ਅਮਰੀਕਾ ਵਿਚ ਪਨਾਹ ਮਿਲੀ ਹੋਈ ਹੈ। ਦੱਖਣੀ ਸੁਡਾਨ ਵਿਚ ਪਿਛਲੇ ਹਫ਼ਤੇ ਪਹਿਲੇ ਉਪ ਰਾਸ਼ਟਰਪਤੀ ਰੀਕ ਮੈਚਰ ਨੂੰ ਘਰ ਵਿਚ ਨਜ਼ਰਬੰਦ ਕਰ ਦੇਣ ਉਪਰੰਤ ਗ੍ਰਹਿ ਯੁੱਧ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।

# ਸਾਬਕਾ ਮੰਤਰੀ ਜਥੇਦਾਰ ਰਣਧੀਰ ਸਿੰਘ ਚੀਮਾ ਦਾ ਦੇਹਾਂਤ, ਪੰਜਾਬ ਸਰਕਾਰ ਨੇ ਸ਼ੋਕ ਵੱਜੋਂ ਐਲਾਨੀ ਛੁੱਟੀ

## ਸ਼੍ਰੋਮਣੀ ਕਮੇਟੀ ਮੈਂਬਰ ਰਣਧੀਰ ਸਿੰਘ ਚੀਮਾ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਵਲੋਂ ਦੁੱਖ ਪ੍ਰਗਟ

ਚੰਡੀਗੜ੍ਹ : ਸਾਬਕਾ ਮੰਤਰੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਅਤੇ ਟਕਸਾਲੀ ਅਕਾਲੀ ਆਗੂ ਜਥੇਦਾਰ ਰਣਧੀਰ ਸਿੰਘ ਚੀਮਾ ਦਾ ਦੇਹਾਂਤ ਹੋ ਗਿਆ। ਸਾਬਕਾ ਮੰਤਰੀ ਰਣਧੀਰ ਸਿੰਘ ਚੀਮਾ ਦਾ ਦਿਹਾਂਤ ਹੋ ਜਾਣ ਕਾਰਨ ਪੰਜਾਬ ਸਰਕਾਰ ਵੱਲੋਂ ਅੱਜ ਮਿਤੀ 9 ਅਪ੍ਰੈਲ ਨੂੰ ਸਮੂਹ ਸਰਕਾਰੀ ਦਫ਼ਤਰਾਂ ਵਿਖੇ ਰਹਿੰਦੇ ਦਿਨ ਲਈ ਤੁਰੰਤ ਛੁੱਟੀ ਦਾ ਐਲਾਨ ਕੀਤਾ ਗਿਆ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ ਰਣਧੀਰ ਸਿੰਘ ਚੀਮਾ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਕਰੀਮਪੁਰਾ ਦੇ ਸ਼ਮਸ਼ਾਨ ਘਾਟ ਵਿਚ ਅੱਜ ਦੁਪਹਿਰ 4 ਵਜੇ ਕਰ ਦਿੱਤਾ ਗਿਆ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਮੈਂਬਰ ਸ. ਰਣਧੀਰ



ਸਿੰਘ ਚੀਮਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਸ. ਰਣਧੀਰ ਸਿੰਘ ਚੀਮਾ ਦੀਆਂ ਪੰਥਕ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਨਿਮਰ ਸੁਭਾਅ ਵਾਲੇ ਟਕਸਾਲੀ ਅਕਾਲੀ ਤੇ ਨੇਕ ਦਿਲ ਇਨਸਾਨ ਸਨ। ਸ. ਚੀਮਾ ਨੇ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਲੰਬਾ ਸਮਾਂ ਸੇਵਾਵਾਂ ਨਿਭਾਈਆਂ ਅਤੇ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਵਿੱਦਿਆ ਦੇ ਖੇਤਰ ਵਿਚ ਵੀ ਅਹਿਮ ਕਾਰਜ ਕੀਤੇ। ਉਨ੍ਹਾਂ ਕਿਹਾ ਕਿ ਸ. ਚੀਮਾ ਦੇ ਅਕਾਲ ਚਲਾਣੇ ਨਾਲ ਪਰਿਵਾਰ ਅਤੇ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਵੀ ਵੱਡਾ ਘਾਟਾ ਪਿਆ ਹੈ। ਐਡਵੋਕੇਟ ਧਾਮੀ ਨੇ ਸ. ਰਣਧੀਰ ਸਿੰਘ ਚੀਮਾ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਦੇਣ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ. ਰਣਧੀਰ ਸਿੰਘ ਚੀਮਾ ਨਮਿਤ ਸ਼ੋਕ ਸਭਾ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

# ਨਿਗਰਾਨ ਕਮੇਟੀ ਰੱਖੇਗੀ ਕੋਚਿੰਗ ਸੈਂਟਰਾਂ 'ਤੇ ਨਿਗਾਹ : ਫੈਡਰੇਸ਼ਨ

## ਡੰਮ੍ਹੀ ਦਾਖਲਿਆਂ ਨੂੰ ਰੋਕਣ ਲਈ ਹੋਵੇਗੀ ਬਾਇਓਮੈਟਰਿਕ ਹਾਜ਼ਰੀ : ਡਾ ਧੂਰੀ, ਅਰੋੜਾ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵੱਲੋਂ ਡੰਮ ?ਹੀ ਦਾਖਲਿਆਂ ਵਿਰੁੱਧ ਵਿੱਢੀ ਮੁਹਿੰਮ ਉਪਰੰਤ ਸੂਬਾ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਵੱਲੋਂ ਨਿਗਰਾਨ ਕਮੇਟੀਆਂ ਦਾ ਗਠਨ ਕਰ ਦਿੱਤਾ ਗਿਆ ਹੈ। ਹਰ ਜ਼ਿਲ੍ਹੇ ਦੀ ਨਿਗਰਾਨ ਕਮੇਟੀ ਸਕੂਲਾਂ, ਵਿਦਿਆਰਥੀਆਂ ਅਤੇ ਕੋਚਿੰਗ ਸੈਂਟਰਾਂ ਉੱਪਰ ਨਿਗਾਹ ਰੱਖੇਗੀ। ਸਰਕਾਰ ਦੁਆਰਾ ਕੋਚਿੰਗ ਸੈਂਟਰਾਂ ਲਈ ਬਣਾਏ ਗਏ ਨਿਯਮਾਂ ਮੁਤਾਬਕ ਕੋਈ ਵੀ ਕੋਚਿੰਗ ਸੈਂਟਰ ਵਿੱਚ ਸਕੂਲ ਸਮੇਂ ਵਿੱਚ ਰੈਗੂਲਰ ਵਿਦਿਆਰਥੀਆਂ ਨੂੰ ਕੋਚਿੰਗ ਨਹੀਂ ਦੇ ਸਕਦਾ। ਕੋਈ ਵੀ 16 ਸਾਲ ਤੋਂ ਘੱਟ ਉਮਰ ਦਾ ਵਿਦਿਆਰਥੀ ਨਿਯਮਾਂ ਅਨੁਸਾਰ ਕੋਚਿੰਗ ਸੈਂਟਰ ਵਿੱਚ ਨਹੀਂ ਜਾ ਸਕਦਾ ਇਹ ਜਾਣਕਾਰੀ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਦੇ ਜਿਲਾ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਅੱਜ ਇਥੇ ਪੱਤਰਕਾਰਾਂ ਨਾਲ ਸਾਂਝੀ ਕੀਤੀ। ਅਰੋੜਾ ਨੇ ਕਿਹਾ ਜਿਹੜੇ ਸਕੂਲ ਗਿਆਰਵੀਂ ਅਤੇ ਬਾਰਵੀ ਜਮਾਤ ਨੂੰ ਜਲਦੀ ਛੁੱਟੀ ਕਰਦੇ ਹਨ, ਉਹ ਵੀ ਡੰਮ੍ਹੀ ਦਾਖਲਿਆਂ ਦੇ ਰੁਝਾਨ ਨੂੰ ਵਧਾ ਰਹੇ ਹਨ। ਜਾਣਕਾਰੀ ਦਿੰਦੇ ਹੋਏ ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਨਿਗਰਾਨ ਕਮੇਟੀ ਜਲਦੀ ਛੁੱਟੀ ਹੋਣ ਵਾਲੇ ਵਿਦਿਆਰਥੀਆਂ ਦੀ ਵੀਡਿਓ ਬਣਾਏਗੀ ਅਤੇ ਕੋਚਿੰਗ ਸੈਂਟਰ, ਜਿੱਥੇ ਵਿਦਿਆਰਥੀ ਸਕੂਲ ਸਮੇਂ ਵਿੱਚ ਦਾਖਲ ਹੋਣਗੇ, ਉਹਨਾਂ ਦੀ ਵੀ ਵੀਡਿਓ ਬਣਾਈ ਜਾਵੇਗੀ। ਫੈਡਰੇਸ਼ਨ ਨੇ ਇਸ ਕੰਮ ਲਈ ਪੱਕੇ ਤੌਰ ਤੇ ਕਰਮਚਾਰੀ ਨਿਯੁਕਤ ਕਰ ਲਏ ਹਨ। ਫੈਡਰੇਸ਼ਨ ਸਾਰੀ ਜਾਣਕਾਰੀ ਸਬੰਧਤ ਬੋਰਡਾਂ ਨਾਲ ਸੰਸਥਾਵਾਂ ਅਤੇ ਵਿਦਿਆਰਥੀਆਂ ਦੇ ਨਾਂ



ਸੂਬਾ ਪ੍ਰਧਾਨ ਜਗਜੀਤ ਸਿੰਘ ਧੂਰੀ ਅਤੇ ਜਿਲਾ ਹੁਸ਼ਿਆਰਪੁਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ

ਸਹਿਤ ਜਾਣਕਾਰੀ ਸਾਂਝੀ ਕਰਦੀ ਰਹੇਗੀ। ਫੈਡਰੇਸ਼ਨ ਵੱਲੋਂ ਸਾਰੇ ਬੋਰਡਾਂ ਨੂੰ ਗਿਆਰਵੀਂ ਅਤੇ ਬਾਰਵੀ ਜਮਾਤ ਦੇ ਵਿਦਿਆਰਥੀਆਂ ਲਈ ਬਾਇਓਮੈਟਰਿਕ ਹਾਜ਼ਰੀ ਲਈ ਲਿਖ ਦਿੱਤਾ ਹੈ। ਸੁਣਨ ਵਿੱਚ ਆਇਆ ਹੈ ਕਿ ਸੀ.ਬੀ.ਐੱਸ.ਈ. ਅਤੇ ਹੋਰ ਬੋਰਡ ਇਸ ਨੂੰ ਜਲਦੀ ਲਾਗੂ ਕਰਨ ਵਾਲੇ ਹਨ। ਉਹਨਾਂ ਕਿਹਾ ਕਿ ਫੈਡਰੇਸ਼ਨ ਦੇ ਇਸ ਸਖਤ ਕਦਮ ਉਪਰੰਤ ਕੁਝ ਸਕੂਲਾਂ ਨੇ ਡੰਮ੍ਹੀ ਦਾਖਲਿਆਂ ਦੀ ਗਿਣਤੀ ਘਟਾ ਕੇ ਫੀਸਾਂ ਦੀ ਦਰ ਉੱਚੀ ਚੱਕ ਦਿੱਤੀ ਹੈ ਪਰੰਤੂ ਫੈਡਰੇਸ਼ਨ ਵਚਨਬੱਧ ਹੈ ਕਿ ਕਿਸੇ ਵੀ ਹਾਲਾਤਾਂ ਵਿੱਚ ਡੰਮ੍ਹੀ ਦਾਖਲੇ ਨਹੀਂ ਹੋਣ ਦਿੱਤੇ ਜਾਣਗੇ। ਜਿਹੜੇ ਲੋਕਾਂ ਨੂੰ ਫੈਡਰੇਸ਼ਨ ਦੀ ਕਾਰਜ ਸ਼ੈਲੀ ਦਾ ਪਤਾ ਹੈ, ਉਹ ਬਿਹਤਰ ਜਾਣਦੇ ਹਨ ਕਿ ਫੈਡਰੇਸ਼ਨ ਅਜਿਹੇ ਰਸਤੇ ਖੋਜੇਗੀ ਕਿ ਇੱਕ ਵੀ ਵਿਦਿਆਰਥੀ ਡੰਮ ?ਹੀ ਦਾਖਲੇ ਨਾਲ ਨਹੀਂ ਪੜ ਸਕੇਗਾ। ਜ਼ਿਕਰਯੋਗ ਹੈ ਕਿ ਜਿਹੜੇ ਵਿਦਿਆਰਥੀ ਗਿਆਰਵੀਂ ਜਮਾਤ ਵਿੱਚੋਂ ਹਟ ਕੇ ਕਿਸੇ ਹੋਰ ਸਕੂਲਾਂ ਵਿੱਚ ਜਾਣਗੇ ਅਤੇ ਜਿਹੜੇ ਪੰਜਾਬ ਦੇ ਵਿਦਿਆਰਥੀ ਨਾਲ ਦੇ ਸੂਬਿਆਂ ਵਿੱਚ ਦਾਖਲਾ ਲੈਣ ਦੀ ਕੋਸ਼ਿਸ਼ ਕਰਨਗੇ, ਉਹ ਸਿੱਧੇ ਫੈਡਰੇਸ਼ਨ ਦੇ ਨਿਸ਼ਾਨੇ ਉੱਪਰ ਹੋਣਗੇ। ਸੁਖਵਿੰਦਰ ਸਿੰਘ ਅਰੋੜਾ ਨੇ ਕਿਹਾ ਕਿ ਫੈਡਰੇਸ਼ਨ ਵੱਲੋਂ ਵਿਦਿਆ ਦੇ ਵਪਾਰੀਕਰਨ ਨੂੰ ਰੋਕਣ ਲਈ ਅਤੇ ਕੋਚਿੰਗ ਸੈਂਟਰਾਂ ਵੱਲੋਂ ਵਿਦਿਆਰਥੀਆਂ ਦੀ ਕੀਤੀ ਜਾ ਰਹੀ ਲੁੱਟ ਕਾਰਨ ਫੈਡਰੇਸ਼ਨ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਵਿੱਚ ਇਹ ਸਾਰੇ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਸਬੰਧੀ ਵੱਖ ਵੱਖ ਸਿੱਖਿਆ ਬੋਰਡ ਦੇ ਉੱਚ ਅਧਿਕਾਰੀਆਂ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ । ਇਸ ਮੌਕੇ ਉਹਨਾਂ ਨਾਲ ਫੈਡਰੇਸ਼ਨ ਆਗੂ ਰਜਿੰਦਰ ਸਿੰਘ ਮਾਰਸ਼ਲ ਵੀ ਹਾਜ਼ਰ ਸਨ।

# ਐਡਵੋਕੇਟ ਨਰੇਂਦਰ ਮਾਨ ਤਿੰਨ ਸਾਲਾਂ ਲਈ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ

ਨਵੀਂ ਦਿੱਲੀ : ਕੇਂਦਰ ਸਰਕਾਰ ਨੇ 26/11 ਮੁੰਬਈ ਦਹਿਸ਼ਤੀ ਹਮਲੇ ਦੇ ਮੁਲਜ਼ਮ ਤਹੱਵੁਰ ਹੁਸੈਨ ਰਾਣਾ ਨਾਲ ਸਬੰਧਤ ਮਾਮਲੇ ਵਿੱਚ ਸੁਣਵਾਈ ਲਈ ਇੱਕ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਹੈ। ਰਾਣਾ, ਜਿਸ ਨੂੰ ਅਮਰੀਕਾ ਤੋਂ ਭਾਰਤ ਲਿਆਂਦਾ ਜਾ ਰਿਹਾ ਹੈ, ਦੇ ਵੀਰਵਾਰ ਨੂੰ ਇੱਥੇ ਪਹੁੰਚਣ ਦੀ ਉਮੀਦ ਹੈ। ਦੇਰ ਰਾਤ ਜਾਰੀ ਨੋਟੀਫਿਕੇਸ਼ਨ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਐਡਵੋਕੇਟ ਨਰੇਂਦਰ ਮਾਨ ਮਾਮਲੇ ਦੀ ਸੁਣਵਾਈ ਤੇ ਕੌਮੀ ਜਾਂਚ ਏਜੰਸੀ ਕੇਸ RC-04/2009/NIA/DLI (ਮੁੰਬਈ ਹਮਲੇ) ਵਿਚ ਤਿੰਨ ਸਾਲਾਂ ਲਈ ਵਿਸ਼ੇਸ਼ ਸਰਕਾਰੀ ਵਕੀਲ ਹੋਣਗੇ। ਨੋਟੀਫਿਕੇਸ਼ਨ ਵਿਚ ਕਿਹਾ ਗਿਆ ਕਿ ਇਹ ਨਿਯੁਕਤੀ ਨੋਟੀਫਿਕੇਸ਼ਨ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਤਿੰਨ ਸਾਲਾਂ ਦੀ ਮਿਆਦ ਲਈ ਜਾਂ ਉਕਤ ਕੇਸ ਦੀ ਸੁਣਵਾਈ ਪੂਰੀ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਤੱਕ ਹੋਵੇਗੀ। ਇਸ ਕੇਸ ਤੋਂ ਪਹਿਲਾਂ, ਮਾਨ ਨੇ ਕਈ



ਮਾਮਲਿਆਂ ਵਿੱਚ ਸਰਕਾਰੀ ਵਕੀਲ ਵਜੋਂ ਵਕਾਲਤ ਕੀਤੀ ਹੈ। ਅਧਿਕਾਰਤ ਸੂਤਰਾਂ ਅਨੁਸਾਰ, ਮਾਨ ਨੇ 2018 ਵਿੱਚ ਸਟਾਫ ਸਿਲੈਕਸ਼ਨ ਕਮਿਸ਼ਨ (SSC) ਪੇਪਰ ਲੀਕ ਮਾਮਲੇ ਵਿੱਚ ਬਹਿਸ ਕੀਤੀ ਸੀ। ਉਨ੍ਹਾਂ ਦੇ ਟਰੈਕ ਰਿਕਾਰਡ ਨੂੰ ਧਿਆਨ ਵਿੱਚ ਰੱਖਦੇ ਹੋਏ, ਕੇਂਦਰ ਨੇ ਉਨ੍ਹਾਂ ਨੂੰ ਇਸ ਹਾਈ ਪ੍ਰੋਫਾਈਲ ਮਾਮਲੇ ਵਿੱਚ ਸਰਕਾਰੀ ਵਕੀਲ ਵਜੋਂ ਨਿਯੁਕਤ ਕੀਤਾ ਹੈ।

# ਵਕ.ਫ ਸੋਧ ਐਕਟ ਨੂੰ ਲੈ ਕੇ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ ਹੰਗਾਮਾ





ਜੰਮੂ : ਜੰਮੂ ਵਿੱਚ ਵਕਫ਼ ਸੋਧ ਐਕਟ ਨੂੰ ਲੈ ਕੇ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ ਜੇਕੇਐਨਸੀ ਵਿਧਾਇਕਾਂ ਅਤੇ ਮਾਰਸ਼ਲਾਂ ਵਿਚਕਾਰ ਝੜਪ ਜਾਰੀ ਹੈ। ਸਪੀਕਰ ਨੇ ਨਵੇਂ ਵਕਫ਼ ਐਕਟ ’ਤੇ ਕਿਸੇ ਵੀ ਚਰਚਾ ਤੋਂ ਇਨਕਾਰ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਵਕਫ਼ (ਸੋਧ) ਐਕਟ ਜਿਸ ਨੂੰ ਲੈ ਕੇ ਵਿਰੋਧ ਜਾਰੀ ਹੈ ਦੇ ਸਬੰਧ ਵਿੱਚ ਜੰਮੂ-ਕਸ਼ਮੀਰ ਵਿਧਾਨ ਸਭਾ ਵਿੱਚ ਸੋਮਵਾਰ ਨੂੰ ਐਕਟ ’ਤੇ ਚਰਚਾ ਲਈ ਪ੍ਰਸ਼ਨ ਕਾਲ ਮੁਲਤਵੀ ਕਰਨ ਦੀ ਇਜਾਜ਼ਤ ਨਾ ਦਿੱਤੇ ਜਾਣ ’ਤੇ ਹੰਗਾਮੇ ਦੇ ਵਿਚਕਾਰ, ਸਪੀਕਰ ਅਬਦੁਲ ਰਹੀਮ ਰਾਥਰ ਨੇ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ। ਇਸ ਮੌਕੇ ਬਜਟ ਸੈਸ਼ਨ ਦੌਰਾਨ ਪਹਿਲੀ ਵਾਰ ਸਦਨ ਦੀ ਕਾਰਵਾਈ ਮੁਲਤਵੀ ਕੀਤੀ ਗਈ ਹੈ। ਜ਼ਿਕਰਯੋਗ ਹੈ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ, ਨਜ਼ੀਰ ਗੁਰੇਜ਼ੀ ਅਤੇ ਤਨਵੀਰ ਸਾਦਿਕ ਦੀ ਅਗਵਾਈ ਵਿੱਚ ਨੈਸ਼ਨਲ ਕਾਨਫਰੰਸ ਦੇ ਮੈਂਬਰਾਂ ਨੇ ਵਕਫ਼ ਕਾਨੂੰਨ ’ਤੇ ਚਰਚਾ ਲਈ ਪ੍ਰਸ਼ਨ ਕਾਲ ਮੁਲਤਵੀ ਕਰਨ ਦਾ ਪ੍ਰਸਤਾਵ ਪੇਸ਼ ਕੀਤਾ। ਇਸ ਮੁੱਦੇ ’ਤੇ ਨੈਸ਼ਨਲ ਕਾਨਫਰੰਸ, ਕਾਂਗਰਸ ਅਤੇ ਕੁਝ ਆਜ਼ਾਦ ਵਿਧਾਇਕਾਂ ਸਮੇਤ ਕੁੱਲ ਨੌਂ ਮੈਂਬਰਾਂ ਨੇ ਸਪੀਕਰ ਨੂੰ ਨੋਟਿਸ ਦਿੱਤਾ ਸੀ। ਇਸ ਪ੍ਰਸਤਾਵ ਦਾ ਭਾਰਤੀ ਜਨਤਾ ਪਾਰਟੀ ਨੇ ਵਿਰੋਧ ਕੀਤਾ ਸੀ। ਸਦਨ ਦੇ ਨੇਤਾ ਸੁਨੀਲ ਸ਼ਰਮਾ ਦੀ ਅਗਵਾਈ ਹੇਠ ਭਾਜਪਾ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ, ਜਿਸ ਕਾਰਨ ਸਦਨ ਵਿੱਚ ਹੰਗਾਮਾ ਹੋਇਆ ਜੋ ਦੋ ਮਿੰਟ ਤੋਂ ਵੱਧ ਸਮੇਂ ਤੱਕ ਜਾਰੀ ਰਿਹਾ। ਸਪੀਕਰ ਦੀਆਂ ਟਿੱਪਣੀਆਂ ਤੋਂ ਬਾਅਦ, ਨੈਸ਼ਨਲ ਕਾਨਫਰੰਸ, ਕਾਂਗਰਸ ਅਤੇ ਪੀਡੀਪੀ ਦੇ ਮੈਂਬਰਾਂ ਨੇ ਵਿਰੋਧ ਕੀਤਾ ਅਤੇ ਪ੍ਰਸ਼ਨ ਕਾਲ ਮੁਲਤਵੀ ਕਰਨ ’ਤੇ ਜ਼ੋਰ ਦਿੱਤਾ ਅਤੇ ਸਪੀਕਰ ਦੇ ਪੋਡੀਅਮ ਵੱਲ ਮਾਰਚ ਕੀਤਾ। ਇਹ ਦੇਖ ਕੇ ਕਿ ਹੰਗਾਮਾ ਰੁਕ ਨਹੀਂ ਰਿਹਾ ਸੀ, ਸਪੀਕਰ ਨੇ ਸਦਨ ਦੀ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ।

## ਤਾਮਿਲਨਾਡੂ ਲਿਬਰੇਸ਼ਨ ਟਾਈਗਰਜ਼ ਦੇ ਆਗੂਆਂ ਨੇ ਵਕ.ਫ (ਸੋਧ) ਬਿੱਲ ਨੂੰ ਲੈ ਕੇ ਪ੍ਰਦਰਸ਼ਨ ਕੀਤਾ



ਚੇਨਈ: ਤਾਮਿਲਨਾਡੂ ਲਿਬਰੇਸ਼ਨ ਟਾਈਗਰਜ਼ ਦੇ ਆਗੂਆਂ ਨੇ ਮੰਗਲਵਾਰ ਨੂੰ ਚੇਨਈ ਦੇ ਚੇਪੌਕ ਵਿਖੇ ਵਕ.ਫ (ਸੋਧ) ਬਿੱਲ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾ.ਫ ਪ੍ਰਦਰਸ਼ਨ ਕੀਤਾ।

## ਮਨੀਪੁਰ ਵਿੱਚ ਵਕ.ਫ (ਸੋਧ) ਬਿੱਲ 2025 ਦਾ ਵਿਰੋਧ ਪ੍ਰਦਰਸ਼ਨ




ਥੌਬਲ: ਮੰਗਲਵਾਰ ਨੂੰ ਥੌਬਲ ਵਿੱਚ ਮੀਤੇਈ ਪੰਗਲ ਭਾਈਚਾਰੇ ਦੇ ਮੈਂਬਰਾਂ ਨੇ ਵਕ.ਫ (ਸੋਧ) ਬਿੱਲ 2025 ਦੇ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ।

## ਕਰਨਲ ਬਾਠ ਮਾਮਲਾ : ਹੇਠਲੀ ਅਦਾਲਤ ਨੇ ਇੰਸਪੈਕਟਰ ਰੌਣੀ ਸਿੰਘ ਦੀ ਬੇਨਤੀ ਕੀਤੀ ਖ਼ਾਰਜ

ਪਟਿਆਲਾ : ਐਡੀਸ਼ਨਲ ਸੈਸ਼ਨ ਜੱਜ ਸੁਰਿੰਦਰ ਪਾਲ ਕੌਰ ਨੇ ਕਰਨਲ ਬਾਠ ਮਾਮਲੇ ’ਚ ਨਾਮਜ਼ਦ ਇੰਸਪੈਕਟਰ ਰੌਣੀ ਸਿੰਘ ਨੂੰ ਅੰਤਰਿਮ ਜ਼ਮਾਨਤ ਮਿਲਣ ਤੱਕ ਰਿਲੀ.ਫ ਦੇਣ ਦੀ ਬੇਨਤੀ ਖ਼ਾਰਜ ਕਰ ਦਿੱਤੀ ਹੈ ਤੇ ਅਗਲੀ ਸੁਣਵਾਈ 11 ਅਪ੍ਰੈਲ ਨੂੰ ਦੁਬਾਰਾ ਹੋਵੇਗੀ, ਜਿਸ ਦੌਰਾਨ ਅੰਤਰਿਮ ਜ਼ਮਾਨਤ ਦੇ ਉੱਪਰ ਬਹਿਸ ਕੀਤੀ ਜਾਵੇਗੀ। ਇਹ ਜਾਣਕਾਰੀ ਕਰਨਲ ਬਾਠ ਦੇ ਵਕੀਲ ਹਰਿੰਦਰ ਪਾਲ ਸਿੰਘ ਵਰਮਾ ਨੇ ਦਿੱਤੀ ਹੈ। ਕਰਨਲ ਬਾਠ ਪਰਿਵਾਰ ਨੇ ਮਾਣਯੋਗ ਅਦਾਲਤ ਦੇ ਫੈਸਲੇ ’ਤੇ ਸੰਤੁਸ਼ਟੀ ਜਤਾਈ ਹੈ।

## ਜੰਮੂ-ਕਸ਼ਮੀਰ: ਸ਼ਾਹ ਵੱਲੋਂ ਸੁਰੱਖਿਆ ਹਾਲਾਤ ਦਾ ਜਾਇਜ਼ਾ

**ਕੇਂਦਰੀ ਗ੍ਰਹਿ ਮੰਤਰੀ ਨੇ ਸੁਰੱਖਿਆ ਏਜੰਸੀਆਂ ਦੀ ਕੀਤੀ ਸ਼ਲਾਘਾ; ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਵੀ ਕੀਤੀ**



ਸ੍ਰੀਨਗਰ : ਕੇਂਦਰੀ ਗ੍ਰਹਿ ਮੰਤਰੀ ਨੇ ਇੱਥੇ ਜੰਮੂ-ਕਸ਼ਮੀਰ ਵਿੱਚ ਰਹੇ ਵਿਕਾਸ ਪ੍ਰਾਜੈਕਟਾਂ ਅਤੇ ਸੁਰੱਖਿਆ ਸਥਿਤੀ ਦੀ ਸਮੀਖਿਆ ਲਈ ਦੋ ਮੀਟਿੰਗਾਂ ਦੀ ਪ੍ਰਧਾਨਗੀ ਕੀਤੀ। ਇਸ ਦੌਰਾਨ ਉਨ੍ਹਾਂ ਸੁਰੱਖਿਆ ਏਜੰਸੀਆਂ ਦੀ ਸ਼ਲਾਘਾ ਵੀ ਕੀਤੀ। ਰਾਜ ਭਵਨ ਵਿੱਚ ਹੋਈ ਮੀਟਿੰਗ ਵਿੱਚ ਵਿਕਾਸ ਪ੍ਰਾਜੈਕਟਾਂ ਦੀ ਸਮੀਖਿਆ ਕੀਤੀ ਗਈ। ਇਸ ਵਿੱਚ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਸਮੇਤ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਜੰਮੂ-ਕਸ਼ਮੀਰ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਵੀ ਹਾਜ਼ਰ ਸਨ। ਦੋ ਘੰਟੇ ਤੱਕ ਚੱਲੀ ਇਸ ਮੀਟਿੰਗ ਤੋਂ ਬਾਅਦ ਉਨ੍ਹਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ ਸੁਰੱਖਿਆ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਹੋਰ ਮੀਟਿੰਗ ਕੀਤੀ, ਜੋ ਢਾਈ ਘੰਟੇ ਚੱਲੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪੁਲਿਸ ਅਤੇ ਫੌਜ ਸਮੇਤ ਹੋਰ ਸੁਰੱਖਿਆ ਬਲਾਂ ਦੇ ਉੱਚ ਅਧਿਕਾਰੀ ਸ਼ਾਮਲ ਸਨ ਪਰ ਮੁੱਖ ਮੰਤਰੀ ਅਬਦੁੱਲਾ ਨੇ ਇਸ ਮੀਟਿੰਗ ਵਿੱਚ ਸ਼ਮੂਲੀਅਤ ਨਹੀਂ ਕੀਤੀ। ਗ੍ਰਹਿ ਮੰਤਰੀ ਨੇ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਸੁਰੱਖਿਆ ਏਜੰਸੀਆਂ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਚੌਕਸੀ ਵਧਾਉਣ ਲਈ ਕਿਹਾ।

## ਸਕੂਲੀ ਬੱਚਿਆਂ ਦੀ ਆਵਾਜਾਈ ਲਈ ਆਟੋ/ਈ-ਰਿਕਸ਼ਾ ’ਤੇ ਪਾਬੰਦੀ ਦੇ ਖਿਲਾਫ ਆਟੋ/ਈ-ਰਿਕਸ਼ਾ ਚਾਲਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ





ਪਟਨਾ : ਆਟੋ/ਈ-ਰਿਕਸ਼ਾ ਚਾਲਕਾਂ ਨੇ ਬੁੱਧਵਾਰ ਨੂੰ ਪਟਨਾ ਦੇ ਗਰਦਾਨੀਬਾਗ ਵਿਖੇ ਸਕੂਲੀ ਬੱਚਿਆਂ ਦੀ ਆਵਾਜਾਈ ਲਈ ਆਟੋ ਰਿਕਸ਼ਾ ਅਤੇ ਈ-ਰਿਕਸ਼ਾ ’ਤੇ ਪਾਬੰਦੀ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ।

## 3 ਸਾਲ ਦੀ ਬੱਚੀ ਨਾਲ ਜਬਰ ਜ਼ਿਨਾਹ ਤੇ ਕਤਲ ਦੇ ਦੋਸ਼ੀਆਂ ਨੂੰ ਕੋਰਟ ਨੇ ਸੁਣਾਈ ਸਜ਼ਾ-ਏ-ਮੌਤ

ਟੋਹਾਨਾ : ਤਿੰਨ ਸਾਲ ਦੀ ਮਾਸੂਮ ਬੱਚੀ ਨਾਲ ਜਬਰ ਜ਼ਿਨਾਹ ਅਤੇ ਕਤਲ ਦੇ ਮਾਮਲੇ ’ਚ 2 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਫਾਸਟ ਟਰੈਕ ਕੋਰਟ ਨੇ ਪਿੰਡ ਲਾਲੁਵਾਲ ਦੇ ਮੁਕੇਸ਼ ਅਤੇ ਕਾਨਾ ਖੇੜਾ ਦੇ ਸਤੀਸ਼ ਨੂੰ ਸਜ਼ਾ-ਏ-ਮੌਤ ਦੀ ਸਜ਼ਾ ਦੇ ਨਾਲ 1.75 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਇਹ ਘਟਨਾ 30 ਜੂਨ 2024 ਨੂੰ ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਟੋਹਾਨਾ ਦੇ ਸਦਰ ਖੇਤਰ ’ਚ ਹੋਈ ਸੀ। ਘਟਨਾ ਦੀ ਰਾਤ ਦੋਵੇਂ ਦੋਸ਼ੀਆਂ ਨੇ ਪੀੜਤਾ ਦੇ ਪਿਤਾ ਅਤੇ ਸਤੀਸ਼ ਦੇ ਫੁੱਫੜ ਨਾਲ ਸ਼ਰਾਬ ਪੀਤੀ ਸੀ। ਫੁੱਫੜ ਸ਼ਰਾਬ ਪੀਣ ਤੋਂ ਬਾਅਦ ਘਰ ਚਲਾ ਗਿਆ। ਪੀੜਤਾ ਦਾ ਪਿਤਾ ਵੀ ਨਸ਼ੇ ’ਚ ਸੌਂ ਗਿਆ। ਇਸ ਤੋਂ ਬਾਅਦ ਦੋਵੇਂ ਦੋਸ਼ੀ ਮਾਂ ਕੋਲ ਸੌਂ ਰਹੀ ਬੱਚੀ ਨੂੰ ਚੁੱਕ ਕੇ ਖੇਤਾਂ ’ਚ ਲੈ ਗਏ। ਉੱਥੇ ਉਨ੍ਹਾਂ ਨੇ ਬੱਚੀ ਨਾਲ ਜਬਰ ਜ਼ਿਨਾਹ ਕੀਤਾ ਅਤੇ ਉਸ ਨੂੰ ਸੜਕ ’ਤੇ ਛੱਡ ਕੇ ਫਰਾਰ ਹੋ ਗਏ।

ਪੀੜਤ ਪਰਿਵਾਰ ਟੋਹਾਨਾ ਅਤੇ ਕੁਲਾਂ ਕੋਲ ਇਕ ਜਿਮੀਂਦਾਰ ਦੇ ਖੇਤ ’ਤੇ ਰਹਿੰਦਾ ਸੀ। ਉਹ ਕਰੀਬ 2 ਮਹੀਨੇ ਪਹਿਲਾਂ ਹੀ ਇੱਥੇ ਆਏ ਸਨ ਅਤੇ ਮਜ਼ਦੂਰੀ ਦਾ ਕੰਮ ਕਰਦੇ ਸਨ। ਘਟਨਾ ਦੀ ਰਾਤ ਕਰੀਬ 3 ਵਜੇ ਜਦੋਂ ਪਿਤਾ ਦੀ ਨੀਂਦ ਖੁੱਲ੍ਹੀ ਤਾਂ ਬੱਚੀ ਬਿਸਤਰ ’ਤੇ ਨਹੀਂ ਸੀ। ਪਰਿਵਾਰ ਨੇ ਖੇਤ ਮਾਲਕ ਦੀ ਮਦਦ ਨਾਲ ਬੱਚੀ ਦੀ ਭਾਲ ਕੀਤੀ। ਬੱਚੀ ਜਾਖਲ ਰੋਡ ’ਤੇ ਖੂਨ ਨਾਲ ਲੱਥਪੱਥ ਹਾਲਤ ’ਚ ਮਿਲੀ। ਉਸ ਨੂੰ ਤੁਰੰਤ ਰੋਹਤਕ ਪੀਜੀਆਈ ’ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜੱਜ ਅਮਿਤ ਗਰਗ ਦੀ ਫਾਸਟ ਟਰੈਕ ਕੋਰਟ ਨੇ ਮਾਮਲੇ ’ਚ ਤੁਰੰਤ ਕਾਰਵਾਈ ਕਰਦੇ ਹੋਏ ਦੋਸ਼ੀਆਂ ਨੂੰ ਸਖ਼ਤ ਸਜ਼ਾ ਸੁਣਾਈ ਹੈ।

## ਭਾਜਪਾ ਮਹਿਲਾ ਮੋਰਚਾ ਦੇ ਮੈਂਬਰਾਂ ਨੇ ਮਨੋਰੰਜਨ ਕਾਲੀਆ ਦੇ ਘਰ ਦੇ ਬਾਹਰ ਹੋਏ ਧਮਾਕੇ ਦੇ ਜਵਾਬ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ




ਪਟਿਆਲਾ: ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਦੇ ਮੈਂਬਰਾਂ ਨੇ ਮੰਗਲਵਾਰ ਨੂੰ ਪਟਿਆਲਾ ਵਿੱਚ ਪੰਜਾਬ ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਘਰ ਦੇ ਬਾਹਰ ਹੋਏ ਧਮਾਕੇ ਦੇ ਜਵਾਬ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਕੀਤਾ।



**ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇਤਾ ਮਨੋਰੰਜਨ ਕਾਲੀਆ ਦੇ ਜਲੰਧਰ ਸਥਿਤ ਘਰ ਦੇ ਬਾਹਰ ਧਮਾਕੇ ਦੀ ਖ਼ਬਰ ਤੋਂ ਬਾਅਦ ਉਨ੍ਹਾਂ ਦੇ ਘਰ 'ਤੇ ਡੌਗ ਸਕੁਐਡ ਮੌਜੂਦ ਹੈ।**

# 12 ਘੰਟੇ 'ਚ ਸੁਲਝੀ ਭਾਜਪਾ ਆਗੂ ਦੇ ਘਰ 'ਤੇ ਗ੍ਰੇਨੇਡ ਹਮਲੇ ਦੀ ਗੁੱਥੀ, 2 ਸ਼ੱਕੀ ਕਾਬੂ

### ਮਾਸਟਰਮਾਈਂਡ ਦਾ ਲਾਰੈਂਸ ਗੈਂਗ ਨਾਲ ਕੁਨੈਕਸ਼ਨ



ਚੰਡੀਗੜ੍ਹ : ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਬਦਨਾਮ ਖੁਫ਼ੀਆ ਏਜੰਸੀ ਆਈ. ਐਸ. ਆਈ. ਸਮਰਥਿਤ ਅੱਤਵਾਦੀ ਮਡਿਊਲ ਵਲੋਂ ਘੜੀ ਸਾਜਿਸ਼ ਤਹਿਤ ਭਾਜਪਾ ਨੇਤਾ ਦੇ ਘਰ 'ਤੇ ਕੀਤੇ ਹੈਂਡ ਗ੍ਰਨੇਡ ਹਮਲੇ ਦੇ ਮਾਮਲੇ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਨੂੰ ਮਹਿਜ਼ 12 ਘੰਟਿਆਂ ਤੋਂ ਵੀ ਘੱਟ ਸਮੇਂ ਵਿਚ ਗ੍ਰਿਫ਼ਤਾਰ ਕਰਕੇ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਇਹ ਜਾਣਕਾਰੀ ਵਿਸ਼ੇਸ਼ ਡਾਇਰੈਕਟਰ ਜਨਰਲ ਆਫ਼ ਪੁਲਿਸ (ਵਿਸ਼ੇਸ਼ ਡੀ. ਜੀ. ਪੀ.) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਇਥੇ ਦਿੱਤੀ। ਵਿਸ਼ੇਸ਼ ਡੀ. ਜੀ. ਪੀ. ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ ਦੀ ਆਈ.ਐਸ.ਆਈ. ਵਲੋਂ ਪੰਜਾਬ ਵਿਚ ਫ਼ਿਰਕੂ ਸਦਭਾਵਨਾ ਨੂੰ ਢਾਹ ਲਾਉਣ ਲਈ ਵੱਡੀ ਸਾਜਿਸ਼ ਰਚੀ ਗਈ ਸੀ। ਇਸ ਸਾਜਿਸ਼ ਦਾ ਮਾਸਟਰਮਾਈਂਡ ਜ਼ੀਸ਼ਾਨ ਅਖ਼ਤਰ ਸੀ, ਜੋ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਪਾਕਿਸਤਾਨ ਸਥਿਤ ਆਈ.ਐਸ.ਆਈ.-ਸਮਰਥਿਤ ਗੈਂਗਸਟਰ ਸ਼ਹਿਜ਼ਾਦ ਭੱਟੀ ਦਾ ਨਜ਼ਦੀਕੀ ਸਾਥੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁਲਜ਼ਮਾਂ ਦੇ ਪਾਕਿਸਤਾਨ ਸਥਿਤ ਬੱਬਰ ਖ਼ਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਦੇ ਹਰਵਿੰਦਰ ਸਿੰਘ ਉਰਫ਼ ਰਿੰਦਾ ਅਤੇ ਗੈਂਗਸਟਰ ਹੈਪੀ ਪਾਸੀਆ ਨਾਲ ਵੀ ਸੰਬੰਧਾਂ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਅਰਪਿਤ ਸ਼ੁਕਲਾ, ਜਿਨ੍ਹਾਂ ਨਾਲ ਆਈ. ਜੀ. ਪੀ. ਹੈੱਡਕੁਆਟਰ ਡਾ. ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਟੀਮਾਂ ਨੇ ਇਸ ਅਪਰਾਧ ਨੂੰ ਅੰਜਾਮ ਦੇਣ ਲਈ ਦੋਸ਼ੀਆਂ ਵਲੋਂ ਵਰਤਿਆ ਈ-ਰਿਕਸ਼ਾ ਵੀ ਬਰਾਮਦ ਕੀਤਾ ਹੈ। ਜਾਣਕਾਰੀ ਮੁਤਾਬਿਕ ਸੋਮਵਾਰ ਅਤੇ ਮੰਗਲਵਾਰ ਦੀ ਦਰਮਿਆਨੀ ਰਾਤ ਨੂੰ ਸੈਂਟਰਲ ਟਾਊਨ ਜਲੰਧਰ ਸਥਿਤ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਦੇ ਘਰ ਧਮਾਕਾ ਹੋਇਆ ਸੀ। ਜਲੰਧਰ ਕਮਿਸ਼ਨਰੇਟ ਦੀਆਂ ਪੁਲਿਸ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਫੋਰੈਂਸਿਕ ਟੀਮ ਵਲੋਂ ਮੌਕਾ-ਏ- ਵਾਰਦਾਤ ਤੋਂ ਨਮੂਨੇ ਅਤੇ ਸੰਬੰਧਿਤ ਸਬੂਤ ਇਕੱਠੇ ਕਰ ਲਏ ਗਏ। ਇਸ ਸੰਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਜਲੰਧਰ ਧਨਪ੍ਰੀਤ ਕੌਰ ਨੇ ਕਿਹਾ ਕਿ ਸਮੁੱਚੇ ਅੱਤਵਾਦੀ ਨੈੱਟਵਰਕ ਦਾ ਪਤਾ ਲਗਾਉਣ ਅਤੇ ਸਾਰੇ ਸਾਜਿਸ਼ਕਾਰਾਂ ਵਿਰੁੱਧ ਸਖ਼ਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਖ਼ੁਫ਼ੀਆ ਏਜੰਸੀਆਂ ਨਾਲ ਤਾਲਮੇਲ ਕਰਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਭਾਰਤੀ ਬੀ.ਐਨ.ਐਸ. ਦੀ ਧਾਰਾਵਾਂ 109, 324 (3) ਅਤੇ 61 (2) ਅਤੇ ਧਮਾਕਾਖੇਜ਼ ਪਦਾਰਥ ਐਕਟ ਦੀਆਂ ਧਾਰਾਵਾਂ 3, 4 ਅਤੇ 5 ਤਹਿਤ ਜਲੰਧਰ ਥਾਣਾ ਡਵੀਜ਼ਨ ਨੰਬਰ 3 ਵਿਖੇ ਐਫ. ਆਈ. ਆਰ. ਨੰਬਰ 27 ਮਿਤੀ 8/4/2025 ਦਰਜ ਕੀਤੀ ਗਈ ਹੈ।

## ਪੰਜਾਬ ਪੁਲਿਸ ਦੀ ਤੇਜ਼ ਕਾਰਵਾਈ ਨੇ ਭਾਜਪਾ ਦੇ ਝੂਠੇ ਦਾਅਵੇ ਦਾ ਕੀਤਾ ਪਰਦਾਫ਼ਾਸ਼ : ਅਮਨ ਅਰੋੜਾ

ਚੰਡੀਗੜ੍ਹ : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵਲੋਂ ਸਾਬਕਾ ਭਾਜਪਾ ਮੰਤਰੀ ਮਨੋਰੰਜਨ ਕਾਲੀਆ ਦੇ ਜਲੰਧਰ ਸਥਿਤ ਘਰ 'ਤੇ ਹੋਏ ਗ੍ਰਨੇਡ ਹਮਲੇ ਦਾ ਰਾਜਨੀਤੀਕਰਨ ਕਰਨ ਦੀ ਸਖ਼ਤ ਆਲੋਚਨਾ ਕੀਤੀ ਹੈ।



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ 'ਤੇ ਲਗਾਏ ਗਏ ਬੇਬੁਨਿਆਦ ਦੋਸ਼ਾਂ ਦੀ ਨਿੰਦਾ ਕੀਤੀ, ਉਨ੍ਹਾਂ ਨੂੰ ਗੈਰ-ਜ਼ਿੰਮੇਵਾਰਾਨਾ ਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਦੱਸਿਆ। ਸ੍ਰੀ ਅਰੋੜਾ ਨੇ ਮਾਮਲੇ ਦੀ ਜਾਂਚ 'ਚ ਪੰਜਾਬ ਪੁਲਿਸ ਵਲੋਂ ਕੀਤੀ ਗਈ ਤੇਜ਼ ਕਾਰਵਾਈ ਦਾ ਵੇਰਵਾ ਦਿੱਤਾ। ਅਰੋੜਾ ਨੇ ਕਿਹਾ ਕਿ ਪੰਜਾਬ ਪੁਲਿਸ ਵਲੋਂ ਕੀਤੀ ਗਈ ਇਹ ਮਿਸਾਲੀ ਕਾਰਵਾਈ ਉਨ੍ਹਾਂ ਦੀ ਪੇਸ਼ੇਵਰਤਾ ਤੇ ਪੰਜਾਬ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਸੁਨੀਲ ਜਾਖੜ 'ਤੇ ਸੂਬੇ 'ਚ ਕਾਨੂੰਨ ਵਿਵਸਥਾ ਭੰਗ ਹੋਣ ਦਾ ਝੂਠਾ ਦੋਸ਼ ਲਗਾ ਕੇ ਪੰਜਾਬ ਸਰਕਾਰ ਤੇ ਇਸ ਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਅਜਿਹੇ ਬਿਆਨਾਂ ਪਿੱਛੇ ਜਾਖੜ ਦੀ ਨੀਯਤ 'ਤੇ ਸਵਾਲ ਉਠਾਏ ਤੇ ਭਾਜਪਾ 'ਤੇ ਪੰਜਾਬ ਦੇ ਮਾਣ-ਸਨਮਾਨ ਨੂੰ ਵਾਰ-ਵਾਰ ਢਾਹ ਲਾਉਣ ਦਾ ਦੋਸ਼ ਲਗਾਇਆ।

## ਕਾਲੀਆ ਦੇ ਘਰ 'ਤੇ ਗ੍ਰਨੇਡ ਹਮਲੇ ਲਈ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ : ਜਾਖੜ

ਜਲੰਧਰ : ਭਾਜਪਾ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਤੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਗ੍ਰਨੇਡ ਹਮਲੇ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਭਾਜਪਾ ਦੇ ਸੂਬਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਨੇ 'ਆਪ' ਸਰਕਾਰ 'ਤੇ ਵੱਡਾ ਸ਼ਬਦੀ ਹਮਲਾ ਬੋਲਿਆ ਹੈ। ਉਨ੍ਹਾਂ ਇੱਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਇਸ ਘਟਨਾ ਲਈ ਸੂਬੇ ਦੀ 'ਆਪ' ਸਰਕਾਰ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਸੂਬੇ 'ਚ ਇਕ ਤਰ੍ਹਾਂ ਨਾਲ ਜੰਗਲ ਰਾਜ ਚੱਲ ਰਿਹਾ ਹੈ ਤੇ 'ਆਪ' ਸਰਕਾਰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ 'ਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਸਾਬਕਾ ਕੇਂਦਰੀ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼, ਸਾਬਕਾ ਸੰਸਦ ਮੈਂਬਰ ਸ੍ਰੀ ਅਵਿਨਾਸ਼ ਰਾਏ ਖੰਨਾ ਤੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਸਮੇਤ ਹੋਰ ਸੀਨੀਅਰ ਆਗੂ ਵੀ ਮੌਜੂਦ ਸਨ। ਸ੍ਰੀ ਸੁਨੀਲ ਜਾਖੜ ਨੇ ਕਿਹਾ ਕਿ ਪਹਿਲਾਂ ਹਮਲਾਵਰਾਂ ਵਲੋਂ ਪੁਲਿਸ ਥਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਹੁਣ ਸਿਆਸੀ ਆਗੂਆਂ ਦੇ ਘਰਾਂ 'ਤੇ ਹਮਲੇ ਕੀਤੇ ਜਾਣ ਲੱਗੇ ਹਨ। ਇਸ ਮੌਕੇ ਸ੍ਰੀ ਜਾਖੜ ਨੇ ਇਨ੍ਹਾਂ ਹਮਲਿਆਂ ਪਿੱਛੇ ਡੂੰਘੀ ਸਾਜਿਸ਼ ਹੋਣ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਕੁਝ ਸਮਾਜ ਵਿਰੋਧੀ ਤਾਕਤਾਂ ਸੂਬੇ ਦੀ ਅਮਨ ਸ਼ਾਂਤੀ ਨੂੰ ਹੀ ਭੰਗ ਨਹੀਂ ਕਰਨਾ ਚਾਹੁੰਦੀਆਂ, ਬਲਕਿ ਭਾਈਚਾਰਕ ਸਾਂਝ ਨੂੰ ਵੀ ਤੋੜ ਕੇ ਸੂਬੇ ਨੂੰ ਮੁੜ ਕਾਲੇ ਦੌਰ 'ਚ ਧੱਕਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਮੁਹਾਲੀ 'ਚ



ਖੁਫੀਆ ਵਿਭਾਗ ਦੇ ਦਫ਼ਤਰ 'ਤੇ ਹਮਲਾ ਹੋਇਆ ਸੀ ਤਾਂ ਉਸ ਵੇਲੇ ਤਾਂ ਮੁੱਖ ਮੰਤਰੀ ਦੇ ਘਰ ਨੂੰ ਜਾਣ ਵਾਲੇ ਰਸਤੇ ਬੰਦ ਕਰ ਦਿੱਤੇ ਗਏ ਸਨ ਪਰ ਉਸ ਤੋਂ ਬਾਅਦ ਹੋਏ ਇਕ ਦਰਜਨ ਦੇ ਕਰੀਬ ਗ੍ਰਨੇਡ ਹਮਲਿਆਂ ਦਾ ਸੁਰਾਗ ਲੱਭਣ ਦੀ ਕੋਸ਼ਿਸ਼ ਤੱਕ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਵਿਚ ਕਾਂਗਰਸ ਦੀਆਂ ਮੀਟਿੰਗਾਂ ਦੀ ਜਾਸੂਸੀ ਤਾਂ ਕਰਵਾ ਸਕਦੀ ਹੈ ਪਰ ਪੰਜਾਬ ਦੇ ਲਗਾਤਾਰ ਗੰਭੀਰ ਹੁੰਦੇ ਜਾ ਰਹੇ ਹਾਲਾਤਾਂ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ ਹੈ। ਇਕ ਸਵਾਲ ਦੇ ਜਵਾਬ 'ਚ ਸ੍ਰੀ ਜਾਖੜ ਨੇ ਕਿਹਾ ਕਿ ਸਰਕਾਰ ਵਲੋਂ ਆਪਣੀ ਨਾਕਮੀ ਛੁਪਾਉਣ ਲਈ ਇਸ ਘਟਨਾ ਨੂੰ ਲਾਰੈਂਸ ਬਿਸ਼ਨੋਈ ਤੇ ਪਾਕਿਸਤਾਨ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਮੌਕੇ ਵਿਧਾਇਕ ਸ੍ਰੀ ਅਸ਼ਵਨੀ ਸ਼ਰਮਾ, ਸ੍ਰੀ ਤੀਕਸ਼ਨ ਸੂਦ, ਸੁਸ਼ੀਲ ਸ਼ਰਮਾ, ਕੇ. ਡੀ. ਭੰਡਾਰੀ, ਜਗਬੀਰ ਸਿੰਘ ਬਰਾੜ, ਸਰਬਜੀਤ ਸਿੰਘ ਮੱਕੜ, ਸ਼ੀਤਲ ਅੰਗੁਰਾਲ ਤੇ ਜੀਵਨ ਗੁਪਤਾ ਸਮੇਤ ਹੋਰ ਵੀ ਕਈ ਭਾਜਪਾ ਆਗੂ ਤੇ ਵਰਕਰ ਮੌਜੂਦ ਸਨ।

## ਮਨੋਰੰਜਨ ਕਾਲੀਆ 'ਤੇ ਹਮਲੇ ਪਿੱਛੇ ਲਾਰੈਂਸ ਬਿਸ਼ਨੋਈ ਦਾ ਹੱਥ : 'ਆਪ' ਨੇਤਾ ਦੀਪਕ ਬਾਲੀ

ਚੰਡੀਗੜ੍ਹ : ਭਾਜਪਾ ਨੇਤਾ ਮਨੋਰੰਜਨ ਕਾਲੀਆ ਦੇ ਘਰ 'ਤੇ ਹੋਏ ਹਮਲੇ 'ਤੇ ਆਮ ਆਦਮੀ ਪਾਰਟੀ (ਆਪ) ਨੇਤਾ ਦੀਪਕ ਬਾਲੀ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਪੰਜਾਬ ਵਿਚ ਅਜਿਹੇ ਹਮਲੇ ਕਰਵਾ ਰਿਹਾ ਹੈ। ਦੀਪਕ ਬਾਲੀ ਨੇ ਮਨੋਰੰਜਨ ਕਾਲੀਆ ਨਾਲ ਉਨ੍ਹਾਂ ਦੀ ਜਲੰਧਰ ਸਥਿਤ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਉਨ੍ਹਾਂ ਨੇ



ਉਨ੍ਹਾਂ ਦਾ ਹਾਲ ਪੁੱਛਿਆ ਅਤੇ ਘਟਨਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪੁਲਿਸ ਆਪਣਾ ਕੰਮ ਕਰ ਰਹੀ ਹੈ ਅਤੇ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ ਪਰ ਸੱਚਾਈ ਇਹ ਹੈ ਕਿ ਲਾਰੈਂਸ ਬਿਸ਼ਨੋਈ ਪਾਕਿਸਤਾਨ ਨਾਲ ਮਿਲ ਕੇ ਪੰਜਾਬ ਵਿਚ ਅਜਿਹੀਆਂ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਹੈ।

## ਗ੍ਰਨੇਡ ਹਮਲਾ ਪੰਜਾਬ ਨੂੰ ਅਸਥਿਰ ਕਰਨ ਦੀ ਸਾਜਿਸ਼ : ਸੁਖਬੀਰ

ਸਾਬਕਾ ਉਪ-ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨੋਰੰਜਨ ਕਾਲੀਆ ਦੀ ਰਿਹਾਇਸ਼ 'ਤੇ ਪੁੱਜ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਤੇ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਕਿਹਾ ਕਿ ਇਹ ਹਮਲਾ ਸੂਬੇ ਨੂੰ ਅਸਥਿਰ ਕਰਨ ਤੇ ਭਾਈਚਾਰਕ ਸਾਂਝ ਨੂੰ ਤੋੜਨ ਦੀ ਇਕ ਵੱਡੀ ਸਾਜਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ 'ਆਪ' ਸਰਕਾਰ ਰਾਜ ਅੰਦਰ ਅਮਨ ਕਾਨੂੰਨ ਵਿਵਸਥਾ ਕਾਇਮ ਰੱਖਣ 'ਚ ਪੂਰੀ ਤਰ੍ਹਾਂ ਨਾਲ ਫੇਲ੍ਹ ਹੋਈ ਹੈ ਤੇ ਅੱਜ ਲੋਕਾਂ ਅੰਦਰ ਡਰ ਤੇ ਸਹਿਮ ਦਾ ਮਾਹੌਲ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਮਨੋਰੰਜਨ ਕਾਲੀਆ ਨੂੰ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਸੂਬੇ ਦੀ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ 'ਚ ਆਪਣਾ ਰੋਲ ਨਿਭਾਇਆ ਹੈ ਤੇ ਅੱਗੇ ਤੋਂ ਵੀ ਸੂਬੇ ਦੀ ਅਮਨ ਸ਼ਾਂਤੀ ਨੂੰ ਭੰਗ



ਕਰਨ ਵਾਲੀਆਂ ਸਾਜਿਸ਼ਾਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਇਸ ਘਟਨਾ 'ਚ ਸਰਕਾਰ ਦੀ ਭੂਮਿਕਾ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਵਿਰੋਧੀ ਆਗੂਆਂ ਪ੍ਰਤੀ 'ਆਪ' ਸਰਕਾਰ ਦੀ ਮਨਸ਼ਾ ਸਾਫ ਨਹੀਂ ਹੈ।

# ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਪਵਿੱਤਰ ਵਿਸਾਖੀ ਉਪਰ ਸਮੂਹ ਜਗਤ ਨੂੰ ਲੱਖ ਲੱਖ ਵਧਾਈ ਹੋਵੇ ਜੀ










ਸ. ਬਲਜੀਤ ਸਿੰਘ ਘੁੰਮਣ

Senior Journalist ਵਰਜੀਨੀਆਂ ਅਮਰੀਕਾ

ਪੂਰੀ ਦੀਨੀਆਂ ਦੇ ਸਿੱਖਾਂ ਅਤੇ ਖਾਸ ਕਰਕੇ ਈਸਟ ਕੋਸਟ ਦੀਆਂ ਸਿੱਖ ਸੰਗਤਾਂ ਵਾਸ਼ਿੰਗਟਨ ਜ਼ਰੂਰ ਪਹੁੰਚਿਆ ਕਰੋ। ਇਹ ਉਹ ਥਾਂ ਹੈ ਜਿਥੋਂ ਪੂਰੀ ਦੁਨੀਆ ਦੀ ਸਿਆਸਤ ਚਲਦੀ ਹੈ

**ਸਿੱਖਾਂ ਦੀ ਅਜ਼ਾਦੀ ਦਾ ਪ੍ਰਤੀਕ ਵਾਸ਼ਿੰਗਟਨ ਦੀ 8ਵੀਂ ਖਾਲਸਾ ਡੇ ਪਰੇਡ ਉਪਰ ਪਹੁੰਚਣ ਉਪਰ ਸਮੂਹ ਸਿੱਖ ਜਗਤ ਅਤੇ ਪ੍ਰਬੰਧਕਾਂ ਨੂੰ ਲੱਖ ਲੱਖ ਵਧਾਈ ਹੋਵੇ।**



ਜਥੇਦਾਰ ਪ੍ਰਤਾਪ ਸਿੰਘ ਗਿੱਲ ਤਰਨਤਾਰਨ

ਪ੍ਰਧਾਨ ਕਿਸਾਨ ਵਿੰਗ ਸ਼ਰੋਮਣੀ ਅਕਾਲੀ ਅਮਰੀਕ

# ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ

ਅਕਾਲ ਪੁਰਖ ਨੇ ਵਿਸਾਖੀ 'ਤੇ ਦਾਸ ਦੀ ਅਰਦਾਸ ਸੁਣਦੇ ਹੋਏ
ਕਿਡਨੀ ਦਾ ਦਾਨ ਬਖਸ਼ ਕੇ ਦੂਜਾ ਜੀਵਨ ਬਖਸ਼ਿਆ
ਜਿਥੇ ਵਾਹਿਗੁਰੂ ਸੱਚੇ ਪਾਤਸ਼ਾਹ ਦਾ ਕੋਟਿਨ-ਕੋਟਿ ਧੰਨਵਾਦ ਹੈ
ਉਥੇ ਉਨ੍ਹਾਂ ਸੱਜਣਾਂ, ਮਿੱਤਰਾਂ, ਰਿਸ਼ਤੇਦਾਰਾਂ ਦਾ
ਤਹਿ ਦਿਲ ਤੋਂ ਧੰਨਵਾਦ ਹੈ, ਜਿਨ੍ਹਾਂ ਨੇ ਪਿਛਲੇ ਲੰਮੇ ਸਮੇਂ ਤੋਂ
ਦਾਸ ਦੀ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ।

ਸੋ ਇਕ ਵਾਰ ਫਿਰ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ
ਸਮੁੱਚੇ ਸਿੱਖ ਜਗਤ ਨੂੰ ਖਾਲਸੇ ਦੇ ਜਨਮ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ।



# ਸ. ਰਘਵਿੰਦਰ ਸਿੰਘ (ਮਿੰਦੀ) ਘੋਤੜਾ ਮਿਆਣੀ

# 14ਵੇਂ ਨਗਰ ਕੀਰਤਨ ਦੌਰਾਨ ਗੁਰਦੁਆਰਾ ਸਿਲੀਕੋਨ ਵੈਲੀ ਦੇ ਪ੍ਰਬੰਧਕਾਂ ਵਲੋਂ ਗੁਰੂ ਘਰ ਦੀ ਉਸਾਰੀ ਲਈ ਉਗਰਾਹੀ














ਟਰੇਸੀ ਕੈਲੇਫੋਰਨੀਆ : ਗੁਰਦੁਆਰਾ ਸਾਹਿਬ ਗੁਰੂ ਨਾਨਕ ਪ੍ਰਕਾਸ਼ ਟਰੇਸੀ ਕੈਲੀਫੋਰਨੀਆ (ਦਮਦਮੀ ਟਕਸਾਲ) ਵਿਖੇ ਹੱਲੇ ਮਹੱਲੇ ਦੇ 14ਵੇਂ ਮਹਾਨ ਨਗਰ ਕੀਰਤਨ 'ਤੇ ਜਿਥੇ ਹਜ਼ਾਰਾਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸੀ ਅਤੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਕਥਾਵਾਚਕ ਪਹੁੰਚੇ ਹੋਏ ਸਨ, ਉਥੇ ਚਾਰੇ ਪਾਸੇ ਗੁਰੂ ਕੇ ਲੰਗਰ ਚੱਲ ਰਹੇ ਸਨ। ਉਥੇ ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ ਦੇ ਸੇਵਾਦਾਰਾਂ ਵਲੋਂ ਸੰਗਤ ਲਈ ਲੰਗਰ ਲਗਾਇਆ ਹੋਇਆ ਹੈ, ਜਿਥੇ ਉਹ ਗੁਰੂ ਕੇ ਲੰਗਰ ਨਾਲ ਸੇਵਾ ਕਰ ਰਹੇ ਸਨ, ਉਥੇ ਗੁਰੂ ਘਰ ਗੁਰਦੁਆਰਾ ਸਿਲੀਕੋਨ ਵੈਲੀ ਦੀ ਉਸਾਰੀ ਲਈ ਉਗਰਾਹੀ ਵੀ ਕਰ ਰਹੇ ਸਨ। ਪ੍ਰਬੰਧਕਾਂ ਨੇ 'ਸਾਡੇ ਲੋਕ' ਅਖ਼ਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰੂ ਧਾਮਾਂ ਦੀ ਸੇਵਾ ਗੁਰੂ ਆਪ ਹੀ ਲੈਂਦੇ ਹਨ। ਭਾਵੇਂ ਦੁਨੀਆ ਵਿਚ ਸਿੱਖਾਂ ਦੀ ਆਬਾਦੀ ਥੋੜ੍ਹੀ ਹੈ ਪਰ ਦੁਨੀਆ ਦਾ ਕੋਈ ਐਸਾ ਸ਼ਹਿਰ ਨਹੀਂ ਜਿਥੇ ਗੁਰੂ ਘਰਾਂ ਵਿਚ 24 ਘੰਟੇ ਲੰਗਰ ਨਹੀਂ ਚਲਦਾ।

ਘਰਿ ਘਰ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ਦੇ ਮਹਾਂਵਾਕ ਅਨੁਸਾਰ ਕੈਲੀਫੋਰਟੀਆ ਦੇ ਸੈਂਟਾ ਕਲਾਰਾ ਵਿਖੇ ਬਣ ਰਹੇ ਗੁਰੂ ਘਰ ਦੀ ਸੇਵਾ ਲਈ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਨੀ ਕਿਰਤ ਕਮਾਈ ਵਿਚੋਂ ਸੇਵਾ ਕਰਕੇ ਆਪਨਾ ਜੀਵਨ ਸਫ਼ਲਾ ਕਰੋ।


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਗੁਰਦੁਆਰਾ ਸਾਹਿਬ ਸਿੰਘ ਸਭਾ
ਮਿਲਪੀਟਸ ਦੇ ਸੀਨੀਅਰ ਸੇਵਾਦਾਰ
ਗੁਰੂ ਅਤੇ ਪੰਥ ਦੇ ਦਾਸ
ਸ੍ਰ. ਅਜਮੇਰ ਸਿੰਘ ਨਿੱਝਰ (ਬਿੱਟੂ)

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥

# ਜਿਸਮ ਦੇ ਵੱਖ-ਵੱਖ ਰੋਗਾਂ ਦਾ ਐਕੂਪ੍ਰੈਸ਼ਰ ਦੀ ਦੁਨੀਆਂ 'ਚ ਇਲਾਜ ਸੰਭਵ : ਸ੍ਰ. ਭੁਪਿੰਦਰ ਸਿੰਘ

## ਗੁਰਦੁਆਰਾ ਸਾਹਿਬ ਟਰੇਸੀ ਕੈਲੀਫੋਰਨੀਆ ਦੇ 14ਵੇਂ ਨਗਰ ਕੀਰਤਨ ਉਪਰ ਸਿੰਘ ਐਕੂਪ੍ਰੈਸ਼ਰ ਵਲੋਂ ਸੰਗਤਾਂ ਦੀ ਸੇਵਾ









ਟਰੇਸੀ/ਕੈਲੀਫੋਰਨੀਆਂ (ਸਾਡੇ ਲੋਕ) : ਐਕੂਪ੍ਰੈਸ਼ਰ ਸਪੈਸ਼ਲਿਸਟ ਸ੍ਰ. ਭੁਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਰੇਸੀ ਕੈਲੀਫੋਰਨੀਆ ਦੇ 14ਵੇਂ ਨਗਰ ਕੀਰਤਨ ਉਪਰ ਕੁਦਰਤੀ ਇਲਾਜ ਨਾਲ ਸੰਗਤਾਂ ਦੀ ਸੇਵਾ ਕੀਤੀ ਗਈ। ਗੁਰੂਘਰ ਦੇ 14ਵੇਂ ਨਗਰ ਕੀਰਤਨ ਨੂੰ ਸਮਰਪਿਤ ਹੁੰਦੇ ਹੋਏ ਐਕੂਪ੍ਰੈਸ਼ਰ ਕੈਂਪ ਲਗਾਇਆ ਗਿਆ। ਜਿਥੇ ਸਵੇਰ 10 ਤੋਂ ਲੈ ਕੇ ਸ਼ਾਮ ਤੱਕ ਵੱਖ-ਵੱਖ ਬਿਮਾਰੀਆਂ ਦਾ ਇਲਾਜ ਬੜੇ ਚਮਤਕਾਰੀ ਤਰੀਕੇ ਨਾਲ ਕੀਤਾ ਗਿਆ। ਸੰਗਤ ਨੂੰ ਫ੍ਰੀ ਐਕੂਪ੍ਰੈਸ਼ਰ ਦੀ ਟਰੀਟਮੈਂਟ ਤੋਂ ਬਾਅਦ ਲੋਕ ਆਪ ਮੁਹਾਰੇ ਕਹਿ ਉਠਦੇ ਸਨ ਕਿ ਬਹੁਤ ਫਰਕ ਹੈ। ਇਸ ਮਹਾਨ ਪਵਿੱਤਰ ਦਿਹਾੜੇ ਉਪਰ ਐਕੂਪ੍ਰੈਸ਼ਰ ਮਾਹਿਰ ਸ੍ਰ. ਭੁਪਿੰਦਰ ਸਿੰਘ ਨੇ ਜਿਥੇ ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ, ਉਥੇ ਖਾਲਸਾ ਪੰਥ ਦੇ ਜਨਮ ਦਿਨ ਪਵਿੱਤਰ ਵਿਸਾਖੀ ਉਪਰ ਲੱਖ-ਲੱਖ ਵਧਾਈ ਦਿੱਤੀ।









# ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਲਈ ਰਵਾਨਾ

## ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਮਨਾਉਣ ਮਗਰੋਂ 19 ਅਪ੍ਰੈਲ ਨੂੰ ਦੇਸ਼ ਪਰਤੇਗਾ ਜਥਾ

ਅੰਮ੍ਰਿਤਸਰ : ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਾ ਤਿਉਹਾਰ ਪਾਕਿਸਤਾਨ ਸਥਿਤ ਗੁਰਧਾਮਾਂ ਵਿੱਚ ਮਨਾਉਣ ਲਈ ਅੱਜ ਕਰੀਬ 1942 ਸਿੱਖ ਸ਼ਰਧਾਲੂਆਂ ਦਾ ਇੱਕ ਜੱਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਪਾਕਿਸਤਾਨ ਲਈ ਰਵਾਨਾ ਹੋਇਆ। ਐਤਕੀਂ ਪਾਕਿਸਤਾਨੀ ਦੂਤਾਵਾਸ ਵੱਲੋਂ ਕਰੀਬ 6700 ਸ਼ਰਧਾਲੂਆਂ ਨੂੰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਵਾਸਤੇ ਵੀਜ਼ਾ ਦਿੱਤਾ ਗਿਆ ਹੈ, ਜੋ ਅੱਜ ਅਟਾਰੀ ਵਾਹਗਾ ਸੜਕ ਮਾਰਗ ਰਸਤੇ ਪਾਕਿਸਤਾਨ ਲਈ ਰਵਾਨਾ ਹੋ ਗਏ। ਵੱਖ-ਵੱਖ ਗੁਰਧਾਮਾਂ ਦੇ ਦਰਸ਼ਨਾਂ ਮਗਰੋਂ ਸ਼ਰਧਾਲੂਆਂ ਦਾ ਇਹ ਜੱਥਾ 19 ਅਪਰੈਲ ਨੂੰ ਵਾਪਸ ਦੇਸ਼ ਪਰਤੇਗਾ।





ਸ਼੍ਰੋਮਣੀ ਕਮੇਟੀ ਦਫਤਰ ਤੋਂ ਰਵਾਨਗੀ ਕਰਨ ਸਮੇਂ ਜਥੇ ਦੀ ਅਗਵਾਈ ਕਰਨ ਵਾਲੇ ਸ਼੍ਰੋਮਣੀ ਕਮੇਟੀ ਮੈਂਬਰ ਜੰਗ ਬਹਾਦਰ ਸਿੰਘ, ਡਿਪਟੀ ਲੀਡਰ ਮੈਂਬਰ ਬੀਬੀ ਜੋਗਿੰਦਰ ਕੌਰ ਬਠਿੰਡਾ, ਅੰਤਰਿੰਗ ਮੈਂਬਰ ਰਵਿੰਦਰ ਸਿੰਘ ਖ਼ਾਲਸਾ, ਮੈਂਬਰ ਬੀਬੀ ਜਸਪਾਲ ਕੌਰ, ਰਾਮਪਾਲ ਸਿੰਘ ਬਹਿਣੀਵਾਲ, ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ, ਮੈਨੇਜਰ ਸਤਨਾਮ ਸਿੰਘ ਰਿਆੜ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਓਐਸਡੀ ਸਤਬੀਰ ਸਿੰਘ ਧਾਮੀ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਸਿਰੋਪਾਓ ਅਤੇ ਫੁੱਲਾਂ ਦੇ ਹਾਰ ਪਾ ਕੇ ਸਨਮਾਨ ਦਿੱਤਾ।

ਇਸ ਮੌਕੇ ਗੱਲਬਾਤ ਕਰਦਿਆਂ ਜਥੇ ਦੇ ਆਗੂ ਜੰਗ ਬਹਾਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਲਈ ਹਰ ਸਿੱਖ ਦੇ ਮਨ ਅੰਦਰ ਤਾਂਘ ਹੁੰਦੀ ਹੈ ਅਤੇ ਦਰਸ਼ਨ ਲਈ ਸਮਾਂ ਮਿਲਣ ਤੇ ਸਿੱਖ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦੇ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਉਨ੍ਹਾਂ ਨੂੰ ਜਥੇ ਦੀ ਅਗਵਾਈ ਸੌਂਪਣ ਲਈ ਧੰਨਵਾਦ ਕੀਤਾ। ਜਥਾ ਰਵਾਨਾ ਕਰਨ ਸਮੇਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਜਥਾ ਪਾਕਿਸਤਾਨ ਵਿਖੇ ਵਿਸਾਖੀ ਸਬੰਧੀ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਕਰੇਗਾ। ਇਹ ਜਥਾ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨਅਬਦਾਲ, ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ ਲਾਹੌਰ, ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਦੇ ਦਰਸ਼ਨ ਕਰਕੇ 19 ਅਪਰੈਲ ਨੂੰ ਭਾਰਤ ਪਰਤੇਗਾ। ਸ਼੍ਰੋਮਣੀ ਕਮੇਟੀ ਸਕੱਤਰ ਨੇ ਖੁੱਲ੍ਹਦਿੱਲੀ ਨਾਲ ਵੀਜ਼ੇ ਦੇਣ ਲਈ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪਾਕਿਸਤਾਨ ਸਰਕਾਰ ਅਤੇ ਦੂਤਾਵਾਸ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਅੱਗੇ ਵੀ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਵੀਜ਼ੇ ਦੇਣ ਦੀ ਆਸ ਪ੍ਰਗਟਾਈ। ਜਥੇ ਦੀ ਰਵਾਨਗੀ ਸਮੇਂ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਮਨਜੀਤ ਸਿੰਘ ਤਲਵੰਡੀ, ਹਰਭਜਨ ਸਿੰਘ ਵਕਤਾ, ਸੁਪਰਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਪਲਵਿੰਦਰ ਸਿੰਘ ਇੰਚਾਰਜ ਯਾਤਰਾ, ਮੇਜਰ ਸਿੰਘ, ਸਹਾਇਕ ਸੁਪਰਡੈਂਟ ਸੁਰਜੀਤ ਸਿੰਘ ਰਾਣਾ ਸਮੇਤ ਵੱਡੀ ਗਿਣਤੀ ਵਿਚ ਸ਼੍ਰੋਮਣੀ ਕਮੇਟੀ ਦਾ ਸਟਾਫ਼ ਅਤੇ ਜਥੇ ਵਿਚ ਜਾਣ ਵਾਲੇ ਯਾਤਰੀ ਮੌਜੂਦ ਸਨ।

# ਭਗਵੰਤ ਮਾਨ ਵੱਲੋਂ ਮਾਝਾ ਖੇਤਰ ਨੂੰ 135 ਕਰੋੜ ਰੁਪਏ ਦਾ ਤੋਹਫਾ

ਅੰਮ੍ਰਿਤਸਰ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਥਾਨਕ ਵੇਰਕਾ ਮਿਲਕ ਪਲਾਂਟ ਦਾ ਵਿਸਤਾਰ ਕਰਨ ਲਈ 135 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਇਸ ਪ੍ਰਾਜੈਕਟ ਨਾਲ ਲੱਸੀ, ਦਹੀਂ ਅਤੇ ਵੱਖ-ਵੱਖ ਸੁਆਦ ਵਾਲੇ ਦੁੱਧ ਸਮੇਤ ਹੋਰ ਉਤਪਾਦ ਤਿਆਰ ਕਰਨ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ।

ਇਸ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਮਗਰੋਂ ਆਪਣੇ ਸੰਬੋਧਨ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਵੇਰਕਾ ਵੱਲੋਂ ਹੁਣ ਈ-ਕਾਮਰਸ ਪਲੇਟਫਾਰਮ ਜ਼ਰੀਏ ਵੀ ਆਪਣੇ ਉਤਪਾਦ ਵੇਚਣ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਕਿ ਦੁਨੀਆ ਭਰ ਵਿੱਚ ਬੈਠੇ ਲੋਕ ਆਨਲਾਈਨ ਖਰੀਦਦਾਰੀ ਰਾਹੀਂ ਮਿਆਰੀ ਉਤਪਾਦਾਂ ਦਾ ਸੁਆਦ ਲੈ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਉੱਘੇ ਖਿਡਾਰੀਆਂ ਨੂੰ ਵੇਰਕਾ ਦੇ ਬ੍ਰਾਂਡ ਅੰਬੈਸਡਰ ਵਜੋਂ ਨਾਲ ਜੋੜੇਗੀ ਤਾਂ ਜੋ ਦੁਨੀਆ ਭਰ ਵਿੱਚ ਵੇਰਕਾ ਦੇ ਉਤਪਾਦ ਪਹੁੰਚਾਏ ਜਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਨੇ ਵਧੀਆ ਦੁੱਧ, ਦਹੀਂ, ਲੱਸੀ ਅਤੇ ਹੋਰ ਉਤਪਾਦ ਪੈਦਾ ਕਰਕੇ ਦੇਸ਼ ਵਿੱਚ 'ਚਿੱਟੀ ਕ੍ਰਾਂਤੀ' ਦੀ ਅਗਵਾਈ ਕੀਤੀ ਹੈ ਅਤੇ ਸਹੀ ਮਾਅਨਿਆਂ ਵਿੱਚ ਸੂਬੇ ਦਾ ਇਹੀ ਵਿਕਾਸ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰਾਜੈਕਟ ਨਾ ਸਿਰਫ਼ ਮਿਲਕਫੈੱਡ ਦੀ ਉਤਪਾਦਨ ਸਮਰੱਥਾ ਨੂੰ ਵਧਾਏਗਾ ਸਗੋਂ ਖੇਤਰ ਵਿੱਚ ਡੇਅਰੀ ਉਦਯੋਗ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਵੇਗਾ ਅਤੇ ਮਿਲਕ ਯੂਨੀਅਨ ਅੰਮ੍ਰਿਤਸਰ ਨਾਲ ਜੁੜੇ ਡੇਅਰੀ ਕਿਸਾਨਾਂ ਨੂੰ ਲਾਹੇਵੰਦ ਕੀਮਤਾਂ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ



ਸੂਬਾ ਸਰਕਾਰ ਨੇ ਮੁਲਾਜ਼ਮਾਂ ਲਈ ਨਵੇਂ ਸੇਵਾ ਨਿਯਮਾਂ ਦਾ ਖਰੜਾ ਤਿਆਰ ਕੀਤਾ ਹੈ, ਜੋ ਕਿ ਮਿਲਕਫੈੱਡ ਮੁਲਾਜ਼ਮਾਂ ਲਈ ਮੀਲ ਪੱਥਰ ਸਾਬਤ ਹੋਵੇਗਾ। ਇਨ੍ਹਾਂ ਨਿਯਮਾਂ ਨਾਲ ਰੈਗੂਲਰ ਮੁਲਾਜ਼ਮਾਂ ਨੂੰ ਸਰਕਾਰੀ ਕਰਮਚਾਰੀਆਂ ਦੇ ਬਰਾਬਰ ਤਨਖਾਹ ਮਿਲਿਆ ਕਰੇਗੀ। ਇਸ ਤੋਂ ਇਲਾਵਾ ਚੰਗੀ ਕਾਰਗੁਜ਼ਾਰੀ ਲਈ ਮੁਲਾਜ਼ਮਾਂ ਨੂੰ ਉਤਸ਼ਾਹਤ ਕਰਨ ਲਈ ਕਾਰਗੁਜ਼ਾਰੀ ਅਧਾਰਿਤ ਰਿਆਇਤਾਂ ਵੀ ਮਿਲਣਗੀਆਂ। ਇਸ ਨਾਲ 1200 ਕਰਮਚਾਰੀਆਂ ਦੀ ਨਵੀਂ ਭਰਤੀ ਲਈ ਵੀ ਰਾਹ ਖੁੱਲ੍ਹੇਗਾ।

ਮੁੱਖ ਮੰਤਰੀ ਨੇ ਦੱਸਿਆ ਕਿ ਮਿਲਕਫੈੱਡ ਦਾ ਨਵਾਂ ਮੈਸਕਟ- 'ਵੀਰਾ' ਵੀ ਲਾਂਚ ਕੀਤਾ ਗਿਆ ਹੈ ਜੋ ਬ੍ਰਾਂਡ ਅੰਬੈਸਡਰ ਵਜੋਂ ਵਿਚਰੇਗਾ ਅਤੇ ਇਸ ਨਾਲ ਵੇਰਕਾ ਦੀ ਆਪਣੇ ਗਾਹਕਾਂ ਨਾਲ ਸਾਂਝ ਹੋਰ ਗੂੜੀ ਹੋਵੇਗੀ। ਮੁੱਖ ਮੰਤਰੀ ਨੇ ਕਿਸਾਨਾਂ ਨੂੰ ਵੇਰਕਾ ਨੂੰ ਵੱਧ ਤੋਂ ਵੱਧ ਦੁੱਧ ਮੁਹੱਈਆ ਕਰਵਾਉਣ ਲਈ ਕਿਹਾ ਤਾਂ ਜੋ ਇਹ ਸੰਸਥਾ ਦੁੱਧ ਉਤਪਾਦਕਾਂ ਨੂੰ ਲਾਹੇਵੰਦ ਦਰਾਂ ਦੀ ਪੇਸ਼ਕਸ਼ ਕਰਨ ਦੇ ਨਾਲ-ਨਾਲ ਆਪਣਾ ਕਾਰੋਬਾਰ ਵਧਾਉਣ ਦੇ ਯੋਗ ਹੋ ਸਕੇ।

# ਭਜਨ ਲਾਲ ਸ਼ਰਮਾ ਸਾਦੁਲ ਸ਼ਹਿਰ ਦੇ ਵਿਧਾਇਕ ਗੁਰਵੀਰ ਸਿੰਘ ਬਰਾੜ ਵੱਲੋਂ ਆਯੋਜਿਤ ਇੱਕ ਸਵਾਗਤ ਪ੍ਰੋਗਰਾਮ 'ਚ ਹੋਏ ਸ਼ਾਮਲ







ਸ਼੍ਰੀ ਗੰਗਾਨਗਰ : ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੂੰ ਬੁੱਧਵਾਰ ਨੂੰ ਸ਼੍ਰੀ ਗੰਗਾਨਗਰ ਦੇ ਵਿੰਡਸਰ ਪਾਮ ਵਿਖੇ ਸਾਦੁਲ ਸ਼ਹਿਰ ਦੇ ਵਿਧਾਇਕ ਗੁਰਵੀਰ ਸਿੰਘ ਬਰਾੜ ਵੱਲੋਂ ਆਯੋਜਿਤ ਇੱਕ ਸਵਾਗਤ ਪ੍ਰੋਗਰਾਮ ਦੌਰਾਨ ਤਲਵਾਰ ਭੇਟ ਕੀਤੀ ਜਾ ਰਹੀ ਹੈ।

# ਰਾਜਪਾਲ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ, ਨਸ਼ਿਆਂ ਵਿਰੁੱਧ ਪੈਦਲ ਯਾਤਰਾ ਦੀ ਸਮਾਪਤੀ

- ਜਿਸ ਪੰਜਾਬ ਦੀ ਧਰਤੀ ਦੀ ਰੱਖਿਆ ਲਈ ਪੰਜਾਬ ਦੇ ਇੱਕ ਇੱਕ ਜਰੇ ਹੇਠ ਸਿੱਖਾਂ ਦੇ ਸਿਰ ਦੱਬੇ ਪਏ ਅੱਜ ਉਸਨੂੰ ਨਸ਼ਿਆ 'ਚ ਡੋਬ ਦਿੱਤਾ ਗਿਆ
- ਪੰਜਾਬ 'ਚ ਨਸ਼ਿਆ ਦੇ ਕੋਹੜ ਨੂੰ ਖਤਮ ਕਰਨ ਲਈ ਅਖਿਰ 'ਚ ਦਿੱਲੀ ਦੇ ਹੁਕਮਰਾਨਾ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਅਤੇ ਗਵਰਨਰ ਲਾਲ ਚੰਦ ਕਟਾਰੀਆ ਨੇ ਬੀੜਾ ਚੁੱਕਿਆ
- ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਇੱਕ ਅਜੀਬ ਕਿਸਮ ਦੀ ਪੰਜਾਬ ਦੇ ਲੋਕਾਂ ਨੂੰ ਡਰੱਗ ਤੇ ਹੋਰ ਨਸ਼ਿਆ ਖਿਲਾਫ ਸਹੁੰ ਚਕਾ ਰਹੇ ਹਨ
- ਚਕਾਉਣ ਵੀ ਕਿਉ ਨਾ ਪੰਜਾਬ ਉਪਰ ਕਈ ਦਹਾਕੇ ਰਾਜ ਕਰਨ ਵਾਲੇ ਲੋਕਾਂ ਨੇ ਆਪਣੇ ਪ੍ਰਵਾਰਾਂ ਤੋਂ ਵਗੈਰ ਪੰਜਾਬ ਦੇ ਭਵਿੱਖ ਵਾਰੇ ਕੁਝ ਨਹੀਂ ਕੀਤਾ
- ਉਧਰ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਨਸ਼ਿਆਂ ਵਿਰੁੱਧ ਅੱਜ ਛੇਵੇਂ ਦਿਨ 'ਪਦਯਾਤਰਾ' ਦੌਰਾਨ ਗਵਰਨਰ ਗੁਲਾਬ ਚੰਦ ਕਟਾਰੀਆ ਨੇ ਮਾਰਚ ਕੀਤਾ
















ਅੰਮ੍ਰਿਤਸਰ, (ਸਾਡੇ ਲੋਕ)- ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅੱਜ ਅੰਮ੍ਰਿਤਸਰ ਵਿਖੇ ਰਾਜ ਸਰਕਾਰ ਦੀ 'ਯੁੱਧ ਨਸ਼ਿਆਵਾਂ ਵਿਰੁਧ' ਮੁਹਿੰਮ ਦੇ ਹਿੱਸੇ ਵਜੋਂ ਨਸ਼ਿਆਂ ਵਿਰੁੱਧ ਵਿੱਢੀ ਗਈ 'ਪਦਯਾਤਰਾ' ਦੇ ਛੇਵੇਂ ਦਿਨ ਮਾਰਚ ਕੀਤਾ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਨਸ਼ਿਆਂ ਵਿਰੁੱਧ ਆਰੰਭ ਕੀਤੀ ਜਾਗਰੂਕਤਾ ਮੁਹਿੰਮ ਤਹਿਤ ਪੈਦਲ ਯਾਤਰਾ ਦੀ ਅੱਜ ਇਥੇ ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਖੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਮਗਰੋਂ ਸਮਾਪਤੀ ਕੀਤੀ ਹੈ। ਇਸ ਤੋਂ ਪਹਿਲਾਂ ਉਹਨਾਂ ਅੱਜ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਹ ਤੜਕੇ ਹੀ ਸ੍ਰੀ ਹਰਿਮੰਦਰ ਸਾਹਿਬ ਪੁੱਜ ਗਏ ਸਨ ਅਤੇ ਉਨ੍ਹਾਂ ਪਾਲਕੀ ਸਾਹਿਬ ਦੇ ਦਰਸ਼ਨ ਕੀਤੇ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸੂਚਨਾ ਕੇਂਦਰ ਵਿੱਚ ਸਨਮਾਨਿਤ ਵੀ ਕੀਤਾ ਗਿਆ। ਇਸ ਉਪਰੰਤ ਰਾਜਪਾਲ ਨੇ ਭੰਡਾਰੀ ਪੁਲ ਤੋਂ ਜਲ੍ਹਿਆਂਵਾਲਾ ਬਾਗ ਤੱਕ ਪੈਦਲ ਮਾਰਚ ਕੀਤਾ ਅਤੇ ਨਸ਼ਿਆਂ ਖਿਲਾਫ਼ ਜਾਗਰੂਕਤਾ ਲਈ ਲੋਕਾਂ ਨੂੰ ਸੁਚੇਤ ਹੋਣ ਦਾ ਹੋਕਾ ਦਿੱਤਾ। ਪੈਦਲ ਯਾਤਰਾ ਦੀ ਸਮਾਪਤੀ ਮੌਕੇ ਉਨ੍ਹਾਂ ਨੇ ਸਮਾਗਮ ਵਿਚ ਹਾਜ਼ਰ ਸਮੂਹ ਵਿਅਕਤੀਆਂ ਬੱਚਿਆਂ ਤੇ ਹੋਰਨਾਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁੱਟ ਹੋ ਕੇ ਲੜਨ ਅਤੇ ਇਸ ਦਾ ਵਿਰੋਧ ਕਰਨ ਦੀ ਸਹੁੰ ਚੁਕਾਈ।

# ਖ਼ਾਲਸਾ ਪੰਥ ਦੀ ਸਿਰਜਣਾ : ਇਤਿਹਾਸਕ ਪ੍ਰਸੰਗ

*'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'*

**ਡਾ. ਜਸਪਾਲ ਸਿੰਘ**

1699 ਦੀ ਵਿਸਾਖੀ ਦਾ ਦੁਨੀਆ ਦੇ ਇਤਿਹਾਸ ਵਿਚ ਆਪਣਾ ਨਿਵੇਕਲਾ ਮੁਕਾਮ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਇਸ ਵਿਸਾਖੀ ਵਾਲੇ ਦਿਨ ਇਕ ਐਸਾ ਇਨਕਲਾਬ ਵਾਪਰਿਆ ਸੀ, ਜਿਸ ਨੇ ਇਤਿਹਾਸ ਦੀ ਬਣਤਰ ਤੇ ਨੁਹਾਰ ਬਦਲ ਦਿੱਤੀ ਸੀ। ਖ਼ਾਲਸਾ ਪੰਥ ਦੀ ਸਿਰਜਣਾ ਕਰਕੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ ਅਤੇ ਹਿੰਦੁਸਤਾਨੀ ਜਨਤਾ ਵਿਚ ਇਕ ਨਵੀਂ ਰੂਹ ਫੂਕ ਦਿੱਤੀ ਸੀ। ਇਤਿਹਾਸ ਦੱਸਦਾ ਹੈ ਕਿ ਇਸ ਵਿਸਾਖੀ ਵਾਲੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਸੰਗਤ ਦੇ ਇਕੱਠ ਸਾਹਮਣੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਦੇ ਚਿਹਰੇ 'ਤੇ ਅਦੁੱਤੀ ਜਲਾਲ ਸੀ ਅਤੇ ਹੱਥ ਵਿਚ ਨੰਗੀ ਤਲਵਾਰ। ਆਪਣੇ ਮਨ-ਮੰਦਰ ਵਿਚ ਪਹਿਲਾਂ ਤੋਂ ਉਲੀਕੇ ਪ੍ਰੋਗਰਾਮ ਅਨੁਸਾਰ ਉਨ੍ਹਾਂ ਆਪਣੀ ਸੰਗਤ ਪਾਸੋਂ ਇਕ ਸਿਰ ਦੀ ਮੰਗ ਕੀਤੀ। ਸਾਰਾ ਇਕੱਠ ਇਹ ਵਿਚਿੱਤਰ ਮੰਗ ਸੁਣ ਕੇ ਇਕ ਵਾਰ ਅਚੰਭਿਤ ਹੋ ਗਿਆ, ਸਨਸਨੀ ਛਾ ਗਈ। ਪਰ ਇਕ ਸਿੱਖ ਉਠਿਆ ਤੇ ਉਸ ਨੇ ਆਪਣਾ ਆਪ ਗੁਰੂ ਜੀ ਦੀ ਭੇਟ ਕਰ ਦਿੱਤਾ। ਗੁਰੂ ਸਾਹਿਬ ਉਸ ਨੂੰ ਨਾਲ ਲੱਗੇ ਤੰਬੂ ਵਿਚ ਲੈ ਗਏ। ਥੋੜ੍ਹੀ ਦੇਰ ਬਾਅਦ ਖ਼ੂਨ ਨਾਲ ਭਿੱਜੀ ਕਿਰਪਾਨ ਲੈ ਕੇ ਤੰਬੂ ਤੋਂ ਬਾਹਰ ਆਏ ਅਤੇ ਇਕ ਹੋਰ ਸਿਰ ਦੀ ਮੰਗ ਕੀਤੀ। ਦੂਜੀ ਵਾਰ ਫਿਰ ਸੰਗਤ ਵਿਚ ਸਨਸਨੀ ਛਾ ਗਈ ਪਰ ਇਸ ਵਾਰ ਵੀ ਇਕ ਗੁਰੂ ਦਾ ਸਿੱਖ ਤੁਰ ਪਿਆ ਆਪਣਾ ਸੀਸ ਭੇਟ ਕਰਨ ਲਈ। ਇਸ ਤਰ੍ਹਾਂ ਪੰਜ ਵਾਰ ਗੁਰੂ ਸਾਹਿਬ ਨੇ ਸੰਗਤਾਂ ਦੇ ਇਕੱਠ ਵਿਚ ਕੁਰਬਾਨੀ ਦੀ ਮੰਗ ਕੀਤੀ ਅਤੇ ਪੰਜੇ ਵਾਰ ਗੁਰੂ ਦੀ ਸੰਗਤ ਪ੍ਰੀਖਿਆ 'ਚੋਂ ਪਾਸ ਹੋਈ। ਆਖਿਰ ਗੁਰੂ ਜੀ ਆਪਣੇ ਪੰਜਾਂ ਸਿੱਖਾਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਨਾਲ ਤੰਬੂ 'ਚੋਂ ਬਾਹਰ ਨਿਕਲੇ। ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ 'ਪੰਜਾਂ ਪਿਆਰਿਆਂ' ਦਾ ਖਿਤਾਬ ਦਿੱਤਾ। ਫਿਰ 'ਆਪੇ ਗੁਰ ਚੇਲਾ' ਕਹਾਉਣ ਵਾਲੇ ਗੁਰੂ ਨੇ ਵੀ ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਖ਼ਾਲਸੇ ਵਿਚ ਅਭੇਦ ਕਰ ਦਿੱਤਾ। ਇਤਿਹਾਸ ਸਾਖੀ ਹੈ ਕਿ ਇਸ ਸਾਰੇ ਵਰਤਾਰੇ ਤੋਂ ਬਾਅਦ ਹਜ਼ਾਰਾਂ ਸਿੱਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖ਼ਾਲਸਾ ਜਥੇਬੰਦੀ ਵਿਚ ਸ਼ਾਮਿਲ ਹੋ ਗਏ। ਸੱਯਦ ਮੁਹੰਮਦ ਲਤੀਫ਼ ਦੀ 'ਹਿਸਟਰੀ ਆਫ਼ ਪੰਜਾਬ' ਅਨੁਸਾਰ ਪਹਿਲੇ ਪੰਦਰਾਂ ਦਿਨਾਂ ਵਿਚ ਹੀ 80 ਹਜ਼ਾਰ ਤੋਂ ਵੱਧ ਲੋਕੀਂ ਅਨੰਦਪੁਰ ਸਾਹਿਬ ਪੁੱਜ ਚੁੱਕੇ ਸਨ ਅਤੇ ਗੁਰੂ ਸਾਹਿਬ ਦਾ ਮਾਰਗ ਅਪਣਾਉਣ ਲਈ ਤਤਪਰਤਾ ਨਾਲ ਆਪਣਾ ਆਪ ਪੇਸ਼ ਕਰ ਰਹੇ ਸਨ।

ਇਤਿਹਾਸ ਨੂੰ ਹੋਰ ਬਾਰੀਕੀ ਨਾਲ ਘੋਖੀਏ ਤਾਂ ਇਹ ਤੱਥ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਜੋ ਇਤਿਹਾਸਕ ਚਮਤਕਾਰ 1699 ਦੀ ਵਿਸਾਖੀ ਨੂੰ ਵਾਪਰਿਆ, ਉਸ ਦੇ ਪਿਛੋਕੜ ਵਿਚ ਸਮੁੱਚੀ ਗੁਰੂ ਪਰੰਪਰਾ ਖੜ੍ਹੀ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਰੰਤਰਤਾ ਨਾਲ ਇਸ ਖ਼ਾਲਸਾ ਪੰਥ ਦੀ ਸਿਰਜਣਾ ਦਾ ਕਾਰਜ ਚਲ ਰਿਹਾ ਸੀ, ਜਿਸ ਨੂੰ ਅੰਤਿਮ ਛੋਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤੀ ਸੀ। ਅਮਲੀ ਰੂਪ ਵਿਚ ਗੁਰੂ ਨਾਨਕ ਦੇਵ ਦੇ ਮਾਰਗ ਨੂੰ ਹੀ 'ਪੰਜ ਪਿਆਰੇ' ਸਿਰਜ ਕੇ ਪ੍ਰਤੱਖ ਰੂਪ ਵਿਚ ਪ੍ਰਗਟ ਕੀਤਾ ਗਿਆ ਸੀ। ਇਸ ਤੱਥ ਦੀ ਪ੍ਰੋੜ੍ਹਤਾ ਕਰਨ ਲਈ ਇਥੇ ਦੋ ਨੁਕਤੇ ਸਾਂਝੇ ਕਰਨਾ ਚਾਹੁੰਦਾ ਹਾਂ। ਪਹਿਲਾ, ਹਿੰਦੁਸਤਾਨ ਦੇ ਕੋਨੇ-ਕੋਨੇ ਤੋਂ ਚਲ ਕੇ ਹਜ਼ਾਰਾਂ ਸਿੱਖਾਂ ਦਾ ਇਸ ਮੌਕੇ 'ਤੇ ਅਨੰਦਪੁਰ ਸਾਹਿਬ ਪਹੁੰਚਣਾ, ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਗੁਰੂ ਨਾਨਕ ਦੇਵ ਤੇ ਉਨ੍ਹਾਂ ਤੋਂ ਬਾਅਦ ਸਮੁੱਚੀ ਗੁਰੂ ਪਰੰਪਰਾ ਦੇ ਯਤਨਾਂ ਦੁਆਰਾ ਸਿੱਖੀ ਦਾ ਪ੍ਰਸਾਰ ਪੂਰੇ ਹਿੰਦੁਸਤਾਨ ਵਿਚ ਹੋ ਚੁੱਕਾ ਸੀ। ਕੋਈ ਸ਼ੱਕ ਨਹੀਂ ਕਿ ਇਹ ਇਕੱਠ ਉਸੇ ਸਿੱਖੀ ਦਾ ਸੀ ਜਿਹੜੀ ਸਿੱਖੀ ਗੁਰੂ ਪਰੰਪਰਾ ਦੇ ਦੋ ਸਦੀਆਂ ਦੇ ਨਿਰੰਤਰ ਪ੍ਰਚਾਰ ਨਾਲ ਫੈਲੀ ਸੀ। ਦੂਜਾ, ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਿਰਾਂ ਦੀ ਮੰਗ ਸੰਗਤਾਂ ਦੇ ਇਕੱਠ 'ਚੋਂ ਪੂਰੀ ਹੋਈ, ਇਸ ਤੱਥ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਉਦੋਂ ਤੱਕ ਸਿੱਖ ਸਮਾਜ ਕੁਰਬਾਨੀ ਦਾ ਪਾਠ ਪੜ੍ਹ ਚੁੱਕਿਆ ਸੀ। ਸਪੱਸ਼ਟ ਹੈ ਕਿ ਜੋ ਚਮਤਕਾਰ ਵਿਹਾਰਕ ਰੂਪ ਵਿਚ 1699 ਦੀ ਵਿਸਾਖੀ ਨੂੰ ਵਾਪਰਿਆ, ਉਹ ਬੀਜ ਰੂਪ ਵਿਚ ਇਕ ਸਿਧਾਂਤ ਦੀ ਤਰ੍ਹਾਂ ਪਹਿਲਾਂ ਤੋਂ ਮੌਜੂਦ ਸੀ।

ਇਥੇ ਇਹ ਹਕੀਕਤ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬ ਵਿਤਕਰਿਆਂ ਦੇ ਸ਼ਿਕਾਰ ਭਾਰਤੀ ਸਮਾਜ ਦੀਆਂ ਵੱਖ-ਵੱਖ ਜਾਤਾਂ ਤੇ ਫਿਰਕਿਆਂ ਨੂੰ ਏਕਤਾ ਦੇ ਸੂਤਰ ਵਿਚ ਪਰੋਅ ਕੇ ਅਰਥਪੂਰਨ ਜੀਵਨ ਦੀ ਜਾਚ ਸਿਖਾਉਣਾ ਚਾਹੁੰਦੇ ਸਨ। ਸਾਰੇ ਸ਼ੋਸਿਤ ਸਮਾਜ ਨੂੰ ਰਾਜ-ਸੱਤਾ ਵਿਚ ਆਪਣੀ ਭਾਗੀਦਾਰੀ ਪ੍ਰਾਪਤ ਕਰਨ ਲਈ ਤਿਆਰ-ਬਰ-ਤਿਆਰ ਕਰਨਾ ਚਾਹੁੰਦੇ ਸਨ। ਗੁਰੂ ਸਾਹਿਬ ਦੀ ਇਸ ਯੋਜਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਲਮ-ਬੰਦ ਕੀਤਾ ਹੈ:

**ਇਨ ਚਿੜੀਅਨ ਤੇ ਬਾਜ ਤੁੜਾਵੋਂ।**<br>
**ਅਜਾ ਸੁਤਨ ਤੇ ਸ਼ੇਰ ਕੁਰਾਵੋਂ।**<br>
**ਸਿੱਖਨ ਕੋ ਭੁਗਤੈ ਹੌਂ ਰਾਜ।**<br>
**ਤਬੈ ਸਦੈਹੋਂ ਗਰੀਬ ਨਿਵਾਜ।**

ਇਕ ਗੱਲ ਹੋਰ। ਖ਼ਾਲਸਾ ਕੌਣ ਹੈ, ਕੀ ਪਰਿਭਾਸ਼ਾ ਹੈ ਖ਼ਾਲਸੇ ਦੀ? ਇਹ ਸਵਾਲ ਵੀ ਬਹੁਤ ਅਹਿਮ ਹੈ। ਸਾਡੀਆਂ ਇਤਿਹਾਸਕ ਤੇ ਰਵਾਇਤੀ ਲਿਖਤਾਂ ਵਿਚੋਂ ਇਸ ਸਵਾਲ ਦਾ ਜਵਾਬ ਮਿਲ ਜਾਂਦਾ ਹੈ। 'ਪ੍ਰੇਮ ਸੁਮਾਰਗ ਗ੍ਰੰਥ' ਵਿਚ ਇਸ ਸਵਾਲ ਦਾ ਜਵਾਬ ਦੇਣ ਦਾ ਯਤਨ ਬੜੇ ਢੁਕਵੇਂ ਅੰਦਾਜ਼ ਵਿਚ ਕੀਤਾ ਗਿਆ ਹੈ। ਲਿਖਤ ਦੀਆਂ ਸਤਰਾਂ ਇਸ ਤਰ੍ਹਾਂ ਹਨ:

**'ਸੋ ਕਉਨ ਖ਼ਾਲਸਾ ਹੈਨਿ?**<br>
**ਜਿਨ੍ਹੀ ਕਿਨ੍ਹੀਂ ਆਪਣਾ ਤਨ ਮਨ ਧਨੁ**<br>
**ਗੁਰੂ ਸ੍ਰੀ ਅਕਾਲ ਪੁਰਖ ਦੀ ਕਉ ਸਉਪਿਆ ਹੈ**<br>
**ਕਿਸੀ ਬਾਤ ਕਾ ਉਨ ਕਉ ਹਰਖ ਸੋਗ ਨਾਹੀ**<br>
**ਅਰ ਕਿਸੀ ਦੀ ਆਸਾ ਨਹੀਂ ਕਰਤੇ**<br>
**ਅਰ ਇੰਦ੍ਰੀਆਂ ਆਪਣੀਆਂ ਕਉ ਜੀਤ ਬੈਠੇ ਹੈਨਿ**<br>
**ਅਰ ਚਿਤਨਵੀ ਆਪਨੀ ਕਉ**<br>
**ਸ੍ਰੀ ਅਕਾਲ ਪੁਰਖ ਜੀ ਦੇ**<br>
**ਚਰਨਾਰਬਿੰਦ ਬਿਖੈ ਰਖਿਆ ਹੈ'**

ਕਵੀ ਸੈਨਾਪਤੀ ਰਚਿਤ 'ਸ੍ਰੀ ਗੁਰ ਸੋਭਾ' ਅਨੁਸਾਰ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਵਿਚ ਕਿਸੇ ਕਿਸਮ ਦਾ ਭਰਮ ਨਹੀਂ। ਭਰਮ ਭੇਖ ਤੋਂ ਨਿਆਰਾ ਵਿਅਕਤੀ ਹੀ ਖ਼ਾਲਸਾ ਅਖਵਾ ਸਕਦਾ ਹੈ:

**ਖ਼ਾਲਸਾ ਖਾਸ ਕਹਾਵੈ ਸੋਈ,**<br>
**ਜਾ ਕੈ ਹਿਰਦੈ ਭਰਮ ਨ ਹੋਈ।**<br>
**ਭਰਮ ਭੇਖ ਤੇ ਰਹੈ ਨਿਆਰਾ,**<br>
**ਸੋ ਖ਼ਾਲਸਾ ਸਤਿਗੁਰੂ ਹਮਾਰਾ।**

ਭਾਈ ਰਤਨ ਸਿੰਘ ਭੰਗੂ ਨੇ ਖ਼ਾਲਸਾ ਸ਼ਬਦ ਨੂੰ ਨਿਵੇਕਲੀ ਦ੍ਰਿਸ਼ਟੀ ਤੋਂ ਪ੍ਰਭਾਸ਼ਿਤ ਕੀਤਾ ਹੈ। ਉਸ ਅਨੁਸਾਰ ਖ਼ਾਲਸਾ ਪੂਰਨ ਪ੍ਰਭੂਸੱਤਾ ਦਾ ਮਾਲਕ ਹੈ, ਖੁਦਮੁਖਤਿਆਰ ਹੈ। ਕਿਸੇ ਦੀ ਈਨ ਮੰਨਣਾ ਉਸ ਦੇ ਸੁਭਾਅ ਵਿਚ ਸ਼ਾਮਿਲ ਨਹੀਂ। ਉਹ ਆਪ ਖ਼ੁਦਾਈ ਸ਼ਕਤੀ ਦਾ ਪ੍ਰਤੀਕ ਹੈ ਅਤੇ ਖ਼ੁਦਾਈ ਗੁਣਾਂ ਦਾ ਧਾਰਨੀ ਹੈ:

**ਖ਼ਾਲਸੋ ਹੋਵੈ ਖੁਦ ਖ਼ੁਦਾ**<br>
**ਜਿਸ ਖ਼ੂਬੀ ਖ਼ੂਬ ਖ਼ੁਦਾਇ।**<br>
**ਆਨ ਨਾ ਮਾਨੈ ਆਨ ਕੀ**<br>
**ਇਕ ਸੱਚੇ ਬਿਨ ਪਾਤਿਸ਼ਾਹਿ।**

ਭਾਈ ਨੰਦ ਲਾਲ ਦੇ 'ਤਨਖਾਹਨਾਮਾ' ਵਿਚ ਖ਼ਾਲਸੇ ਦੇ ਗੁਣਾਂ ਦੀ ਇਕ ਲੰਮੀ ਫਹਿਰਿਸਤ ਦਿੱਤੀ ਹੋਈ ਹੈ। ਮਿਸਾਲ ਵਜੋਂ ਨਿੰਦਾ ਦਾ ਤਿਆਗ ਕਰਨ ਵਾਲਾ, ਰਣ ਭੂਮੀ ਵਿਚ ਲੜ ਮਰਨ ਵਾਲਾ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਮਾਰ-ਮੁਕਾਉਣ ਵਾਲਾ, ਭਰਮਾਂ-ਵਹਿਮਾਂ ਦਾ ਨਾਸ ਕਰਨ ਵਾਲਾ ਖ਼ਾਲਸਾ ਹੈ:

**ਖ਼ਾਲਸਾ ਸੋਇ ਜੋ ਨਿੰਦਾ ਤਿਆਗੈ।**<br>
**ਖ਼ਾਲਸਾ ਸੋਇ ਲੜੈ ਹੋਇ ਆਗੈ।**<br>
**ਖ਼ਾਲਸਾ ਸੋਇ ਪੰਚ ਕੋ ਮਾਰੈ।**<br>
**ਖ਼ਾਲਸਾ ਸੋਇ ਭਰਮ ਕੋ ਸਾੜੈ।**

ਇਸ ਤਰ੍ਹਾਂ ਸਪੱਸ਼ਟ ਹੈ ਕਿ ਇਤਿਹਾਸਕ ਦ੍ਰਿਸ਼ਟੀ ਤੋਂ ਵੇਖੀਏ ਤਾਂ 1699 ਦੀ ਵਿਸਾਖੀ 'ਤੇ ਅਨੰਦਪੁਰ ਦੀ ਪਵਿੱਤਰ ਧਰਤੀ ਤੇ, ਸਿੱਖੀ ਦੇ ਬੁਨਿਆਦੀ ਅਸੂਲਾਂ ਅਤੇ ਸਿਧਾਂਤਾਂ ਉੱਪਰ ਵਿਸ਼ਵਾਸ ਰੱਖਣ ਵਾਲਾ, ਭਰਮ-ਭੇਖ ਤੋਂ ਨਿਆਰਾ ਰਹਿ ਕੇ ਆਪਣੇ ਚਿਤ ਨੂੰ ਹਮੇਸ਼ਾ ਅਕਾਲ ਪੁਰਖ ਦੇ ਚਰਨਾਂ ਵਿਚ ਟਿਕਾ ਕੇ ਵਿਲੱਖਣ ਜੀਵਨ ਜਿਊਣ ਵਾਲਾ, ਇਨਕਲਾਬੀ, ਮਰਜੀਵੜਾ, ਖ਼ੁਦਮੁਖਿਤਿਆਰ ਖ਼ਾਲਸਾ ਪੰਥ ਹੋਂਦ ਵਿਚ ਆਇਆ। ਖ਼ਾਲਸਾ ਪੰਥ ਦੀ ਸਿਰਜਣਾ ਦੇ ਨਿਵੇਕਲੇ ਇਤਿਹਾਸਕ ਪ੍ਰਸੰਗ ਵਿਚ ਪ੍ਰੋ. ਪੂਰਨ ਸਿੰਘ ਦੁਆਰਾ ਲਿਖੀ ਇਹ ਇਬਾਰਤ ਵੀ ਪੜ੍ਹਨ ਵਾਲੀ ਹੈ। ਉਨ੍ਹਾਂ ਦਾ ਕਹਿਣਾ ਹੈ 'ਗੁਰੂ ਗੋਬਿੰਦ ਸਿੰਘ ਨੇ ਜਿਹੜੀ ਸਰਬ-ਲੋਹ ਦੀ ਪਾਹੁਲ ਨਾਲ ਜੀਵਨ-ਧਾਰਾ ਦਾ ਨਵ-ਸੰਚਾਲਨ ਕੀਤਾ, ਉਹ ਇਕ ਅਜਿਹੀ ਪ੍ਰੇਰਨਾ ਸ਼ਕਤੀ ਹੈ ਜੋ ਮਨੁੱਖ ਦੀ ਨਵੇਂ ਧਰਮ ਵਿਚ ਨਵੀਂ ਘਾੜਤ ਘੜਦੀ ਹੈ ਅਤੇ ਉਸ ਨੂੰ ਪ੍ਰੇਮ ਵਿਚ ਮ੍ਰਿਤੂ ਦਾ ਪਾਠ ਪੜ੍ਹਾਉਂਦੀ ਹੈ। ਇਹ ਉਨ੍ਹਾਂ ਗੁਰੂ ਵਰੋਸਾਏ ਪਿਆਰਿਆਂ ਵਲੋਂ ਬਖ਼ਸ਼ੀ ਜਾਂਦੀ ਦਾਤ ਹੈ, ਜਿਨ੍ਹਾਂ ਨੂੰ ਗੁਰੂ ਨੇ ਨਵਾਂ ਵਿਅਕਤਿਤਵ ਬਖਸ਼ਣ ਦਾ ਅਧਿਕਾਰ ਪ੍ਰਦਾਨ ਕੀਤਾ ਹੈ। ਇਹ ਦੈਵੀ-ਛੋਹ ਮਨੁੱਖ ਨੂੰ ਨਵ-ਮਾਨਵ ਤੇ ਦੇਵਤਾ ਬਣਾ ਦੇਣ ਦੀ ਕਰਾਮਾਤ ਹੈ।'

ਲੇਖ ਦੇ ਆਖਿਰ ਵਿਚ, ਹਿੰਦੀ ਜਗਤ ਦੇ ਮਹਾਨ ਸਾਹਿਤਕਾਰ, ਹਜਾਰੀ ਪ੍ਰਸ਼ਾਦ ਦਿਵੇਦੀ ਦੀਆਂ ਵੱਡੇ ਮਹੱਤਵ ਵਾਲੀਆਂ ਕੁਝ ਸਤਰਾਂ ਇਥੇ ਦਰਜ ਕਰਨਾ ਚਾਹੁੰਦਾ ਹਾਂ। ਉਨ੍ਹਾਂ ਦਾ ਕਥਨ ਹੈ-'ਇਤਿਹਾਸ ਦੇ ਪੰਡਿਤਾਂ ਨੇ ਬੜੇ ਅਸਚਰਜ ਨਾਲ ਦੇਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਅਦਭੁਤ ਚਮਤਕਾਰ ਕਰ ਦਿਖਾਇਆ। ਜਨਤਾ ਨਿਰਾਸ਼ ਸੀ, ਉਸ ਵਿਚ ਕਿਸੇ ਕਿਸਮ ਦਾ ਆਤਮ-ਸਨਮਾਨ ਨਹੀਂ ਸੀ ਰਹਿ ਗਿਆ। ਅੱਤਿਆਚਾਰ ਅਤੇ ਅਨਾਚਾਰ ਨੂੰ ਕਿਸਮਤ ਦਾ ਦੋਸ਼ ਕਹਿ ਕੇ ਸਵੀਕਾਰ ਕਰ ਲਿਆ ਸੀ। ਐਸੇ ਹੀ ਲੋਗਾਂ ਵਿਚ ਉਨ੍ਹਾਂ ਨੇ ਮਹਾਨ ਸੂਰਬੀਰ ਪੈਦਾ ਕਰ ਦਿੱਤੇ। ਮੌਤ ਦੇ ਡਰ ਨੂੰ ਮੰਨੋ ਮੰਤਰ ਦੀ ਸ਼ਕਤੀ ਨਾਲ ਉੜਾ ਦਿੱਤਾ। ਸਿਰ ਹਥੇਲੀ ਉਤੇ ਰੱਖ ਕੇ ਇਨ੍ਹਾਂ ਯੋਧਿਆਂ ਨੇ ਅਨਿਆਂ ਨੂੰ ਲਲਕਾਰਿਆ ਅਤੇ ਦੇਖਦਿਆਂ-ਦੇਖਦਿਆਂ ਇਤਿਹਾਸ ਪਲਟ ਦਿੱਤਾ। ਇਤਿਹਾਸ ਵਿਚ ਇਹੋ ਜਿਹੀ ਅਘਟਿਤ ਘਟਨਾ ਘੱਟ ਹੀ ਦੇਖੀ ਗਈ ਹੈ। ਕਾਲ ਦੇ ਰਥ-ਚੱਕਰ ਨੂੰ ਇਸ ਤਰ੍ਹਾਂ ਮੋੜ ਦੇਣਾ, ਗੁਰੂ ਜੀ ਦੀ ਹੀ ਕਰਾਮਾਤ ਸੀ।'

ਸੁਆਮੀ ਵਿਵੇਕਾਨੰਦ ਨੇ ਵੀ ਖ਼ਾਲਸਾ ਪੰਥ ਦੀ ਸਿਰਜਣਾ ਦੇ ਮਹੱਤਵ ਨੂੰ ਕਲਮ ਬੰਦ ਕਰਦਿਆਂ ਇਸ ਸਚਾਈ ਦਾ ਬਿਆਨ ਇਸ ਤਰ੍ਹਾਂ ਕੀਤਾ ਹੈ-'ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਨੂੰ ਦੀਕਸ਼ਾ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਛਤ ਮਨੁੱਖ ਵਿਚ ਸਵਾ ਲੱਖ ਮਨੁੱਖਾਂ ਦੀ ਸ਼ਕਤੀ ਸੰਚਰਿਤ ਹੋ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ, ਇਸ ਵਰਗਾ ਕੋਈ ਹੋਰ ਦ੍ਰਿਸ਼ਟਾਂਤ ਵਿਰਲਾ ਹੀ ਮਿਲੇਗਾ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ।'





# ਟਰੰਪ ਦੀਆਂ ਨੀਤੀਆਂ ਕਾਰਨ ਬਹੁਤ ਬਦਲ ਜਾਵੇਗੀ ਦੁਨੀਆ



ਡਾ. ਪ੍ਰਿਥੀਪਾਲ ਸਿੰਘ ਸੋਹੀ

ਆਮ ਕਹਾਵਤ ਹੈ ਕਿ ਅਮਰੀਕਨ ਚਾਰ ਸਾਲ ਲਈ ਤਾਨਾਸ਼ਾਹ ਚੁਣਦੇ ਹਨ। ਇਹ ਗੱਲ ਵੱਖਰੀ ਹੈ ਕਿ ਉਹ ਤਾਨਾਸ਼ਾਹ ਬਣ ਨਹੀਂ ਸਕਦਾ, ਕਿਉਂਕਿ ਅਮਰੀਕਾ ਦੀ ਸੁਪਰੀਮ ਕੋਰਟ ਤੇ ਕਾਂਗਰਸ ਦਾ ਉਸ 'ਤੇ ਮੁਕੰਮਲ ਕੰਟਰੋਲ ਹੈ। ਕਾਂਗਰਸ ਉਸ ਵਿਰੁੱਧ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਉਸ ਨੂੰ ਗੱਦੀ ਤੋਂ ਵੀ ਲਾਹ ਸਕਦੀ ਹੈ, ਪਰ ਅਮਰੀਕਾ ਦੇ ਛੋਟੇ ਜਿਹੇ (ਸੱਤ ਪੰਨੇ) ਸੰਵਿਧਾਨ ਨੇ ਰਾਸ਼ਟਰਪਤੀ ਨੂੰ ਬਹੁਤ ਸ਼ਕਤੀਆਂ ਦਿੱਤੀਆਂ ਹੋਈਆਂ ਹਨ। ਖ਼ਾਸ ਕਰਕੇ ਉਸ ਪਾਸ ਜੋ ਨੈਸ਼ਨਲ ਐਮਰਜੈਂਸੀ ਐਲਾਨਣ ਦੀ ਸ਼ਕਤੀ ਹੈ, ਉਸ ਅਧੀਨ ਤਾਂ ਇਹ ਇਕ ਤਰ੍ਹਾਂ ਤਾਨਾਸ਼ਾਹ ਵਰਗਾ ਹੀ ਬਣ ਜਾਂਦਾ ਹੈ। ਅਮਰੀਕਾ ਇਸ ਸਮੇਂ ਵੱਡੀ ਸੁਪਰਪਾਵਰ ਵੀ ਹੈ, ਇਸ ਲਈ ਉਸ ਦੇ ਸ਼ਕਤੀਸ਼ਾਲੀ ਰਾਸ਼ਟਰਪਤੀ ਦੇ ਇਕ-ਇਕ ਬੋਲ ਤੇ ਕਾਰਵਾਈ ਨਾਲ ਦੁਨੀਆ ਹਿੱਲ ਜਾਂਦੀ ਹੈ। ਦੁਨੀਆ ਭਰ ਦੀਆਂ ਸ਼ੇਅਰ ਮਾਰਕੀਟਾਂ ਉੱਠ ਖੜ੍ਹਦੀਆਂ ਹਨ ਜਾਂ ਡਿੱਗ ਜਾਂਦੀਆਂ ਹਨ। ਅੱਜ-ਕੱਲ੍ਹ ਅਮਰੀਕੀ ਰਾਸ਼ਟਰਪਤੀ ਕੌਮਾਂਤਰੀ ਆਰਥਿਕ ਐਮਰਜੈਂਸੀ ਐਕਟ (1977) ਦੀ ਖੁੱਲ੍ਹ ਕੇ ਵਰਤੋਂ ਕਰ ਰਹੇ ਹਨ, ਜਿਨ੍ਹਾਂ ਰਾਹੀਂ ਉਹ ਅਮਰੀਕਾ ਦੇ ਆਰਥਿਕ ਢਾਂਚੇ ਨੂੰ ਨਵਾਂ ਰੂਪ ਦੇ ਰਹੇ ਹਨ ਤੇ ਇਸ ਦਾ ਪ੍ਰਭਾਵ ਸਮੁੱਚੀ ਦੁਨੀਆ 'ਤੇ ਪੈ ਰਿਹਾ ਹੈ। ਦੁਨੀਆ ਦੇ ਬਹੁਗਿਣਤੀ ਦੇਸ਼ ਖ਼ਾਸ ਕਰਕੇ ਅਮਰੀਕਾ ਦੇ ਮਿੱਤਰ ਦੇਸ਼ ਵੀ ਇਸ ਅਨੁਸਾਰ ਆਪਣੇ ਆਰਥਿਕ ਢਾਂਚਿਆਂ ਨੂੰ ਨਵਾਂ ਰੂਪ ਦੇਣ ਬਾਰੇ ਸੋਚ ਰਹੇ ਹਨ ਜਾਂ ਮਜਬੂਰ ਹੋ ਰਹੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਕਹਿਣਾ ਕਿ ਟਰੰਪ ਅਮਰੀਕਾ ਦੀ ਆਰਥਿਕ ਚਾਲ ਬਦਲ ਰਹੇ ਹਨ ਤੇ ਇਸ ਲਈ ਉਹ ਆਪਣੇ ਦੇਸ਼ ਕੈਨੇਡਾ ਦੀ ਆਰਥਿਕ ਚਾਲ ਬਦਲਣਗੇ। ਉਨ੍ਹਾਂ ਅਨੁਸਾਰ ਨਵੇਂ ਬਦਲ ਰਹੇ ਵਿਸ਼ਵ ਆਰਡਰ ਵਿਚੋਂ ਉਹ ਸਫ਼ਲ ਹੋ ਕੇ ਨਿਕਲਣਗੇ। ਇਹੀ ਵਿਚਾਰ ਬਾਕੀ ਦੇਸ਼ ਵੀ ਰੱਖ ਰਹੇ ਹਨ।

ਟਰੰਪ ਨੇ 20 ਜਨਵਰੀ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ। ਅਮਰੀਕਾ ਦਾ 47ਵਾਂ ਰਾਸ਼ਟਰਪਤੀ ਉਹ ਨਹੀਂ, ਜੋ 45ਵਾਂ ਸੀ। ਹੁਣ ਉਸ ਨੇ ਰਿਪਬਲਿਕਨ ਪਾਰਟੀ ਦੇ ਸਾਰੇ ਪੁਰਾਣੇ ਖੁੰਢਾਂ ਦੀ ਪੁੱਛ-ਪ੍ਰਤੀਤ ਖ਼ਤਮ ਕਰ ਦਿੱਤੀ ਹੈ। ਪਿਛਲੀ ਮਿਆਦ ਸਮੇਂ ਇਨ੍ਹਾਂ ਪੁਰਾਣੇ ਖੁੰਢਾਂ ਨੇ ਟਰੰਪ ਨੂੰ ਕਿੰਨਾਂ ਚਿਰ ਸਿਸਟਮ ਦੀ ਸਮਝ ਹੀ ਨਹੀਂ ਸੀ ਆਉਣ ਦਿੱਤੀ। ਇਸ ਵਾਰ ਉਨ੍ਹਾਂ 'ਚੋਂ ਕੋਈ ਵੀ ਟਰੰਪ ਨੇ ਆਪਣੀ ਕੈਬਨਿਟ 'ਚ ਨਹੀਂ ਲਿਆ। ਇਸ ਵਾਰ ਉਹ ਤਜਰਬੇਕਾਰ ਰਾਸ਼ਟਰਪਤੀ ਹਨ, ਉਨ੍ਹਾਂ ਦੀ ਸਾਰੀ ਟੀਮ ਨਵੀਂ ਹੈ, ਜੋ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਂਦੀ ਹੈ। ਉਹ ਅਮਰੀਕਾ ਨੂੰ ਮੁੜ 'ਗ੍ਰੇਟ ਅਮਰੀਕਾ' ਬਣਾ ਕੇ ਉਸ ਦੀ ਲੜਖੜਾ ਰਹੀ ਆਰਥਿਕਤਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਪਿਛਲੇ ਦੋ ਕੁ ਮਹੀਨਿਆਂ 'ਚ ਉਨ੍ਹਾਂ ਦੇ ਐਗਜ਼ੈਗਟਿਵ ਆਰਡਰਾਂ ਅਤੇ ਬਿਆਨਾਂ ਨੇ ਅਮਰੀਕਾ ਤੇ ਦੁਨੀਆ ਦੇ ਨਕਸ਼ ਬਦਲਣੇ ਸ਼ੁਰੂ ਕਰ ਦਿੱਤੇ ਹਨ। ਦੁਨੀਆ ਦੀ ਦੂਜੀ ਜੰਗ ਤੋਂ ਬਾਅਦ ਆਰੰਭ ਹੋਈ ਠੰਢੀ ਜੰਗ ਦੇ ਸਮੇਂ ਦੌਰਾਨ ਨਵੀਂ ਦਿਸ਼ਾ 'ਚ ਨਵਾਂ ਵਿਸ਼ਵ ਆਰਡਰ ਵਿਕਸਤ ਹੋਇਆ ਸੀ। ਹੁਣ ਟਰੰਪ ਉਸ ਆਰਡਰ ਨੂੰ ਬਦਲਦੇ ਪ੍ਰਤੀਤ ਹੋ ਰਹੇ ਹਨ। ਉਹ ਕਹਿ ਰਹੇ ਹਨ ਕਿ ਉਹ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਬਣਾਉਣਾ, ਗਰੀਨਲੈਂਡ 'ਤੇ ਕਬਜ਼ਾ ਕਰਨ ਅਤੇ ਪਨਾਮਾ ਨਹਿਰ ਨੂੰ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕਰਨਗੇ ਤੇ ਲਫ ਆਫ ਮੈਕਸੀਕੋ ਦਾ ਨਾਂਅ ਲਫ ਆਫ ਅਮਰੀਕਾ ਹੋਣਾ ਚਾਹੀਦਾ ਆਦਿ। ਇਹ ਨਵੀਂ ਕਿਸਮ ਦਾ ਬਸਤੀਵਾਦ ਹੈ ਜਾਂ ਅਮਰੀਕਾ ਪੁਰਾਣੇ ਬਸਤੀਵਾਦ ਵੱਲ ਮੁੜ ਰਿਹਾ, ਇਸ ਦਾ ਫ਼ੈਸਲਾ ਰਾਜਨੀਤਕ ਵਿਦਵਾਨ ਕਰਨਗੇ। ਦੂਜੀ ਜੰਗ ਤੋਂ ਬਾਅਦ ਅਮਰੀਕਾ ਗੱਠਜੋੜਾਂ ਵੱਲ ਮੁੜਿਆ ਸੀ, ਪਰ ਹੁਣ ਟਰੰਪ ਨੂੰ ਗੱਠਜੋੜਾਂ ਦੀ ਪ੍ਰਵਾਹ ਨਹੀਂ, ਕੌਮਾਂਤਰੀ ਸੰਸਥਾਵਾਂ ਦੀ ਪ੍ਰਵਾਹ ਨਹੀਂ ਅਤੇ ਨਾ ਹੀ ਆਰਥਿਕ, ਵਪਾਰਕ ਤੇ ਮਿਲਟਰੀ ਸਮਝੌਤਿਆਂ ਦੀ ਪ੍ਰਵਾਹ ਹੈ। ਵਿਸ਼ਵ ਵਪਾਰ ਸੰਸਥਾ ਤੇ ਵਿਸ਼ਵ ਸਿਹਤ ਸੰਸਥਾ ਸਮੇਤ ਕਈ ਦਰਜਨ ਕੌਮਾਂਤਰੀ ਸੰਸਥਾਵਾਂ ਦੀ ਗ੍ਰਾਂਟ ਫ਼ ?ਲਹਾਲ ਉਹ ਬੰਦ ਕਰ ਚੁੱਕੇ ਹਨ। ਹੁਣ ਉਨ੍ਹਾਂ ਨੂੰ ਨਾਟੋ ਜਿਸ ਨੂੰ ਕਿਸੇ ਸਮੇਂ ਅਮਰੀਕਾ ਨੇ ਹੀ ਸੋਵੀਅਤ ਯੂਨੀਅਨ ਤੋਂ ਖ਼ਤਰੇ ਨੂੰ ਜਨਮ ਦੇ ਕੇ ਪੈਦਾ ਕੀਤਾ ਸੀ, ਦੀ ਵੀ ਪ੍ਰਵਾਹ ਨਹੀਂ। ਕਮਿਊਨਿਜ਼ਮ ਦਾ ਖ਼ਤਰਾ ਪੈਦਾ ਕਰ ਕੇ ਅਮਰੀਕਾ ਨੇ ਯੂਰਪੀ ਦੇਸ਼ਾਂ ਦੇ ਗੱਠਜੋੜ ਨੂੰ ਬਹੁਤ ਮਿਲਟਰੀ ਸਾਮਾਨ ਵੇਚਿਆ ਸੀ ਤੇ ਵਿਸ਼ਵ ਵਪਾਰ 'ਚ ਆਪਣੀ ਸਰਦਾਰੀ ਕਾਇਮ ਕੀਤੀ ਸੀ, ਪਰ ਇਸ ਵਿਸ਼ਵ ਆਰਡਰ ਦਾ ਬਹੁਤਾ ਲਾਭ ਚੀਨ ਲੈ ਗਿਆ ਤੇ ਸਾਰੀ ਦੁਨੀਆ 'ਚ ਆਪਣੇ ਮਾਲ ਦੀ ਸਰਦਾਰੀ ਕਾਇਮ ਕਰ ਗਿਆ। ਅਮਰੀਕਾ ਆਪਣੀ ਭਲਾਈ ਯੁੱਧਾਂ 'ਚ ਲੱਭਦਾ ਰਿਹਾ। ਆਪਣੀ ਸਰਦਾਰੀ ਕਾਇਮ ਰੱਖਣ ਲਈ ਅਮਰੀਕਾ ਕਰਜ਼ਾਈ ਵੀ ਹੁੰਦਾ ਗਿਆ। ਅੱਜ ਅਮਰੀਕਾ ਸਿਰ ਕੁੱਲ 36 ਟ੍ਰਿਲੀਅਨ ਡਾਲਰ ਦਾ ਕਰਜ਼ਾ ਹੈ, ਜਿਸ 'ਚੋਂ 8.5 ਟ੍ਰਿਲੀਅਨ ਵਿਦੇਸ਼ੀ ਕਰਜ਼ਾ ਹੈ। ਆਰਥਿਕ ਤੌਰ 'ਤੇ ਡੁੱਬ ਰਹੇ ਅਮਰੀਕਾ ਨੂੰ ਬਚਾਉਣ ਲਈ ਹੁਣ ਟਰੰਪ ਦੁਨੀਆ ਭਰ ਦੇ ਦੇਸ਼ਾਂ ਤੋਂ ਆ ਰਹੇ ਮਾਲ 'ਤੇ ਟੈਰਿਫ਼ ਲਗਾਉਣ ਦਾ ਰਾਹ ਅਪਣਾ ਰਿਹਾ ਹੈ। ਉਹ ਇਸ ਰਾਹ 'ਤੇ ਚੱਲ ਕੇ ਆਪਣਾ ਉਦਯੋਗਿਕ ਆਧਾਰ ਮਜ਼ਬੂਤ ਕਰਨਾ ਚਾਹੁੰਦਾ ਹੈ, ਦੂਜਾ ਉਹ ਆਪਣੇ ਦੇਸ਼ 'ਚ ਲੱਖਾਂ ਫੈਡਰਲ ਮੁਲਾਜ਼ਮਾਂ ਦੀ ਛਾਂਟੀ ਕਰ ਰਿਹਾ। ਉਸ ਨੂੰ ਹੁਣ ਵਿਸ਼ਵ ਦੀ ਸਰਦਾਰੀ ਨਾਲੋਂ ਆਪਣੀ ਆਰਥਿਕਤਾ ਦੀ ਬਹੁਤੀ ਫ਼ਿਕਰ ਹੈ। ਹੁਣ ਉਹ ਪੁਰਾਣੀ ਅਮਰੀਕਨ ਨੀਤੀ 'ਤੇ ਆ ਗਿਆ ਹੈ ਕਿ ਉਸ ਦਾ ਕੋਈ ਦੋਸਤ ਨਹੀਂ, ਉਸ ਲਈ ਆਪਣਾ ਹਿਤ ਪਹਿਲਾਂ ਹੈ।

ਹੁਣ ਟਰੰਪ ਨੇ ਦੋ ਮਹੀਨੇ 'ਚ ਬਹੁਤ ਕੁਝ ਬਦਲ ਦਿੱਤਾ ਹੈ। ਕੌਮਾਂਤਰੀ ਯੁੱਧ ਨੀਤੀ ਤੇ ਆਰਥਿਕ ਨੀਤੀ 'ਚ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਟਰੰਪ ਨੇ ਯੂਕਰੇਨ ਨੂੰ ਧਮਕਾਇਆ ਤੇ ਜ਼ੇਲੇਂਸਕੀ ਨੂੰ ਯੱਧ ਬੰਦ ਕਰਨ ਲਈ ਵੀ ਕਿਹਾ। ਸੰਭਾਵਨਾ ਹੈ ਉਹ ਯੂਕਰੇਨ ਨੂੰ ਨਾਟੋ ਦਾ ਮੈਂਬਰ ਵੀ ਨਾ ਬਣਨ ਦੇਵੇ। ਟਰੰਪ ਇਹ ਧਮਕੀ ਦੇਣ ਦੀ ਸਥਿਤੀ 'ਚ ਹੈ ਕਿਉਂਕਿ ਯੂਕਰੇਨ ਯੁੱਧ ਹੀ ਅਮਰੀਕਾ ਦੇ ਹਥਿਆਰਾਂ ਤੇ ਪੈਸੇ ਨਾਲ ਲੜ ਰਿਹਾ ਸੀ। ਗਰੀਨਲੈਂਡ ਜੋ ਨਾਟੋ ਦਾ ਮੈਂਬਰ ਵੀ ਹੈ, ਵੱਡੇ ਖੇਤਰ ਵਾਲਾ ਉੱਤਰੀ ਐਟਲਾਂਟਿਕ ਦਾ ਬਰਫ਼ ਲੱਦਿਆ ਰਾਜ ਹੈ। ਉਸ ਦੀ ਕੁੱਲ ਆਬਾਦੀ 56 ਕੁ ਹਜ਼ਾਰ ਹੈ, ਪਰ ਉਸ ਦੇ ਧਰਾਤਲ 'ਚ ਬਹੁਤ ਕੀਮਤੀ ਧਾਤਾਂ ਦਾ ਖ਼ਜ਼ਾਨਾ ਹੈ, ਜਿਨ੍ਹਾਂ ਨੂੰ ਅੱਜ ਨਵੀਂ ਤਕਨੀਕ ਵਾਲੇ ਯੰਤਰ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਟਰੰਪ ਦੀ ਅੱਖ ਉਸ ਨੂੰ ਆਪਣੇ ਕਬਜ਼ੇ ਹੇਠ ਕਰਨ ਦੀ ਹੈ। ਟਰੰਪ ਅਨੁਸਾਰ ਵਿਸ਼ਵ ਸ਼ਾਂਤੀ ਲਈ ਇਹ ਜ਼ਰੂਰੀ ਹੈ। ਹੁਣ ਉਸ ਦੇਸ਼ ਦੀਆਂ ਸਾਰੀਆਂ ਪਾਰਟੀਆਂ ਨੇ ਟਰੰਪ ਤੋਂ ਬਚਣ ਲਈ ਸਾਂਝੀ ਸਰਕਾਰ ਵੀ ਬਣਾ ਲਈ ਹੈ, ਪਰ ਕੀ ਉਹ ਤਾਕਤਵਰ ਦੇਸ਼ ਅਮਰੀਕਾ ਦਾ ਮੁਕਾਬਲਾ ਕਰ ਸਕਦਾ ਹੈ। ਨਾਟੋ ਚੁੱਪ ਹੈ, ਉਸ ਦਾ ਸਰਦਾਰ ਇਕ ਛੋਟੇ ਜਿਹੇ ਮੈਂਬਰ ਦੇਸ਼ 'ਤੇ ਕਬਜ਼ੇ ਦੀ ਗੱਲ ਕਰ ਰਿਹਾ ਹੈ, ਪਰ ਨਾਟੋ ਕੁਸਕਦਾ ਤੱਕ ਨਹੀਂ। ਅਸਲ 'ਚ ਨਾਟੋ ਅਮਰੀਕਾ ਤੋਂ ਬਿਨਾਂ ਹੈ ਵੀ ਕੀ? ਇਸ ਤੋਂ ਨਾਟੋ ਦੀ ਸ਼ਕਤੀ ਤੇ ਵਿਚਾਰਗੀ ਦਾ ਪਤਾ ਲਗਦਾ ਹੈ। ਹੁਣ ਰੂਸ ਉਸ ਦਾ ਨੰਬਰ ਇਕ ਦੁਸ਼ਮਣ ਨਹੀਂ ਲੱਗਦਾ। ਰੂਸ ਅਮਰੀਕਾ ਦੇ ਨੇੜੇ ਜਾ ਰਿਹਾ ਹੈ ਤੇ ਕੈਨੇਡਾ, ਮੈਕਸੀਕੋ, ਯੂਰਪੀਅਨ ਯੂਨੀਅਨ, ਜੋ ਅਮਰੀਕਾ ਦੇ ਪੱਕੇ ਦੋਸਤ ਸਨ, ਕੁਝ ਦੂਰ ਹੋ ਸਕਦੇ ਹਨ। ਟਰੰਪ ਕਹਿ ਰਿਹਾ ਹੈ ਕਿ ਅਮਰੀਕਾ ਦੇ ਦੋਸਤਾਂ ਨੇ ਉਸ ਦੀ ਦੁਸ਼ਮਣਾਂ ਨਾਲੋਂ ਵੀ ਵੱਧ ਲੁੱਟ ਕੀਤੀ ਹੈ। ਅਸਲ 'ਚ ਟਰੰਪ ਜੋ ਦੋਸਤਾਂ ਨੂੰ ਕਈ ਰਿਆਇਤਾਂ ਦਿੰਦਾ ਰਿਹਾ, ਹੁਣ ਉਹ ਰਿਆਇਤਾਂ ਵਾਪਸ ਲੈ ਰਿਹਾ ਹੈ, ਪਰ ਦੋਸਤਾਂ ਨੂੰ ਹੁਣ ਇਹ ਸਭ ਚੰਗਾ ਨਹੀਂ ਲੱਗਦਾ। ਇਸ ਤਰ੍ਹਾਂ ਸਭ ਕੁਝ ਬਦਲ ਰਿਹਾ ਹੈ। ਨਵਾਂ 'ਵਰਲਡ ਆਰਡਰ' ਜਾਂ ਕਹਿ ਲਵੋ ਪਹਿਲੇ ਵਿਸ਼ਵ ਯੁੱਧ ਤੋਂ ਪਹਿਲਾਂ ਵਾਲਾ ਆਰਡਰ ਮੁੜ ਆ ਰਿਹਾ ਹੈ। ਟਰੰਪ ਵਾਂਗ ਹੁਣ ਹਰ ਦੇਸ਼ ਨੂੰ ਆਪਣੇ ਦੇਸ਼ ਦਾ ਹਿਤ ਪਹਿਲਾਂ ਹੋਵੇਗਾ। ਟਰੰਪ ਆਪਣੀ ਸ਼ਕਤੀ ਨਾਲ ਆਪਣੇ ਲਈ ਸਭ ਦੀ ਬਾਂਹ ਮਰੋੜਨ ਲਈ ਧਮਕੀ ਵਾਲੀ ਕੂਟਨੀਤੀ 'ਤੇ ਚੱਲ ਰਿਹਾ ਹੈ। ਹਾਲੇ ਇਹ ਵੀ ਵੇਖਣਾ ਹੋਵੇਗਾ ਕਿ ਕੀ ਅਮਰੀਕਾ ਦੁਨੀਆ 'ਚ ਆਪਣੀ ਸਰਦਾਰੀ ਤੋਂ ਪਿੱਛੇ ਹਟ ਰਿਹਾ ਹੈ, ਕੀ ਉਹ ਸੱਚਮੁੱਚ ਹੀ ਦੁਨੀਆ 'ਚ ਲੜਾਈਆਂ ਦਾ ਖਾਤਮਾ ਚਾਹੁੰਦਾ ਹੈ, ਕੀ ਹੁਣ ਅਮਰੀਕਾ ਮਨੁੱਖੀ ਅਧਿਕਾਰਾਂ ਤੇ ਸੁਤੰਤਰਤਾ ਦੇ ਨਾਂਅ ਹੇਠ ਦੁਨੀਆ 'ਚ ਵੱਖਵਾਦੀ ਜਾਂ ਆਜ਼ਾਦੀ ਦੀਆਂ ਲਹਿਰਾਂ ਨੂੰ ਸਮਰਥਨ ਦਿੰਦਾ ਰਹੇਗਾ, ਕੀ ਨਵੀਂ ਸ਼ਰਨਾਰਥੀ ਜਾਂ ਇਮੀਗ੍ਰੇਸ਼ਨ ਨੀਤੀ ਅਧੀਨ ਦੁਨੀਆ ਦੇ ਬਾਗੀਆਂ ਨੂੰ ਸ਼ਰਨ ਦਿੰਦਾ ਰਹੇਗਾ? ਹੁਣ ਕੈਨੇਡਾ, ਮੈਕਸੀਕੋ, ਯੂਰਪੀਅਨ ਯੂਨੀਅਨ ਵਾਲੇ ਵੀ ਅਮਰੀਕਨ ਸਰਦਾਰੀ ਦੀ ਝੇਪ ਤੋਂ ਬਿਨਾਂ ਰਹਿਣ ਦੀ ਆਦਤ ਪਾਉਣ ਲਈ ਮਜਬੂਰ ਹੋ ਰਹੇ ਲੱਗਦੇ ਹਨ। ਕੀ ਉਹ ਵੀ ਵਿਕਸਤ ਹੋ ਰਹੇ ਨਵੇਂ ਆਰਡਰ ਨੂੰ ਜਲਦ ਅਪਣਾਉਣਗੇ, ਕੀ ਹੁਣ ਉਹ ਵੀ ਸੋਚਣਗੇ ਕਿ ਅਮਰੀਕਾ ਦੇ ਪਿੱਛੇ ਲੱਗ ਕੇ ਦੁਨੀਆ ਭਰ 'ਚ ਕਿੰਨੀਆਂ ਹੀ ਲੜਾਈਆਂ 'ਚ ਅਮਰੀਕਾ ਦਾ ਉਨ੍ਹਾਂ ਨੇ ਸਾਥ ਕਿਉਂ ਦਿੱਤਾ ਤੇ ਅੱਗੋਂ ਕਿਉਂ ਦਿੱਤਾ ਜਾਵੇ। ਕੀ ਹੁਣ ਉਹ ਚੀਨ ਵੱਲ ਕਦਮ ਵਧਾਉਣਗੇ ਜਾਂ ਇਕ ਵੱਖਰਾ ਗੱਠਜੋੜ ਕਾਇਮ ਕਰ ਕੇ ਸੁਤੰਤਰ ਤੇ ਨਿਰਪੱਖ ਨੀਤੀ 'ਤੇ ਅਮਲ ਕਰਨਗੇ? ਨਵੇਂ ਬਦਲ ਰਹੇ ਸਮੀਕਰਨਾਂ 'ਚ ਕੀ ਭਾਰਤ ਤੇ ਚੀਨ ਇਕ-ਦੂਜੇ ਦੇ ਨਜ਼ਦੀਕ ਚਲੇ ਜਾਣਗੇ, ਕੀ ਅਮਰੀਕਾ ਭਾਰਤ ਨੂੰ ਚੀਨ ਵਿਰੁੱਧ ਵਰਤਣ ਲਈ ਹੁਣ ਰਿਆਇਤਾਂ ਨਹੀਂ ਦੇਵੇਗਾ, ਕੀ ਚੀਨ ਪਾਕਿਸਤਾਨ ਨੂੰ ਵੀ ਆਪਣੇ ਨਾਲ ਭਾਰਤ ਦੇ ਨਜ਼ਦੀਕ ਲੈ ਆਵੇਗਾ? ਜੇ ਰਾਸ਼ਟਰਪਤੀ ਟਰੰਪ ਆਪਣੀ ਨਵੀਂ ਸੋਚ 'ਤੇ ਕਾਇਮ ਰਹਿੰਦੇ ਹਨ ਤੇ ਅਮਰੀਕਨ ਉਸ ਦਬਾਅ ਨੂੰ ਠੱਲ੍ਹਣ 'ਚ ਕਾਮਯਾਬ ਨਹੀਂ ਰਹਿੰਦੇ ਤਾਂ ਬਹੁਤ ਕੁਝ ਹੋਰ ਬਦਲਣ ਦੀ ਆਸ ਹੈ। ਹਾਲੇ ਨਵੇਂ ਵਿਸ਼ਵ ਆਰਡਰ ਦੀ ਰੂਪ-ਰੇਖਾ ਤੈਅ ਹੋਣੀ ਹੈ। ਰਾਸ਼ਟਰਪਤੀ ਟਰੰਪ ਦੀ ਅਮਰੀਕਾ ਨੂੰ 'ਗ੍ਰੇਟ ਅਮਰੀਕਾ' ਬਣਾਉਣ ਦੀ ਆਪਣੀ ਸੋਚ ਹੈ, ਇਸ ਦੇ ਨਤੀਜੇ ਕੀ ਨਿਕਲਦੇ ਹਨ, ਇਸ ਬਾਰੇ ਹਾਲੇ ਕੁਝ ਸਮਾਂ ਹੋਰ ਉਡੀਕ ਕਰਨੀ ਪਏਗੀ। ਪਰ ਇਹ ਗੱਲ ਪੱਕੀ ਹੈ ਕਿ ਹੁਣ ਦੁਨੀਆ ਉਹ ਨਹੀਂ ਰਹੇਗੀ ਜੋ ਹੁਣ ਤੱਕ ਸੀ। ਇਕ ਪਾਸੇ ਟਰੰਪ ਦੀਆਂ ਨਵੀਆਂ ਨੀਤੀਆਂ ਅਤੇ ਦੂਜੇ ਪਾਸੇ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਦਾ ਵਧ ਰਿਹਾ ਪ੍ਰਭਾਵ ਤੇ ਹਊਆ ਬਹੁਤ ਕੁਝ ਬਦਲ ਦੇਵੇਗਾ।

## ਟਰੰਪ ਤੇ ਅੰਤਰਰਾਸ਼ਟਰੀ ਭਾਈਚਾਰਾ

ਨਵੇਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਸਹੁੰ ਚੁੱਕੀ ਸੀ। ਇਸ ਤੋਂ ਪਹਿਲਾਂ ਚੋਣਾਂ ਦੌਰਾਨ ਅਤੇ ਹੁਣ ਬਾਅਦ ਵਿਚ ਢਾਈ ਕੁ ਮਹੀਨੇ ਦੇ ਅਰਸੇ ਵਿਚ ਹੀ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਦੁਨੀਆ ਦੇ ਰੰਗ-ਢੰਗ ਹੀ ਬਦਲ ਦਿੱਤੇ ਹਨ। ਦਹਾਕਿਆਂ ਤੋਂ ਚਲਦੀਆਂ ਆਪਣੇ ਦੇਸ਼ ਦੀਆਂ ਕੌਮਾਂਤਰੀ ਨੀਤੀਆਂ ਨੂੰ ਮੁੱਢੋਂ-ਸੁੱਢੋਂ ਹੀ ਬਦਲ ਦਿੱਤਾ ਹੈ। ਦੁਨੀਆ ਭਰ ਦੀਆਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰ ਲਿਆ ਹੈ। ਉਨ੍ਹਾਂ ਨੇ ਕੌਮਾਂਤਰੀ ਵਪਾਰ ਮੰਚ ਦੀ ਪ੍ਰਵਾਹ ਨਹੀਂ ਕੀਤੀ। ਸੰਯੁਕਤ ਰਾਸ਼ਟਰ ਨੂੰ ਟਿੱਚ ਜਾਣਿਆ ਹੈ। ਉਸ ਦੀਆਂ ਦੁਨੀਆ ਭਰ ਵਿਚ ਕਰੋੜਾਂ ਹੀ ਲੋੜਵੰਦ ਲੋਕਾਂ ਅਤੇ ਦਰਜਨਾਂ ਹੀ ਦੇਸ਼ਾਂ ਵਿਚ ਚਲਾਈਆਂ ਜਾ ਰਹੀਆਂ ਲੋਕ ਹੇਤੂ ਯੋਜਨਾਵਾਂ ਨੂੰ ਟਿੱਚ ਜਾਣ ਕੇ ਇਨ੍ਹਾਂ ਸਭ ਨੂੰ ਸਹਾਇਤਾ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਦੁਨੀਆ ਦੇ ਦੇਸ਼ਾਂ ਦੀ ਚਿੰਤਾ ਬਣੀ ਆਲਮੀ ਤਪਸ਼ ਸੰਬੰਧੀ ਬਣਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਵੀ ਉਨ੍ਹਾਂ ਨੇ ਕਿਨਾਰਾ ਕਰ ਲਿਆ ਹੈ।

ਅਮਰੀਕਾ ਨੂੰ ਪਹਿਲੇ ਨੰਬਰ 'ਤੇ ਲਿਆਉਣ ਜਾਂ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਲਈ ਉਨ੍ਹਾਂ ਨੇ ਦੁਨੀਆ ਭਰ ਦੇ ਦੇਸ਼ਾਂ ਦੇ ਖਫ਼ਾ ਹੋਣ ਦੀ ਪ੍ਰਵਾਹ ਨਹੀਂ ਕੀਤੀ। ਯੂਰਪੀਅਨ ਯੂਨੀਅਨ ਨਾਲ ਰਲ ਕੇ ਚੱਲਣ ਤੋਂ ਵੀ ਇਕ ਤਰ੍ਹਾਂ ਨਾਲ ਅੱਖਾਂ ਫੇਰ ਲਈਆਂ ਹਨ। ਟਰੰਪ ਆਪ ਇਕ ਬਹੁਤ ਵੱਡੇ ਸਰਮਾਏਦਾਰ ਅਤੇ ਵਪਾਰੀ ਹਨ। ਉਨ੍ਹਾਂ ਨੇ ਆਪਸੀ ਕੌਮਾਂਤਰੀ ਸੰਬੰਧਾਂ ਨੂੰ ਵੀ ਇਸ ਨਜ਼ਰੀਏ ਤੋਂ ਹੀ ਵੇਖਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਅਨੁਸਾਰ ਹੀ ਨਵੀਆਂ ਨੀਤੀਆਂ ਦਾ ਐਲਾਨ ਕੀਤਾ ਜਾ ਰਿਹਾ ਹੈ। ਟਰੰਪ ਦਾ ਕਹਿਣਾ ਹੈ ਕਿ ਉਹ ਜਵਾਬੀ ਟੈਰਿਫ਼ (ਟੈਕਸ) ਲਗਾਉਣਗੇ। ਜੇਕਰ ਬਾਹਰਲੇ ਮੁਲਕ ਅਮਰੀਕੀ ਵਸਤਾਂ ਦੀ ਦਰਾਮਦ 'ਤੇ ਵੱਡੇ ਟੈਰਿਫ਼ ਲਗਾਉਂਦੇ ਹਨ ਤਾਂ ਉਹ ਵੀ ਜਵਾਬੀ ਟੈਕਸ ਲਗਾਉਣ ਤੋਂ ਨਹੀਂ ਹਿਚਕਚਾਉਣਗੇ। ਹੁਣ ਤਾਂ ਉਨ੍ਹਾਂ ਨੇ ਇਸ ਦਾ ਐਲਾਨ ਵੀ ਕਰ ਦਿੱਤਾ ਹੈ। ਆਪਣੇ ਗੁਆਂਢੀਆਂ ਕੈਨੇਡਾ ਅਤੇ ਮੈਕਸੀਕੋ ਨਾਲ ਅਜਿਹੀਆਂ ਗੱਲਾਂ ਕਰਕੇ ਹੀ ਪਿਛਲੇ ਮਹੀਨੇ ਤੋਂ ਉਨ੍ਹਾਂ ਦਾ ਤਣਾਅ ਚਲਦਾ ਰਿਹਾ ਹੈ। ਆਪਣੇ ਨਵੇਂ ਐਲਾਨ ਵਿਚ ਉਨ੍ਹਾਂ ਨੇ ਹਾਲ ਦੀ ਘੜੀ ਇਨ੍ਹਾਂ ਦੋਹਾਂ ਗਵਾਂਢੀ ਮੁਲਕਾਂ ਨੂੰ ਤਾਂ ਬਖ਼ਸ਼ ਦਿੱਤਾ ਹੈ, ਪਰ ਉਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਹੋਰ ਦੋਸਤ ਜਾਂ ਵਿਰੋਧੀ ਦੇਸ਼ਾਂ ਨੂੰ ਵਪਾਰਕ ਮੁਆਮਲੇ ਵਿਚ ਨਹੀਂ ਬਖ਼ਸ਼ਿਆ। ਲਗਭਗ 60 ਕੁ ਦੇਸ਼ਾਂ 'ਤੇ ਉਨ੍ਹਾਂ ਨੇ ਨਵੇਂ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਦੀ ਦਰ ਵੱਖੋ-ਵੱਖਰੀ ਹੈ। ਵੱਖ-ਵੱਖ ਦੇਸ਼ਾਂ 'ਤੇ ਉਨ੍ਹਾਂ ਨੇ ਵੱਖ-ਵੱਖ ਟੈਕਸ ਲਗਾਉਣ ਦਾ ਐਲਾਨ ਕਿਸ ਆਧਾਰ 'ਤੇ ਕੀਤਾ ਹੈ, ਇਸ ਸੰਬੰਧੀ ਅਜੇ ਵਿਸਥਾਰਤ ਜਾਣਕਾਰੀ ਸਾਹਮਣੇ ਨਹੀਂ ਆਈ। ਮਿਸਾਲ ਦੇ ਤੌਰ 'ਤੇ ਭਾਰਤ ਦੀਆਂ ਬਹੁਤੀਆਂ ਬਰਾਮਦ ਹੋਣ ਵਾਲੀਆਂ ਵਸਤਾਂ 'ਤੇ ਉਨ੍ਹਾਂ ਨੇ ਪਹਿਲਾਂ 26 ਫ਼ੀਸਦੀ, ਫੇਰ ਬਾਅਦ ਵਿਚ 27 ਫ਼ੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ ਅਤੇ ਨਾਲ ਇਹ ਵੀ ਕਿਹਾ ਹੈ ਕਿ ਭਾਰਤ ਅਮਰੀਕੀ ਵਸਤਾਂ 'ਤੇ ਉੱਚੇ ਦਰਾਮਦ ਟੈਕਸ ਵਸੂਲਦਾ ਹੈ। ਉਨ੍ਹਾਂ ਅਨੁਸਾਰ ਇਸ ਸਮੇਂ ਇਨ੍ਹਾਂ ਦੀ ਦਰ 52 ਫ਼ੀਸਦੀ ਹੈ, ਪਰ ਅਮਰੀਕਾ ਨੇ 'ਮਿਹਰਬਾਨੀ' ਕਰਕੇ ਭਾਰਤ ਦੀਆਂ ਕਈ ਦਰਾਮਦੀ ਵਸਤਾਂ 'ਤੇ ਇਸ ਦੇ ਮੁਕਾਬਲੇ ਵਿਚ 27 ਫ਼ੀਸਦੀ ਹੀ ਟੈਕਸ ਲਗਾਇਆ ਹੈ। ਇਸ ਦੇ ਮੁਕਾਬਲੇ ਵਿਚ ਉਨ੍ਹਾਂ ਨੇ ਚੀਨ 'ਤੇ 34 ਫ਼ੀਸਦੀ, ਥਾਈਲੈਂਡ ਵਰਗੇ ਆਪਣੇ ਭਾਈਵਾਲ ਮੁਲਕ 'ਤੇ 37 ਫ਼ੀਸਦੀ, ਬੰਗਲਾਦੇਸ਼ 'ਤੇ 37 ਫ਼ੀਸਦੀ ਅਤੇ ਆਰਥਿਕ ਸੰਕਟ ਦੀ ਜ਼ੱਦ ਵਿਚ ਆਏ ਸ੍ਰੀਲੰਕਾ 'ਤੇ 44 ਫ਼ੀਸਦੀ ਅਤੇ ਸਵਿਟਜ਼ਰਲੈਂਡ ਵਰਗੇ ਨਿਰਪੱਖ ਨੀਤੀ ਧਾਰਨ ਕਰੀ ਬੈਠੇ ਦੇਸ਼ 'ਤੇ 32 ਫ਼ੀਸਦੀ ਦਰਾਮਦ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਯੂਰਪੀਅਨ ਯੂਨੀਅਨ ਜਿਸ ਵਿਚ ਦਰਜਨਾਂ ਦੇਸ਼ ਸ਼ਾਮਿਲ ਹਨ, ਇਨ੍ਹਾਂ ਵਿਚੋਂ ਬਹੁਤੇ ਦੇਸ਼ ਦੂਜੀ ਜੰਗ ਤੋਂ ਬਾਅਦ ਅਮਰੀਕਾ ਨਾਲ ਸੈਨਿਕ ਸੰਧੀ ਨਾਟੋ ਰਾਹੀਂ ਜੁੜੇ ਰਹੇ ਹਨ, ਇਨ੍ਹਾਂ ਦੇਸ਼ਾਂ 'ਤੇ ਉਨ੍ਹਾਂ ਨੇ ਦੂਸਰਿਆਂ ਦੇ ਮੁਕਾਬਲੇ ਸਿਰਫ਼ 20 ਫ਼ੀਸਦੀ ਹੀ ਟੈਕਸ ਲਗਾਇਆ ਹੈ।

ਜਿੱਥੋਂ ਤੱਕ ਭਾਰਤ ਦਾ ਸੰਬੰਧ ਹੈ, ਇਸ ਲਈ ਇਕ ਤਾਂ ਇਹ ਐਲਾਨ ਇਸ ਲਈ ਵੱਡੀ ਚਿੰਤਾ ਦਾ ਕਾਰਨ ਬਣਿਆ ਨਜ਼ਰ ਆ ਰਿਹਾ ਹੈ, ਕਿਉਂਕਿ ਕਾਰਾਂ ਅਤੇ ਕਾਰਾਂ ਦੇ ਪੁਰਜ਼ਿਆਂ ਤੇ ਰੈਡੀਮੇਡ ਕੱਪੜਿਆਂ, ਟੈਲੀਕਾਮ ਦੇ ਸਾਮਾਨ ਤੋਂ ਇਲਾਵਾ ਹੀਰਿਆਂ, ਗਹਿਣਿਆਂ ਅਤੇ ਰਿਫਾਇੰਡ ਪੈਟਰੋਲੀਅਮ ਦੀਆਂ ਦਰਾਮਦੀ ਵਸਤਾਂ 'ਤੇ ਇਕਦਮ ਐਡਾ ਵੱਡਾ ਟੈਕਸ ਠੋਕੇ ਜਾਣ ਨਾਲ ਇਨ੍ਹਾਂ ਨਾਲ ਸੰਬੰਧਿਤ ਕੰਪਨੀਆਂ ਅਤੇ ਅਦਾਰਿਆਂ 'ਤੇ ਵੱਡੀ ਗਾਜ਼ ਡਿਗਦੀ ਨਜ਼ਰ ਆਉਂਦੀ ਹੈ। ਇਨ੍ਹਾਂ ਦੀ ਆਰਥਿਕਤਾ 'ਤੇ ਅਨਿਸਚਿਤਤਾ ਦੇ ਬੱਦਲ ਦਿਖਾਈ ਦੇਣ ਲੱਗੇ ਹਨ। ਭਾਰਤ ਨੇ ਚੀਨ ਅਤੇ ਕਈ ਹੋਰ ਦੇਸ਼ਾਂ ਵਾਂਗ ਟਰੰਪ ਦੇ ਅਜਿਹੇ ਐਲਾਨ 'ਤੇ ਤੁਰੰਤ ਆਪਣਾ ਪ੍ਰਤੀਕਰਮ ਨਹੀਂ ਪ੍ਰਗਟਾਇਆ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਪਿਛਲੇ ਲੰਮੇ ਸਮੇਂ ਤੋਂ ਟਰੰਪ ਨਾਲ ਦੋਸਤੀ ਦਾ ਦਮ ਭਰਦੇ ਰਹੇ ਹਨ। ਫਰਵਰੀ ਦੇ ਮਹੀਨੇ ਵਿਚ ਦੋਹਾਂ ਦੇਸ਼ਾਂ ਨੇ ਸਾਲ 2030 ਤੱਕ ਆਪਸੀ ਵਪਾਰ ਨੂੰ ਦੁੱਗਣਾ ਕਰਨ ਦਾ ਸੰਕਲਪ ਪ੍ਰਗਟਾਇਆ ਸੀ ਅਤੇ ਇਸ ਨੂੰ 500 ਅਰਬ ਡਾਲਰ ਤੱਕ ਲੈ ਜਾਣ ਦਾ ਟੀਚਾ ਮਿਥਿਆ ਸੀ। ਪਰ ਹੁਣ ਨਵੇਂ ਹਾਲਾਤ ਵਿਚ ਇਸ ਸੰਕਲਪ ਦਾ ਕੀ ਬਣੇਗਾ, ਇਸ ਬਾਰੇ ਯਕੀਨੀ ਤੌਰ 'ਤੇ ਕੁਝ ਕਹਿਣਾ ਮੁਸ਼ਕਿਲ ਹੈ। ਟਰੰਪ ਦੇ ਐਲਾਨ ਨਾਲ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ 'ਤੇ ਕਿਸ ਤਰ੍ਹਾਂ ਦਾ ਅਤੇ ਕਿੰਨਾ ਕੁ ਅਸਰ ਪਵੇਗਾ, ਇਸ ਬਾਰੇ ਹਾਲ ਦੀ ਘੜੀ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਸ ਦੇ ਨਾਲ ਹੀ ਇਹ ਅੰਦਾਜ਼ਾ ਜ਼ਰੂਰ ਲਗਾਇਆ ਜਾ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਵਲੋਂ ਸ਼ੁਰੂ ਕੀਤੀ ਇਸ ਵਪਾਰਕ ਜੰਗ ਨਾਲ ਅਮਰੀਕਾ ਦੀ ਆਰਥਿਕਤਾ 'ਤੇ ਵੀ ਉਲਟਾ ਅਸਰ ਪਵੇਗਾ। ਬਹੁਤ ਸਾਰੇ ਅਰਥ-ਸ਼ਾਸਤਰੀਆਂ ਨੇ ਇਹ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਇਸ ਨਾਲ ਬਾਹਰ ਤੋਂ ਦਰਾਮਦ ਘਟਣ ਨਾਲ ਉੱਥੇ ਮਹਿੰਗਾਈ ਵਧੇਗੀ ਅਤੇ ਇਸ ਦਾ ਆਰਥਿਕਤਾ 'ਤੇ ਵੀ ਦਬਾਅ ਬਣ ਸਕਦਾ ਹੈ। ਆਲਮੀ ਪੱਧਰ 'ਤੇ ਵੀ ਸਾਰੇ ਹੀ ਮੁਲਕਾਂ ਨੂੰ ਆਪਣੀਆਂ ਵਪਾਰਕ ਅਤੇ ਕੌਮਾਂਤਰੀ ਆਦਾਨ-ਪ੍ਰਦਾਨ ਦੀਆਂ ਨੀਤੀਆਂ ਵਿਚ ਆਪਣੀ ਸਮਰੱਥਾ ਅਤੇ ਸੋਚ ਅਨੁਸਾਰ ਵੱਡਾ ਬਦਲਾਅ ਕਰਨਾ ਪਵੇਗਾ। ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਜੇ ਭਾਰਤ ਅਤੇ ਚੀਨ ਜਿਨ੍ਹਾਂ ਦੇ ਸੰਬੰਧ ਹਾਲੇ ਤੱਕ ਵੀ ਤਣਾਅ ਭਰੇ ਬਣੇ ਰਹੇ ਹਨ, ਆਪਣੇ ਵਪਾਰਕ ਆਦਾਨ-ਪ੍ਰਦਾਨ ਵਿਚ ਹੋਰ ਵੱਡਾ ਵਾਧਾ ਕਰਨ ਦੀ ਨੀਤੀ ਨੂੰ ਪਹਿਲ ਦੇਣ ਲੱਗਣ ਪਰ ਪਹਿਲਾਂ ਹੀ ਆਰਥਿਕਤਾ ਜ਼ੱਦ ਵਿਚ ਆਏ ਛੋਟੇ ਦੇਸ਼ਾਂ ਦੀਆਂ ਬਿਨਾਂ ਸ਼ੱਕ ਟਰੰਪ ਦੀਆਂ ਨੀਤੀਆਂ ਨਾਲ ਮੁਸ਼ਕਿਲਾਂ ਹੋਰ ਵੀ ਵਧ ਸਕਦੀਆਂ ਹਨ। ਪਰ ਇਸ ਮਾਹੌਲ 'ਚੋਂ ਇਹ ਗੱਲ ਵੀ ਸਪੱਸ਼ਟ ਹੁੰਦੀ ਜਾਪਦੀ ਹੈ ਕਿ ਟਰੰਪ ਦੀਆਂ ਅਜਿਹੀਆਂ ਨੀਤੀਆਂ ਨਾਲ ਅਮਰੀਕਾ ਕੌਮਾਂਤਰੀ ਭਾਈਚਾਰੇ ਤੋਂ ਇਕ ਵਾਰ ਤਾਂ ਜ਼ਰੂਰ ਅਲੱਗ-ਥਲੱਗ ਹੋ ਜਾਏਗਾ।

# ਪੰਜ ਮੈਂਬਰੀ ਕਮੇਟੀ ਦੀ ਅੱਖੀਂ ਦੇਖੀ ਭਰਤੀ ਮੁਹਿੰਮ !










ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268


ਲੰਘੇ ਇੱਕ ਅਪਰੈਲ ਵਾਲੇ ਦਿਨ ਸਵੇਰੇ ਫੇਸ-ਬੁੱਕ ਖੋਲ੍ਹੀ ਹੀ ਸੀ ਕਿ ਸਮਰਾਲੇ ਇਲਾਕੇ ਵਿਚ ਸਰਗਰਮ ਪੱਤਰਕਾਰ ਵੀਰ ਬਲਵੀਰ ਸਿੰਘ ਬੱਬੀ ਜੀ ਦੀ ਪੋਸਟ ਨਜ਼ਰੀਂ ਪਈ। ਜਿਸ ਵਿਚ ਉਨ੍ਹਾਂ ਲਿਖਿਆ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਵਾਸਤੇ ਭਰਤੀ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਦੇ ਕੁੱਝ ਸੱਜਣ 2 ਅਪਰੈਲ ਦਿਨ ਬੁੱਧਵਾਰ ਨੂੰ ਇਤਹਾਸਿਕ ਨਗਰ ਸ੍ਰੀ ਮਾਛੀਵਾੜਾ ਸਾਹਿਬ ਵਿਖੇ ਪਹੁੰਚ ਰਹੇ ਹਨ। ਇਹ ਸੂਚਨਾ ਪੜ੍ਹ ਕੇ ਮੈਂ ਸੋਚਿਆ ਕਿ ਕਿਉਂ ਨਾ ਮੌਕੇ 'ਤੇ ਪਹੁੰਚ ਕੇ ਖੁਦ ਦੇਖਿਆ ਜਾਵੇ ਕਿ ਇਸ ਕਮੇਟੀ ਨੂੰ ਬਹੁਤ ਭਰਵੇਂ ਹੁੰਗਾਰੇ ਦੀਆਂ ਛਾਇਆ ਹੋ ਰਹੀਆਂ ਖਬਰਾਂ ਵਿਚ ਕਿੰਨੀ ਕੁ ਸੱਚਾਈ ਹੈ? ਉਂਜ ਵੀ ਮੈਨੂੰ ਮਾਛੀਵਾੜਾ ਸਾਹਬ ਦਾ ਨਾਂ ਸੁਣ ਕੇ ਚਾਅ ਚੜ੍ਹ ਜਾਂਦਾ ਹੈ ਕਿਉਂਕਿ ਸ੍ਰੀ ਦਸਮੇਸ਼ ਪਿਤਾ ਦੀ ਪਾਵਨ ਚਰਨਛੋਹ ਪ੍ਰਾਪਤ ਇਹ ਨਗਰ ਸਾਨੂੰ ਲੋਕਲ ਵਾਂਗ ਹੀ ਹੈ, ਸਿਰਫ ਵਿਚਕਾਰ ਵਗਦੇ ਸਤਿਲੁਜ ਦਰਿਆ ਨੇ ਹੀ 'ਉਰਾਰ-ਪਾਰ' ਬਣਾਏ ਹੋਏ ਹਨ।

ਬੱਬੀ ਜੀ ਦੀ ਪੂਰੀ ਪੋਸਟ ਪੜ੍ਹਨ ਬਾਅਦ ਮੈਂ ਉਸੇ ਵੇਲੇ ਆਪਣੇ ਭਰਾਵਾਂ ਵਰਗੇ ਮਿੱਤਰ ਜਸਪਾਲ ਸਿੰਘ ਵਿਰਕ ਸਰਪੰਚ ਬੀਰੋਵਾਲ ਨੂੰ ਨਾਲ ਚੱਲਣ ਲਈ ਬੇਨਤੀ ਕੀਤੀ। ਹਮੇਸ਼ਾਂ ਵਾਂਗ ਉਨ੍ਹਾਂ ਪ੍ਰਵਾਨਗੀ ਦਿੰਦਿਆਂ ਕਿਹਾ ਕਿ ਕੱਲ੍ਹ ਸਵੇਰੇ 'ਥਾਰ' ਤਿਆਰ ਹੋਵੇ ਗੀ ਮਾਛੀਵਾੜਾ ਸਾਹਿਬ ਜਾਣ ਲਈ!

ਦੂਜੇ ਦਿਨ 2 ਅਪਰੈਲ ਨੂੰ ਅਸੀਂ ਸਾਢੇ ਕੁ ਦਸ ਵਜੇ ਮਾਛੀਵਾੜਾ ਸਾਹਿਬ ਦੇ ਸ਼ਿਵਾ ਪੈਲਿਸ 'ਤੇ ਜਾ ਪਹੁੰਚੇ। ਪੈਲਿਸ ਦੀ ਖੁਲ੍ਹੀ ਡੁੱਲ੍ਹੀ ਪਾਰਕਿੰਗ ਵੀ ਗੱਡੀਆਂ ਨਾਲ ਭਰੀ ਪਈ ਸੀ ਤੇ ਬਾਹਰ ਸੜ੍ਹਕ ਦੇ ਦੋਹੀਂ ਪਾਸੀਂ ਲੱਗੀਆਂ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੋਕਾਂ ਦਾ ਭਰਵਾਂ ਉਤਸ਼ਾਹ ਦਰਸਾ ਰਹੀਆਂ ਸਨ। ਨੀਲੀਆਂ ਪੀਲ ੀਆਂ ਦਸਤਾਰਾਂ ਵਾਲਿਆਂ ਦਾ ਇਕ ਤਰਾਂ ਨਾਲ ਹੜ੍ਹ ਆਇਆ ਹੋਇਆ ਸੀ। ਮੁਸਲਿਮ ਟੋਪੀਆਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਹਿੰਦੂ ਵੀਰ ਵੀ ਇਕੱਠ ਵਿੱਚ 'ਸ਼੍ਰੋਮਣੀ ਅਕਾਲੀ ਦਲ' ਵਾਲ ੀਆਂ ਝੰਡੀਆਂ ਹੱਥਾਂ 'ਚ ਲਹਿਰਾਉਂਦੇ ਫਿਰਦੇ ਸਨ।ਸਾਰਿਆਂ ਦੇ ਚਿਹਰਿਆਂ ਉੱਤੇ ਵਿਆਹ ਜਿੰਨੀ ਖੁਸ਼ੀ ਡਲ੍ਹਕਾਂ-ਝਲਕਾਂ ਮਾਰ ਰਹੀ ਸੀ।ਕੰਨ ਨੂੰ ਫੋਨ ਲਈ ਫਿਰਦੇ ਇਕ ਪ੍ਰਬੰਧਕ ਸੁਰਜੀਤ ਸਿੰਘ ਮਾਂਗਟ ਨੇ ਦੱਸਿਆ ਕਿ ਇਆਲੀ ਜੀ, ਉਮੈਦ ਪੁਰੀ ਸਾਹਬ ਅਤੇ ਝੂੰਦਾ ਸਾਹਬ ਮਾਛੀਵਾੜਾ ਸਾਹਬ ਪਹੁੰਚ ਚੁੱਕੇ ਹਨ ਤੇ ਉਹ ਪਹਿਲਾਂ ਕਲਗੀਆਂ ਵਾਲੇ ਪਾਤਸ਼ਾਹ ਦੇ ਦਰਬਾਰ ਸਾਹਿਬ ਵਿਖੇ ਅਸ਼ੀਰਵਾਦ ਪ੍ਰਾਪਤ ਕਰਨ ਗਏ ਹੋਏ ਹਨ। ਇਸ ਇਕੱਠ ਵਿਚ ਬੀਬੀਆਂ ਦੀ ਅਣਹੋਂਦ ਜਰੂਰ ਖਟਕਦੀ ਸੀ!

ਮਿੱਥੇ ਹੋਏ ਸਮੇਂ 'ਤੇ 11 ਵਜੇ ਮੁੱਖ ਪਤਵੰਤਿਆਂ ਅਤੇ ਆਈ ਸੰਗਤ ਨੂੰ ਰੁਪਿੰਦਰ ਸਿੰਘ ਰੂਬੀ ਬੈਨੀਵਾਲ ਵਲੋਂ 'ਜੀਉ ਆਇਆਂ' ਕਹਿਣ ਨਾਲ ਸਮਾਗਮ ਅਰੰਭ ਹੋਇਆ। ਭਾਈ ਸੰਤਾ ਸਿੰਘ ਉਮੈਦ ਪੁਰੀ ਅਤੇ ਇਕਬਾਲ ਸਿੰਘ ਝੂੰਦਾ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਿਆਸੀ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ 2 ਦਸੰਬਰ 2024 ਨੂੰ ਜਾਰੀ ਹੋਏ ਹੁਕਮਨਾਮੇ ਤੋਂ ਆਕੀ ਹੁੰਦਿਆਂ ਕੁੱਝ ਕਬਜਾਧਾਰੀ ਬਿਰਤੀ ਵਾਲੇ ਆਗੂ ਪੰਥ ਨੂੰ ਗੁੰਮਰਾਹ ਕਰ ਰਹੇ ਹਨ। ਕੁੱਝ ਦਿਨ ਪਹਿਲੋਂ ਮਲੇਰਕੋਟਲਾ ਅਤੇ ਸੰਗਰੂਰ ਵਿਖੇ ਸਫਲਤਾ ਦੇ ਵਿਲੱਖਣ ਝੰਡੇ ਗੱਡਣ ਵਾਲੀਆਂ ਭਰਤੀ ਮੁਹਿੰਮਾਂ ਅਤੇ ਮਾਛੀਵਾੜਾ ਸਾਹਿਬ ਦੇ ਜੋਸ਼ੀਲੇ ਇਕੱਠ ਤੋਂ ਬਾਗੋ ਬਾਗ ਹੁੰਦਿਆਂ ਦੋਹਾਂ ਆਗੂਆਂ ਨੇ ਖੁਸ਼ੀ ਪ੍ਰਗਟਾਈ ਕਿ ਹੁਣ ਪੰਥ ਜਾਗ ਪਿਆ ਹੈ ਤੇ ਕਿਸੇ ਲੀਡਰ ਦੀਆਂ ਕਪਟੀ ਚਾਲਾਂ ਕਤੱਈ ਸਫਲ ਨਹੀਂ ਹੋਣੀਆਂ! ਉਨ੍ਹਾਂ ਨੇ ਨਿਮਰਤਾ ਨਾਲ ਸ਼੍ਰੋਮਣੀ ਅਕਾਲੀ ਦਲ ਵਾਸਤੇ ਭਰਤੀ ਪਰਚੀਆਂ ਭਰਨ ਦੀ ਤਕਨੀਕ ਸਮਝਾਉਂਦਿਆਂ ਕਿਹਾ ਅਧਾਰ ਕਾਰਡ ਦਾ ਨੰਬਰ ਜਰੂਰ ਭਰਿਆ ਜਾਵੇ ਅਤੇ ਇਹ ਭਰਤੀ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਦੀ ਰੌਸ਼ਨੀ ਵਿਚ ਸਾਰੇ ਵਰਗਾਂ ਲਈ ਖੁੱਲ੍ਹੀ ਹੈ।ਅਠਾਰਾਂ ਸਾਲ ਤੋਂ ਉੱਤੇ ਉਮਰ ਵਾਲਾ, ਪੰਥ-ਪੰਜਾਬ-ਪੰਜਾਬੀਅਤ ਦਾ ਹਰੇਕ ਹਿਤੈਸ਼ੀ ਮਾਈ ਭਾਈ ਪਰਚੀ ਭਰ ਕੇ ਪਾਰਟੀ ਦਾ ਮੈਂਬਰ ਬਣ ਸਕਦਾ ਹੈ। ਇਹ ਪਰਚੀ ਵੀ ਸਾਂਭ ਕੇ ਰੱਖਣੀ ਹੋਵੇ ਗੀ ਜੋ ਤੁਹਾਡੇ ਕੋਲ ਅਕਾਲੀ ਦਲ ਦੇ ਵਰਕਰ ਬਣਨ ਦੇ ਦਸਤਾਵੇਜ ਵਜੋਂ ਸਨਦ ਰਹੇਗੀ।

ਇਨ੍ਹਾਂ ਤੋਂ ਬਾਅਦ ਨੌਜਵਾਨ ਅਕਾਲੀ ਵਿਧਾਨਕਾਰ ਮਨਪ੍ਰੀਤ ਸਿੰਘ ਇਆਲੀ ਨੇ ਪੁਰਾਣੇ ਜਥੇਦਾਰਾਂ ਵਾਂਗ ਪੰਥਕ ਸ਼ਬਦਾਵਲੀ ਵਾਲੇ ਮੁਹਾਵਰੇ ਵਿਚ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਭਾਵੇਂ ਸਿਆਸਤ ਵਿਚ 'ਟਪੂਸੀ-ਮਾਰ' ਦਲਬਦਲੀਆਂ ਵਾਲਾ ਦੌਰ ਹੈ ਪਰ ਮੈਂ ਘਰੇ ਬਹਿਣਾ ਪਸੰਦ ਕਰ ਲਿਆ ਸੀ ਕਿਉਂ ਕਿ ਬੜੀ ਮੁਸ਼ੱਕਤ ਨਾਲ ਤਿਆਰ ਕੀਤੀ ਝੂੰਦਾ ਕਮੇਟੀ ਦੀ ਰਿਪੋਰਟ ਦੀਆਂ ਅਹਿਮ ਸਿਫਾਰਸ਼ਾਂ ਨੂੰ ਸਾਡੇ ਉਤਲੇ ਆਗੂ ਸੁਣਨ ਲਈ ਵੀ ਤਿਆਰ ਨਹੀਂ ਸਨ।ਅਸੀਂ ਪਾਰਟੀ ਦੇ ਵਰਕਰਾਂ ਵਲੋਂ ਹੱਥ ਜੋੜ ਜੋੜ ਵਾਸਤੇ ਵੀ ਪਾਏ ਪਰ ਪ੍ਰਧਾਨਗੀ ਨਾਲ ਚਿੰਬੜੇ ਸ੍ਰੀ ਮਾਨ ਜੀ 'ਮੈਂ ਨਾ ਮਾਨੂੰ' ਦੀ ਰਟ ਹੀ ਲਾਈ ਗਏ! ਇਸੇ ਮਨਹੂਸ 'ਰਟ' ਕਾਰਨ ਸਾਡੀ ਪੰਥਕ ਪਾਰਟੀ 'ਤੇ ਆਹ ਕਲਹਿਣੇ ਦਿਨ ਆਏ!

ਪੜ੍ਹਨ-ਲਿਖਣ ਵਾਲੇ ਅਕਾਲੀ ਦਾ ਸਬੂਤ ਦਿੰਦਿਆਂ ਸਰਦਾਰ ਇਆਲੀ ਜੀ ਨੇ ਸਮਰਾਲਾ ਵਿਧਾਨ ਸਭਾ ਹਲਕੇ ਦੇ ਮਾਣਮੱਤੇ ਪੰਥਕ ਪਿਛੋਕੜ ਦੀ ਮਿਸਾਲ ਦਿੱਤੀ! ਉਨ੍ਹਾਂ 'ਨੈਸ਼ਨਲ ਪ੍ਰੋਫੈਸਰ ਆਫ ਸਿੱਖ ਇਜ਼ਮ' ਸਿਰਦਾਰ ਕਪੂਰ ਸਿੰਘ ਵਲੋਂ ਇਸੇ ਸਮਰਾਲਾ ਹਲਕੇ ਤੋਂ ਅਸੰਬਲੀ ਚੋਣ ਲੜਨ ਸਮੇਂ ਕਹੀ ਗੱਲ ਚੇਤੇ ਕਰਵਾਈ ਕਿ ਉਨ੍ਹਾਂ ਵਲੋਂ ਐਲਾਨੀਆਂ 'ਬੀੜੀ-ਸਿਗਰਟ ਪੀਣ ਵਾਲੇ ਮੈਨੂੰ ਵੋਟ ਨਾ ਪਾਉਣ!' ਕਹਿਣ ਦੇ ਬਾਵਜੂਦ ਉਨ੍ਹਾਂ ਇੱਥੋਂ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਸੀ! ਉਦੋਂ ਮੈਂ ਹੈਰਾਨ ਰਹਿ ਗਿਆ ਜਦੋਂ ਇਆਲੀ ਜੀ ਨੇ ਸ੍ਰੋਤਿਆਂ ਨੂੰ ਪੁੱਛਿਆ ਕਿ ਦੋਸਤੋ ਤੁਹਾਡੇ 'ਚੋਂ ਕਿਸੇ ਨੂੰ ਯਾਦ ਐ ਕਿ ਕਪੂਰ ਸਿੰਘ ਹੁਣਾ ਸਮਰਾਲੇ ਤੋਂ ਕਦੋਂ ਚੋਣ ਲੜੀ ਸੀ? ਤਾਂ ਇਕੱਠ ਵਿੱਚ ਨੀਲੀਆਂ ਦਸਤਾਰਾਂ ਵਾਲੇ ਕਈ ਜਥੇਦਾਰ ਉੱਠ ਕੇ ਬੋਲੇ-'ਸੰਨ 1969 ਵਿੱਚ ਜੀ!'

ਅਖੀਰ ਵਿਚ ਸਟੇਜ ਸਕੱਤਰ ਨਰਿੰਦਰਪਾਲ ਸਿੰਘ ਬਾਜਵਾ ਨੇ ਮਿੱਥੇ ਪ੍ਰੋਗਰਾਮ ਵਿਚ ਥੋੜ੍ਹੀ ਅਦਲਾ-ਬਦਲੀ ਕਰਕੇ, ਆਏ ਹੋਏ ਆਗੂ ਸਾਹਿਬਾਨ ਅਤੇ ਸਮੁੱਚੇ ਇਕੱਠ ਦਾ ਧੰਨਵਾਦ ਕਰਨ ਲਈ, ਉਜਾਗਰ ਸਿੰਘ ਸਾਬਕ ਪ੍ਰਧਾਨ ਨਗਰ ਕੌਂਸਲ ਅਤੇ ਗੁਰਚਰਨ ਸਿੰਘ ਉੱਪਲਾਂ ਦੀ ਬਜਾਏ ਮੇਰੀ ਡਿਊਟੀ ਲਾਈ। ਦੋ ਚਾਰ ਕੁ ਮਿੰਟ ਵਿਚ ਮੈਂ ਸੰਕੋਚਵਾਂ ਨਿੱਜੀ ਵੇਰਵਾ ਦਿੰਦਿਆਂ ਕਿਹਾ ਕਿ 24-25 ਅਕਤੂਬਰ 2002 ਵਾਲੀ ਰਾਤ ਜਦ ਮੈਂ ਬਾਲਾ ਸਰ ਤੋਂ ਬਾਦਲ ਦਲ ਤੋਂ ਬਗਾਵਤ ਕਰਕੇ ਆਇਆ ਸਾਂ ਤਦ ਮੈਨੂੰ ਜਥੇਦਾਰ ਟੌਹੜਾ ਸਾਹਬ ਅਤੇ ਸੁਰਜਣ ਸਿੰਘ ਠੇਕੇਦਾਰ ਹੁਣਾ ਨੇ ਇਕ ਜੋਸ਼ੀਲੇ ਸ਼ਬਦਾਂ ਵਾਲਾ ਸ਼ਾਨਦਾਰ ਮੋਮੈਂਟੋ ਭੇਂਟ ਕੀਤਾ ਸੀ। ਪਰ ਜਦੋਂ ਟੌਹੜਾ ਸਾਹਬ ਨੇ ਬਜ਼ੁਰਗ ਬਾਦਲ ਹੱਥੋਂ ਸਮਝੌਤੇ ਦੇ 'ਪੀਲੇ ਪੀਲੇ ਲੱਡੂ' ਖਾ ਲਏ ਸੀ ਤਾਂ ਮੈਂ ਇਕ ਅਖਬਾਰੀ ਲੇਖ ਲਿਖ ਕੇ ਟੌਹੜਾ ਸਾਹਿਬ ਨੂੰ ਪੁੱਛਿਆ ਸੀ ਕਿ 'ਪ੍ਰਧਾਨ ਸਾਹਬ ਜੀ' ਮੈਂ ਹੁਣ ਉਸ ਮੋਮੈਂਟੋ ਦਾ ਕੀ ਕਰਾਂ? ਇਸੇ ਤਨਜ਼ ਨੂੰ ਅੱਗੇ ਤੋਰਦਿਆਂ ਮੈਂ ਮਨਪ੍ਰੀਤ ਸਿੰਘ ਇਆਲੀ ਵਲੋਂ ਜ਼ਿਕਰ ਕੀਤੇ ਸਿਰਦਾਰ ਕਪੂਰ ਸਿੰਘ ਵਲੋਂ ਹੀ ਕਹੀ ਉਹ ਪ੍ਰਸਿੱਧ ਗੱਲ ਚੇਤੇ ਕਰਵਾਈ ਕਿ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੋਏ ਇਕ ਪ੍ਰਤੀਨਿਧ ਪੰਥਕ ਇਕੱਠ ਵਿਚ ਸਿਰਦਾਰ ਸਾਹਿਬ ਨੇ ਮੋਹਰੇ ਬੈਠੀ ਸੰਗਤ ਵੱਲ੍ਹ ਹੱਥ ਕਰਦਿਆਂ ਕਿਹਾ ਸੀ ਕਿ ਖਾਲਸਾ ਜੀ ਤੁਸੀਂ ਪੰਥ ਲਈ ਕੁਰਬਾਨੀਆਂ ਕਰਨ ਤੋਂ ਕਦੇ ਪਿੱਛੇ ਨਹੀਂ ਹਟੇ ਪਰ (ਭਰੀ ਸਟੇਜ ਵੱਲ੍ਹ ਹੱਥ ਕਰਕੇ) ਆਹ ਕਦੇ ਗੱਦਾਰੀਆਂ ਕਰਨ ਤੋਂ ਨਹੀਂ ਟਲੇ! ਮੇਰੇ ਬੋਲਦੇ ਵੱਲ੍ਹ ਦੇਖਦੇ ਪੰਜ ਮੈਂਬਰੀ ਭਰਤੀ ਕਮੇਟੀ ਦੇ ਤਿੰਨਾਂ ਮੁੱਖ ਆਗੂਆਂ ਨੂੰ ਮੈਂ ਇਸ਼ਾਰੇ ਮਾਤਰ ਬੇਨਤੀ ਕੀਤੀ ਕਿ ਅਹਿ ਭਾਰੇ ਇਕੱਠ ਵਿਚ ਜੁੜੇ ਬੈਠੇ ਜੁਝਾਰੂ ਸਿਪਾਹੀ ਤਾਂ ਪੰਥਕ ਜਜ਼ਬੇ ਨਾਲ ਸਦਾ ਓਤ-ਪੋਤ ਹੀ ਰਹਿੰਦੇ ਹਨ ਪਰ 'ਫਲਾਣੇ ਸਿੰਹੁ ਦੀ ਮੁਕਾਣੇ ਵੀ ਨਾ ਜਾਣ' ਦੇ ਦਮਗਜ਼ੇ ਮਾਰਨ ਵਾਲੇ ਸਾਡੇ ਕੁੱਝ ਆਗੂ 'ਥਾਲੀ ਦੇ ਬੈਂਗਣ' ਵਾਂਗ ਰਿੜ੍ਹਦੇ ਰਿੜ੍ਹਦੇ ਉਸੇ 'ਫਲਾਣੇ ਸਿੰਹੁ' ਦੇ ਚਮਚੇ ਬਣ ਜਾਂਦੇ ਹਨ! ਸਮਾਪਤੀ ਉਪਰੰਤ ਮਾਛੀਵਾੜਾ ਸਾਹਿਬ ਇਲਾਕੇ ਦੇ ਅਕਾਲੀਆਂ ਨੇ ਕੌਫੀ, ਚਾਹ-ਪਾਣੀ ਅਤੇ ਬ੍ਰੈੱਡਪੀਸ-ਪਕੌੜਿਆਂ ਦਾ ਅਤੁੱਟ ਲੰਗਰ ਵਰਤਾਇਆ!

# ਬੈਂਕਾਕ ਸੰਮੇਲਨ ਦੇ ਪ੍ਰਭਾਵ

ਇਸ ਸਮੇਂ ਦੁਨੀਆ 'ਚ ਜਿਸ ਤਰ੍ਹਾਂ ਦਾ ਮਾਹੌਲ ਸਿਰਜਿਆ ਜਾ ਚੁੱਕਾ ਹੈ, ਜਿਸ ਤਰ੍ਹਾਂ ਲੰਮੀਆਂ ਦੋ ਵੱਡੀਆਂ ਜੰਗਾਂ ਵਿਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ, ਜਿਸ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਤਰ੍ਹਾਂ ਨਾਲ ਅੰਤਰਰਾਸ਼ਟਰੀ ਵਪਾਰਕ ਜੰਗ ਸ਼ੁਰੂ ਕਰ ਦਿੱਤੀ ਹੈ, ਜਿਸ ਤਰ੍ਹਾਂ ਚੀਨ ਤੇ ਪਾਕਿਸਤਾਨ ਨੇ ਰਲ ਕੇ ਭਾਰਤ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਿੱਤੀਆਂ ਹੋਈਆਂ ਹਨ, ਜਿਸ ਤਰ੍ਹਾਂ ਭਾਰਤ ਦੇ ਕੁਝ ਨੇੜਲੇ ਗੁਆਂਢੀ ਮੁਲਕਾਂ ਨਾਲ ਸੰਬੰਧਾਂ ਵਿਚ ਖਟਾਸ ਆਈ ਹੋਈ ਹੈ, ਉਸ ਸਮੇਂ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਹੋਇਆ ਬਿਮਸਟੇਕ ਦੇਸ਼ਾਂ ਦਾ ਸੰਮੇਲਨ ਮਹੱਤਵਪੂਰਨ ਹੈ। ਇਹ ਸੰਸਥਾ ਬੰਗਾਲ ਦੀ ਖਾੜੀ ਨਾਲ ਸੰਬੰਧਤ ਦੇਸ਼ਾਂ ਦੀ ਹੈ, ਇਸ ਦੀ ਸਥਾਪਨਾ 1997 'ਚ ਕੀਤੀ ਗਈ ਸੀ। ਇਸ ਸਮੇਂ ਇਸ ਵਿਚ ਭਾਰਤ, ਭੂਟਾਨ, ਬੰਗਲਾਦੇਸ਼, ਮਿਆਂਮਾਰ, ਥਾਈਲੈਂਡ, ਨਿਪਾਲ ਤੇ ਸ੍ਰੀਲੰਕਾ ਆਦਿ ਸ਼ਾਮਿਲ ਹਨ।

ਇਸ ਦਾ ਦਫ਼ਤਰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਚ ਹੈ। ਇਹ ਦਫ਼ਤਰ ਲਗਾਤਾਰ ਇਨ੍ਹਾਂ ਸਾਰੇ ਦੇਸ਼ਾਂ ਦੇ ਸੰਪਰਕ ਵਿਚ ਰਹਿੰਦਾ ਹੈ। ਕੁਝ ਸਾਲਾਂ ਦੇ ਅਰਸੇ ਤੋਂ ਇਨ੍ਹਾਂ ਦੇਸ਼ਾਂ ਦੇ ਮੁਖੀਆਂ ਦੇ ਸੰਮੇਲਨ ਲਗਾਤਾਰ ਹੁੰਦੇ ਰਹਿੰਦੇ ਹਨ। ਹੁਣੇ-ਹੁਣੇ ਬੈਂਕਾਕ 'ਚ ਇਸ ਦਾ 6ਵਾਂ ਸਿਖਰ ਸੰਮੇਲਨ ਹੋਇਆ ਹੈ, ਜਿਸ ਵਿਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੋਂ ਇਲਾਵਾ ਥਾਈਲੈਂਡ ਦੀ ਪ੍ਰਧਾਨ ਮੰਤਰੀ ਪੈਟੋਂਗਟਾਰਨ ਸ਼ਿਨਾਵਾਤਰਾ, ਬੰਗਲਾ ਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ, ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਹਰੀਨੀ ਅਮਰਾਸੂਰੀਆ, ਮਿਆਂਮਾਰ ਦੇ ਫ਼ੌਜੀ ਆਗੂ ਜਨਰਲ ਮਿਨਆਂਗ ਹਲੈਂਗ ਤੇ ਭੂਟਾਨ ਦੇ ਪ੍ਰਧਾਨ ਮੰਤਰੀ ਸ਼ੇਰਿੰਗ ਟੋਬਗੇਅ ਸ਼ਾਮਿਲ ਹੋਏ ਹਨ। ਦੋ ਦਿਨਾਂ ਦਾ ਇਹ ਸੰਮੇਲਨ ਇਸ ਕਰਕੇ ਵੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ, ਕਿਉਂਕਿ ਬੰਗਲਾਦੇਸ਼ ਵਿਚ ਹਕੂਮਤ ਦੀ ਬਦਲੀ ਤੋਂ ਬਾਅਦ ਭਾਰਤ ਨਾਲ ਇਸ ਦੇ ਸੰਬੰਧ ਤਨਾਅਪੂਰਨ ਹਨ। ਸ੍ਰੀਲੰਕਾ ਵਿਚ ਵੀ ਵੱਡੀ ਬਗ਼ਾਵਤ ਤੋਂ ਬਾਅਦ ਹੋਈਆਂ ਚੋਣਾਂ ਵਿਚ ਨਵੀਂ ਸਰਕਾਰ ਬਣੀ ਹੈ। ਮਿਆਂਮਾਰ ਵਿਚ ਫ਼ੌਜ ਨੇ ਚੁਣੀ ਹੋਈ ਸਰਕਾਰ ਨੂੰ ਹਟਾ ਕੇ ਆਪਣਾ ਕਬਜ਼ਾ ਕੀਤਾ ਹੋਇਆ ਹੈ। ਭਾਰਤ ਇਸ ਖਿੱਤੇ ਦਾ ਵੱਡਾ ਦੇਸ਼ ਹੈ, ਇਸ ਸੰਗਠਨ ਲਈ ਖ਼ਰਚਾ ਵੀ ਵੱਡੀ ਹੱਦ ਤਕ 32 ਫ਼ੀਸਦੀ ਦੇ ਕਰੀਬ ਭਾਰਤ ਹੀ ਦਿੰਦਾ ਹੈ। ਪਰ ਇਸ ਸਭ ਦੇ ਬਾਵਜੂਦ ਇਸ ਦੋ ਦਿਨ ਦੇ ਸੰਮੇਲਨ ਨੂੰ ਕਈ ਪੱਖਾਂ ਤੋਂ ਉਸਾਰੂ ਅਤੇ ਨਵਾਂ ਮਾਹੌਲ ਸਿਰਜਣ ਵਾਲਾ ਕਿਹਾ ਜਾ ਸਕਦਾ ਹੈ। ਪਿਛਲੇ ਸਮੇਂ 'ਚ ਬੰਗਲਾ ਦੇਸ਼ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਚੀਨ ਨਾਲ ਆਪਣੀ ਨੇੜਤਾ ਦਿਖਾਉਂਦਿਆਂ ਭਾਰਤ ਦੇ ਉੱਤਰ ਪੂਰਬੀ ਖਿੱਤੇ ਸੰਬੰਧੀ ਕਿਹਾ ਸੀ ਕਿ ਸਿਲੀਗੁੜੀ ਕਾਰੀਡੋਰ ਜਿਸ ਨੂੰ 'ਚਿਕਨ ਨੈਕ' ਵੀ ਕਿਹਾ ਜਾਂਦਾ ਹੈ, ਭਾਰਤ ਲਈ ਇਕ ਅਜਿਹੀ ਥਾਂ ਹੈ, ਜਿਥੋਂ ਉਸ ਦਾ ਉੱਤਰ ਪੂਰਬੀ ਹਿੱਸਾ ਵੱਖਰਾ ਹੋ ਸਕਦਾ ਹੈ। ਭਾਰਤ ਨੇ ਇਸ ਬਿਆਨ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਸੀ। ਬੰਗਲਾਦੇਸ਼ ਨਾਲ ਭਾਰਤ ਦਾ ਤੀਸਤਾ ਨਦੀ ਦੇ ਪਾਣੀਆਂ ਬਾਰੇ ਵੀ ਵਿਵਾਦ ਚੱਲ ਰਿਹਾ ਹੈ। ਭਾਰਤ ਵਲੋਂ ਸਰਹੱਦ ਪਾਰੋਂ ਆਉਂਦੇ ਬੰਗਲਾਦੇਸ਼ੀ ਸ਼ਰਨਾਰਥੀਆਂ ਬਾਰੇ ਵੀ ਇਤਰਾਜ਼ ਪ੍ਰਗਟ ਕੀਤਾ ਜਾਂਦਾ ਰਿਹਾ ਹੈ। ਜਦੋਂ ਬੰਗਲਾਦੇਸ਼ ਦੀ ਨਵੀਂ ਸਰਕਾਰ ਪਿਛਲੇ ਅਗਸਤ ਦੇ ਮਹੀਨੇ 'ਚ ਉਥੇ ਉੱਠੀ ਬਗ਼ਾਵਤ ਤੋਂ ਬਾਅਦ ਬਣੀ ਤਾਂ ਸ਼ੇਖ਼ ਹਸੀਨਾ ਦੇ ਭਾਰਤ ਆਉਣ ਤੋਂ ਬਾਅਦ ਬੰਗਲਾਦੇਸ਼ ਹੁਣ ਉਸ ਨੂੰ ਵਾਪਸ ਭੇਜਣ ਦੀ ਮੰਗ ਕਰ ਰਿਹਾ ਹੈ। ਇਸ ਮੀਟਿੰਗ ਦੌਰਾਨ ਵੱਖਰੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਯੂਨਸ ਦੀ ਇਨ੍ਹਾਂ ਮਸਲਿਆਂ ਬਾਰੇ ਗੱਲਬਾਤ ਹੋਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨੇ ਬੰਗਲਾਦੇਸ਼ ਵਿਚ ਰਹਿੰਦੇ ਹਿੰਦੂਆਂ ਅਤੇ ਹੋਰ ਘੱਟ ਗਿਣਤੀ ਫਿਰਕਿਆਂ ਨਾਲ ਕੀਤੇ ਜਾ ਰਹੇ ਸਲੂਕ 'ਤੇ ਇਤਰਾਜ਼ ਕਰਦਿਆਂ ਮੁਹੰਮਦ ਯੂਨਸ ਨੂੰ ਇਸ ਸਥਿਤੀ ਨੂੰ ਸੰਭਾਲਣ ਲਈ ਕਿਹਾ ਹੈ। ਇਸ ਸੰਮੇਲਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 3 ਦਿਨਾ ਸ੍ਰੀਲੰਕਾ ਦੀ ਯਾਤਰਾ ਨੂੰ ਵੀ ਇਸ ਲਈ ਅਰਥ ਭਰਪੂਰ ਮੰਨਿਆ ਜਾ ਰਿਹਾ ਹੈ, ਕਿਉਂਕਿ ਨਵੀਂ ਸਰਕਾਰ, ਨਵੇਂ ਹਾਲਾਤ ਵਿਚ ਚੀਨ ਵੱਲ ਵਧੇਰੇ ਝੁਕਦੀ ਜਾਪਦੀ ਹੈ, ਭਾਵੇਂ ਕਿ ਇਸ ਦੇਸ਼ ਦਾ ਨੇੜਲਾ ਗੁਆਂਢੀ ਹੋਣ ਕਾਰਨ ਭਾਰਤ ਨਾਲ ਇਸ ਦੇ ਸੰਬੰਧ ਸਦੀਆਂ ਤੱਕ ਚੰਗੇ ਬਣੇ ਆ ਰਹੇ ਹਨ।

ਅੱਜ ਭਾਰਤ ਸਾਹਮਣੇ ਅਨੇਕਾਂ ਚੁਣੌਤੀਆਂ ਖੜ੍ਹੀਆਂ ਹਨ। ਇਸ ਸਮੇਂ ਬਿਮਸਟੇਕ ਦੇਸ਼ਾਂ ਦੇ ਸੰਮੇਲਨ ਵਿਚ ਹੋਈ ਵਿਚਾਰ-ਚਰਚਾ ਬੰਗਾਲ ਦੀ ਖਾੜੀ ਨਾਲ ਲਗਦੇ ਸਾਰੇ ਦੇਸ਼ਾਂ ਲਈ ਚੰਗੇ ਪ੍ਰਭਾਵਾਂ ਵਾਲੀ ਸਾਬਤ ਹੋ ਸਕਦੀ ਹੈ, ਕਿਉਂਕਿ ਇਨ੍ਹਾਂ ਸਾਰੇ ਦੇਸ਼ਾਂ ਦੇ ਭਾਰਤ ਨਾਲ ਹਰ ਤਰ੍ਹਾਂ ਦੇ ਸੰਬੰਧ ਕਿਸੇ ਨਾ ਕਿਸੇ ਰੂਪ ਸਦੀਆਂ ਤੋਂ ਹੀ ਅਟੁੱਟ ਬਣੇ ਰਹੇ ਹਨ। ਜੇਕਰ ਇਹ ਦੇਸ਼ ਆਪਸੀ ਮਤਭੇਦ ਭੁਲਾ ਕੇ ਵਿਕਾਸ ਤੇ ਸਥਿਰਤਾ ਲਈ ਆਪਸੀ ਸਹਿਯੋਗ ਵਧਾਉਂਦੇ ਹਨ ਤਾਂ ਖਿੱਤੇ ਦੇ ਸਾਰੇ ਦੇਸ਼ਾਂ ਨੂੰ ਇਸ ਦਾ ਲਾਭ ਹੋ ਸਕਦਾ ਹੈ।

# ਖਾਲਸਾ ਖਾਸ ਕਹਾਵੈ ਸੋਈ....



ਹਰ ਸਾਲ ਵਿਸਾਖੀ ਦਾ ਦਿਨ ਖਾਲਸੇ ਦਾ ਸਾਜਨਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕਿਉਂਕਿ ਇਸ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ 'ਸੀਸ ਭੇਟਾ ਕਰਨ' ਦੀ ਕਸਵੱਟੀ ਲਗਾ ਕੇ ਪੰਜ ਪਿਆਰੇ ਸਾਜੇ ਸਨ। ਅਤੇ ਉਹਨਾਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਸਿੱਖ ਤੋਂ ਸਿੰਘ ਬਣਾਇਆ ਸੀ। ਗੁਰੂ ਜੀ ਖੁਦ ਵੀ ਇਹਨਾਂ ਪੰਜਾਂ ਤੋਂ ਖੰਡੇ ਕੀ ਪਾਹੁਲ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਗਏ ਸਨ ਅਤੇ ਆਪੇ ਗੁਰ ਚੇਲਾ ਦੇ ਗੁਰੂ ਘਰ ਦੇ ਸਿਧਾਂਤ ਤੇ ਮੋਹਰ ਲਗਾ ਦਿੱਤੀ ਸੀ । ਖਾਲਸੇ ਦੇ ਸਾਜਨਾ ਦਿਵਸ ਤੇ ਅਸੀਂ ਖਾਲਸੇ ਦੀਆਂ ਵਿਸ਼ੇਸ਼ਤਾਈਆਂ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਇਹ ਵੀ ਦੇਖ ਸਕੀਏ ਕਿ ਕੀ ਅਜੋਕਾ ਖਾਲਸਾ ਉਹਨਾਂ ਵਿਸ਼ੇਸ਼ਤਾਈਆਂ ਨੂੰ ਕਾਇਮ ਰੱਖ ਸਕਿਆ ਹੈ ਜਾਂ ਨਹੀਂ । ਅਜਿਹੇ ਦਿਵਸ ਤੇ ਸਵੈ ਮੁੱਲਾਂਕਣ ਕਰਨਾ ਵੀ ਜਰੂਰੀ ਹੋ ਜਾਂਦਾ ਹੈ।

1. **ਖਾਲਸਾ ਦੀ ਪਰਿਭਾਸ਼ਾ** :- ਮਹਾਨ ਕੋਸ਼ ਵਿੱਚ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਖਾਲਸਾ ਦੇ ਅਰਥ ਇਹ ਹਨ – 'ਸ਼ੁੱਧ, ਬਿਨਾਂ ਮਿਲਾਵਟ ਨਿਰੋਲ, ਉਹ ਜਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ, ਜਿਸ ਪਰ ਕਿਸੇ ਜਗੀਰਦਾਰ ਜਾਂ ਜ਼ਿਮੀਦਾਰ ਦਾ ਸੂਤਵ ਨਹੀਂ, ਅਕਾਲੀ ਧਰਮ ਵਾਹਿਗੁਰੂ ਜੀ ਕਾ ਖਾਲਸਾ ਸਿੰਘ ਪੰਥ।' ਇਸ ਪਰਿਭਾਸ਼ਾ ਅਨੁਸਾਰ ਪਹਿਲੀ ਗੱਲ ਸ਼ੁੱਧ ਕਿਰਦਾਰ ਦੀ ਹੈ। ਦੂਸਰੀ ਗੱਲ ਖਾਲਸਾ ਸਿਰਫ ਅਕਾਲਪੁਰਖ ਦੇ ਅਧੀਨ ਹੈ, ਹੋਰ ਕਿਸੇ ਨੂੰ ਵੀ ਉਹ ਵਿਚੋਲਾ ਬਰਦਾਸ਼ਤ ਨਹੀਂ ਕਰਦਾ। ਉਸਦਾ ਸੰਬੰਧ ਸਿੱਧਾ ਪਰਮਾਤਮਾ ਨਾਲ ਹੈ। ਇਹ ਇੱਕ ਉੱਚੀ ਸੁੱਚੀ ਜੀਵਨ ਪ੍ਰਣਾਲੀ ਅਪਨਾਉਣ ਵਾਲਾ ਇਨਸਾਨ ਹੈ ਜੋ ਦੈਵੀ ਗੁਣਾਂ ਨਾਲ ਭਰਪੂਰ ਹੈ।

2. **ਖਾਲਸਾ ਪ੍ਰਗਟ ਹੋਇਆ ਹੈ**:- ਪ੍ਰਗਟ ਉਹ ਚੀਜ਼ ਹੁੰਦੀ ਹੈ, ਜੋ ਪਹਿਲਾਂ ਹੀ ਮੌਜੂਦ ਹੋਵੇ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਇੱਕ ਨਵਾਂ ਕਦਮ ਚੁੱਕਿਆ ਹੈ, ਜੋ ਪਹਿਲੇ ਗੁਰੂ ਸਾਹਿਬਾਨ ਵਿਚ ਨਹੀਂ ਸੀ। ਪਰ ਗੁਰਮਤਿ ਦੀ ਕਸਵੱਟੀ ਤੇ ਇਹ ਗੱਲ ਠੀਕ ਨਹੀਂ ਬੈਠਦੀ। ਪ੍ਰਗਟ ਹੋਣ ਵਾਲੀ ਗੱਲ ਦੇਖੀਏ ਤਾਂ ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਪ੍ਰਗਟ ਹੋਏ।

**ਗੁਰਮੁਖਿ ਕਲਿ ਵਿਚ ਪਰਗਟੁ ਹੋਆ।**
**(ਭਾਈ ਗੁਰਦਾਸ ਜੀ, ਵਾਰ ੧ ਪਉੜੀ ੨੭)**

ਉਸ ਉਪਰੰਤ ਪ੍ਰਗਟ ਹੋਣਾ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਲਈ ਵੀ ਵਰਤਿਆ ਗਿਆ ।

**ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥**
(ਭਾਈ ਗੁਰਦਾਸ , ਵਾਰ ੪੧, ਪਉੜੀ ੧੭)

ਅਤੇ ਇਹੀ ਸ਼ਬਦ ਖਾਲਸੇ ਲਈ ਵੀ ਆਖਿਆ ਗਿਆ ਹੈ।

**ਖਾਲਸਾ ਅਕਾਲ ਪੁਰਖ ਕੀ ਫੌਜ ।।**
**ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ॥**
**(ਖਾਲਸਾ ਮਹਿਮਾ, ਸਰਬ ਲੋਹ ਗ੍ਰੰਥ)**

ਇਸ ਤੋਂ ਸਿੱਧ ਹੁੰਦਾ ਹੈ ਕਿ ਖਾਲਸੇ ਨੂੰ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਸਤਿਕਾਰ ਦਿੱਤਾ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਗੁਰੂ ਕਿਹਾ ਹੈ ਅਤੇ ਮੰਨਿਆ ਵੀ ਹੈ।

3. **ਗੁਰਬਾਣੀ ਦਾ ਮਨੁੱਖ ਹੀ ਖਾਲਸਾ ਹੈ**:- ਜਿਸ ਨੂੰ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦਾ ਵਾਸੀ ਕਿਹਾ ਹੈ, ਜਿਸ ਨੂੰ ਭਗਤ ਕਬੀਰ ਜੀ ਨੇ ਜਨ ਕਿਹਾ ਹੈ, ਗੁਰੂ ਨਾਨਕ ਨੇ ਗੁਰਮੁਖਿ ਆਖਿਆ ਹੈ, ਗੁਰੂ ਅਰਜਨ ਜੀਂ ਨੇ ਬ੍ਰਹਮ ਗਿਆਨੀ ਆਖਿਆ ਹੈ, ਓਸੇ ਮਨੁੱਖ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਆਖਿਆ ਹੈ। ਕਬੀਰ ਜੀ ਨੇ ਗੁਰਬਾਣੀ ਵਿਚ ਖਾਲਸਾ ਸ਼ਬਦ ਵਰਤਿਆ ਹੈ।

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਤਿਹ ਜਾਨੀ।**
**(ਪੰਨਾ ੬੫੫, ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧)**

ਗੁਰਬਾਣੀ ਦੇ ਮਨੁੱਖ ਜੋ ਨਿਰਭਉ ਹੈ, ਨਿਰਵੈਰ ਹੈ, ਪ੍ਰਭੂ ਨਾਲ ਪ੍ਰੇਮ ਕਰਨ ਵਾਲਾ ਹੈ, ਲੋਕਾਈ ਲਈ ਮੁਹੱਬਤ ਅਤੇ ਦਰਦ ਰੱਖਣ ਵਾਲਾ ਹੈ, ਸਮਦ੍ਰਿਸ਼ਟੀ ਅਤੇ ਏਕਤਾ ਦਾ ਮੁਦਈ ਹੈ, ਵਿਕਾਰਾਂ ਤੋਂ ਦੂਰ ਗੁਣਾਂ ਦੀ ਸਾਂਝ ਰੱਖਣ ਵਾਲਾ ਹੈ, ਓਸੇ ਦਾ ਜਾਹਰੀ ਰੂਪ ਅੰਮ੍ਰਿਤਧਾਰੀ ਖਾਲਸੇ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

ਇੱਕ ਵਿਦਵਾਨ ਅਨੁਸਾਰ –

**What was latent in Guru Nanak**
**That was patent in Guru Gobind Singh**

ਪ੍ਰਸਿੱਧ ਵਿਦਵਾਨ ਡਾ. ਗੋਕਲ ਚੰਦ ਨਾਰੰਗ 'ਦੀ ਟਰਾਂਸਫਰਮੇਸ਼ਨ ਆਫ ਸਿਖਿਜਮ' ਵਿਚ ਲਿਖਦੇ ਹਨ, 'ਜਿਸ ਦਰਖਤ ਨੇ ਗੁਰੂ ਗੋਬਿੰਦ ਸਿੰਘ ਜੀ ਵੇਲੇ ਫਲ ਦਿੱਤਾ, ਉਸਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਬਾਕੀ ਅੱਠ ਗੁਰੂ ਸਾਹਿਬਾਨ ਨੇ ਉਸਨੂੰ ਸਿੰਜਿਆ ਸੀ। ਜਿਹੜੀ ਕਿਰਪਾਨ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦਿੱਤੀ, ਉਸਦਾ ਫੌਲਾਦ ਗੁਰੂ ਨਾਨਕ ਦੇਵ ਜੀ ਨੇ ਤਿਆਰ ਕੀਤਾ।'

ਜਸਵਿੰਦਰ ਸਿੰਘ ਰੁਪਾਲ
9814715796



4. **ਖਾਲਸੇ ਦਾ ਰੂਹਾਨੀ ਨਿਆਰਾਪਣ**:- ਖਾਲਸਾ ਹੋਰ ਧਰਮਾਂ ਜਾਂ ਮੱਤਾਂ ਵਾਂਗ ਤਪ ਕਰਨ, ਸਰੀਰਕ ਕਸ਼ਟ ਝੱਲਣ, ਸਮਾਧੀਆਂ ਲਗਾਉਣ, ਜੰਗਲਾਂ ਵਿਚ ਜਾਣ ਅਤੇ ਜਪ ਤਪ ਦੇ ਹੋਰ ਕਿੰਨੇ ਹੀ ਕਰਮ ਕਾਂਡ ਕਰਨ ਵਿਚ ਬਿਲਕੁਲ ਵੀ ਵਿਸ਼ਵਾਸ ਨਹੀਂ ਰੱਖਦਾ। ਉਸ ਨੂੰ ਇਹੀ ਸਿੱਖਿਆ ਦਿੱਤੀ ਗਈ ਹੈ ਕਿ ਉਹ ਆਪਣੇ ਦੁਨਿਆਵੀ ਕਿਰਤ ਕਰਦਿਆਂ ਹੋਇਆਂ ਹਰ ਵੇਲੇ ਪ੍ਰਮਾਤਮਾ ਨੂੰ ਯਾਦ ਰੱਖੇ। ਇਹੀ ਉਸਦਾ ਜਪ ਤਪ ਹੈ। ਪ੍ਰਭੂ ਨੂੰ ਹਰ ਸਮੇਂ ਯਾਦ ਰੱਖਣ ਨਾਲ ਪਹਿਲੀ ਗੱਲ ਉਹ ਵਿਕਾਰਾਂ ਤੋਂ ਬਚ ਜਾਏਗਾ, ਦੂਸਰੇ ਪ੍ਰਭੂ ਨਾਲ ਪ੍ਰੀਤ ਗੂੜ੍ਹੀ ਹੋਏਗੀ।

**ਜਾਗਤਿ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਮਾਨੈ ।।**
**ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ।।**
**ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨ ਏਕ ਪਛਾਨੈ ।।**
**ਪੂਰਨ ਜੋਤਿ ਜਗੈ ਘਟ ਮਹਿ ਤਬ ਖਾਲਸ ਤਾਹਿ ਨਖਾਲਸ ਜਾਨੈ॥ (ਤੇਤੀ ਸਵਯੇ, ਸ੍ਰੀ ਮੁਖਵਾਕ ਪਾਤਿਸ਼ਾਹੀ ੧੦)**

5. **ਆਚਰਣ ਅਤੇ ਜੀਵਨ-ਸ਼ੈਲੀ ਵਿੱਚ ਨਿਆਰਾਪਣ** :- ਖਾਲਸਾ ਇੱਕ ਉੱਚ ਕਿਰਦਾਰ ਵਾਲਾ ਵਿਅਕਤੀ ਹੈ। ਉਸਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਉਹ ਉਮਰ ਅਨੁਸਾਰ ਪਰਾਈ ਔਰਤ ਨੂੰ ਆਪਣੀ ਮਾਂ, ਭੈਣ ਜਾਂ ਧੀ ਸਮਝੇ। ਉਸਨੇ ਆਪਣੇ ਆਪ ਨੂੰ ਪੰਜ ਮੁੱਖ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਦੂਰ ਰੱਖਣਾ ਹੈ। ਉਸ ਵਿੱਚ ਸੱਚਾਈ, ਧਰਮ,ਦਇਆ, ਨਿਮਰਤਾ, ਸਹਿਣਸ਼ੀਲਤਾ, ਧੀਰਜ, ਬਹਾਦਰੀ ਆਦਿ ਵਰਗੇ ਗੁਣ ਹੋਣੇ ਜਰੂਰੀ ਹਨ। ਉਸਦੀ ਜੀਵਨ ਸ਼ੈਲੀ ਅਜਿਹੀ ਹੈ ਜਿਸ ਵਿਚ ਉਹ ਸਰੀਰਕ ਤੌਰ 'ਤੇ ਤੰਦਰੁਸਤ, ਮਾਨਸਿਕ ਰੂਪ ਵਿੱਚ ਚੜ੍ਹਦੀ ਕਲਾ ਵਾਲਾ ਜਿੰਦਦਿਲ ਇਨਸਾਨ ਹੈ। ਪੰਜ ਕਕਾਰੀ ਰਹਿਤ ਉਸਨੂੰ ਇਹਨਾਂ ਗੁਣਾਂ ਦਾ ਧਾਰਨੀ ਬਣਾਉਣ ਵਿੱਚ ਸਹਾਇਕ ਹੈ। ਉਸਦਾ ਖਾਣ ਪੀਣ, ਉਸਦਾ ਪਹਿਰਾਵਾ, ਉਸਦਾ ਜੀਵਨ ਢੰਗ ਬਹੁਤ ਹੀ ਸਾਦਾ, ਖੁੱਲ੍ਹਾ ਡੁੱਲ੍ਹਾ, ਬਿਨਾਂ ਕਿਸੇ ਦਿਖਾਵੇ ਵਾਲਾ ਹੋਣ ਕਰਕੇ ਸਾਰੇ ਸੰਸਾਰ ਵਿੱਚ ਨਿਆਰੀ ਹੋਂਦ ਰੱਖਦਾ ਹੈ। ਉਸਫੀ ਦਸਤਾਰ, ਕੇਸ, ਅਤੇ ਪੰਜ ਕਕਾਰੀ ਰਹਿਤ ਉਸਨੂੰ ਵਿਸ਼ਵ ਵਿੱਚ ਇੱਕ ਵਿਲੱਖਣ ਪਹਿਚਾਣ ਦਿੰਦੇ ਹਨ, ਜਿਸ ਤੇ ਉਹ ਮਾਣ ਵੀ ਕਰਦਾ ਹੈ ਅਤੇ ਇਸਨੂੰ ਕਾਇਮ ਰੱਖਣ ਖਾਤਰ ਹਰ ਤਰਾਂ ਦਾ ਸੰਘਰਸ਼ ਵੀ ਕਰਦਾ ਰਿਹਾ ਹੈ। ਉਹ ਨਸ਼ਿਆਂ ਅਤੇ ਫੈਸ਼ਨ ਤੋਂ ਦੂਰ ਹੈ ਅਤੇ ਦੂਜਿਆਂ ਲਈ ਆਪਣੀ ਜਾਨ ਤੱਕ ਵੀ ਕੁਰਬਾਨ ਕਰਨ ਵਾਲਾ ਹੈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਦੱਸੀ ਗਈ ਰਹਿਤ, ਜਿਹੜੀ ਵੱਖ ਵੱਖ ਸਮੇਂ ਸਮਕਾਲੀ ਸਿੱਖਾਂ ਨੇ ਰਹਿਤਨਾਮਿਆਂ ਵਿੱਚ ਵੀ ਦਰਜ ਕੀਤੀ, ਉਸ ਵਿੱਚ ਵੀ ਰਹਿਣੀ ਤੇ ਬਹੁਤ ਜੋਰ ਦਿੱਤਾ ਗਿਆ ਹੈ। ਉਹ ਅੰਦਰੂਨੀ ਅਤੇ ਬਾਹਰਲੀ ਦੋਵੇਂ ਰਹਿਤ ਦਾ ਮੇਲ ਹੈ।

**ਰਹਿਣੀ ਰਹੈ ਸੋਈ ਸਿੱਖ ਮੇਰਾ॥**
**ਉਹ ਸਾਹਿਬ ਮੈਂ ਉਸਕਾ ਚੇਰਾ॥**
**(ਰਹਿਤਨਾਮਾ ਭਾਈ ਦੇਸਾ ਸਿੰਘ ਜੀ)**

6. **ਸਮਾਜਿਕ ਅਤੇ ਸਿਆਸੀ ਨਿਆਰਾਪਣ** :- ਸਮਾਜਿਕ ਪੱਖ ਵਿੱਚ ਖਾਲਸਾ ਸਮਦ੍ਰਿਸ਼ਟੀ ਵਾਲਾ ਅਤੇ ਬ੍ਰਹਿਮੰਡੀ ਪ੍ਰੇਮ ਰੱਖਣ ਵਾਲਾ ਹੈ। ਉਹ ਜਾਤ ਪਾਤ, ਮਜ਼੍ਹਬ, ਭਾਸ਼ਾ, ਇਲਾਕੇ ਆਦਿ ਦੇ ਵਿਤਕਰੇ ਵਿੱਚ ਨਹੀਂ ਪੈਂਦਾ। ਸਾਰਿਆਂ ਵਿੱਚ ਇੱਕ ਜੋਤ ਪਹਿਚਾਣਦਾ ਹੈ। ਇਸਤਰੀ ਨੂੰ ਬਰਾਬਰ ਦਾ ਮਾਣ ਸਤਿਕਾਰ ਦਿੰਦਾ ਹੈ। ਸਿਆਸੀ ਤੌਰ 'ਤੇ ਉਹ ਨਿਆਂ ਪਸੰਦ ਹੈ। ਉਸਨੂੰ ਗੁਰੂ ਜੀ ਨੇ ਨਿਰਭਉ ਅਤੇ ਨਿਰਵੈਰ ਰਹਿਣ ਦੀ ਜਾਚ ਸਿਖਾਈ ਹੈ। ਇਸ ਲਈ ਜਿੱਥੇ ਉਹ ਹਾਕਮਾਂ ਤੋਂ ਡਰਨ ਵਾਲਾ ਨਹੀਂ, ਸਗੋਂ ਉਹਨਾਂ ਦੀਆਂ ਗਲਤੀਆਂ ਤੋਂ ਟੋਕਣ ਵਾਲਾ ਹੈ। ਉੱਥੇ ਉਹ ਮਜਲੂਮ ਅਤੇ ਲਿਤਾੜੇ ਵਰਗ ਦੇ ਹੱਕ ਵਿਚ ਖੜ੍ਹਨ ਵਾਲਾ ਹੈ। ਜ਼ੁਲਮ ਨੂੰ ਰੋਕਣ ਖਾਤਰ ਉਹ ਆਪਣੀ ਕਿਰਪਾਨ ਵਰਤਣ ਤੋਂ ਵੀ ਸੰਕੋਚ ਨਹੀਂ ਕਰਦਾ। ਉਸਦੀ ਕਿਰਪਾਨ ਸਿਰਫ ਜ਼ੁਲਮ ਰੋਕਣ ਲਈ ਹੈ, ਕਿਸੇ ਵੀ ਤਰਾਂ ਦਾ ਰੋਹਬ ਜਾਂ ਡਰ ਪਾਉਣ ਲਈ ਨਹੀਂ ਹੈ। ਨਾ ਉਹ ਕਿਸੇ ਤਰ੍ਹਾਂ ਦਾ ਵਹਿਮ ਹੀ ਕਰਦਾ ਹੈ ਅਤੇ ਨਾ ਕਿਸੇ ਖਾਸ ਭੇਖ ਵਿਚ ਵਿਸ਼ਵਾਸ ਕਰਦਾ ਹੈ।

**ਖਾਲਸਾ ਖਾਸ ਕਹਾਵੈ ਸੋਈ॥**
**ਜਾ ਕੈ ਹਿਰਦੈ ਭਰਮ ਨਾ ਹੋਈ॥**

**ਭਰਮ ਭੇਖ ਤੇ ਰਹੈ ਨਿਆਰਾ॥**
**ਸੋ ਖਾਲਸਾ ਸਤਿਗੁਰੂ ਹਮਾਰਾ॥**
**(ਸ੍ਰੀ ਗੁਰੂ ਸੋਭਾ ਕ੍ਰਿਤ ਸੈਨਾਪਤਿ)**

**7. ਗੁਰਮਤਿ ਦੇ ਨਿਆਰੇ ਸਿਧਾਂਤਾਂ ਦਾ ਪਹਿਰੇਦਾਰ :-** ਗੁਰਮਤਿ ਦੇ ਸਿਧਾਂਤ ਸ਼ੁਰੂ ਤੋਂ ਹੀ ਬਾਕੀ ਧਰਮਾਂ ਨਾਲੋਂ ਨਿਆਰੇ ਹਨ। ਖਾਲਸੇ ਨੇ ਉਨ੍ਹਾਂ ਸਿਧਾਂਤਾਂ ਤੇ ਡਟ ਕੇ ਪਹਿਰਾ ਦੇਣਾ ਹੈ। ਉਸ ਵਿੱਚ ਉਸ ਵੇਲੇ ਦੇ ਚਾਰੇ ਵਰਣਾਂ ਦੇ ਕਹੇ ਜਾਂਦੇ ਕੰਮ ਸ਼ਾਮਲ ਹਨ। ਉਹ ਬ੍ਰਾਹਮਣਾਂ ਵਾਂਗ ਪੜ੍ਹਨ ਪੜ੍ਹਾਉਣ ਵਾਲਾ ਵੀ ਹੈ। ਸ਼ਬਦ ਗੁਰੂ ਉਸਦਾ ਪ੍ਰਮੁੱਖ ਸਿਧਾਂਤ ਅਤੇ ਜੀਵਨ ਆਸਰਾ ਹੈ। ਖਤ੍ਰੀਆਂ ਵਾਂਗ ਦੁਸ਼ਮਣ ਤੋਂ ਰੱਖਿਆ ਕਰਨ ਲਈ ਤੇਗ ਵਾਹੁਣਾ ਵੀ ਜਾਣਦਾ ਹੈ। ਸ਼ਸ਼ਤਰ ਉਹ ਹਮੇਸ਼ਾ ਧਾਰਨ ਕਰਦਾ ਹੈ ਅਤੇ ਲੋੜ ਪੈਣ ਤੇ ਮਜਲੂਮ ਦੀ ਰਾਖੀ ਲਈ ਇਸਦੀ ਵਰਤੋਂ ਵੀ ਕਰਦਾ ਹੈ। ਵੈਸ਼ ਵਾਂਗ ਉਹ ਆਰਥਿਕ ਪੱਖ ਵਿੱਚ ਵੀ ਮਜਬੂਤ ਹੈ। ਉਹ ਇੱਕ ਸਫਲ ਕਿਰਤੀ ਹੈ। ਅਤੇ ਸ਼ੂਦਰ ਵਾਂਗ ਸੇਵਾ ਕਰਨ ਵਿੱਚ ਵੀ ਉਹ ਸਭ ਤੋਂ ਮੋਹਰੀ ਹੈ। ਉਸ ਵਿੱਚ ਸਾਰੇ ਵਰਣਾਂ ਦੇ ਲੱਛਣ ਹੋਣ ਕਾਰਨ ਉਹ ਕਿਸੇ ਵੀ ਇੱਕ ਵਰਣ ਵਾਲਾ ਨਹੀਂ, ਸਗੋਂ ਸਾਰਿਆਂ ਦਾ ਸਾਂਝਾ ਹੈ। ਗੁਰਮਤਿ ਸਿਧਾਂਤ ਸੇਵਾ, ਸਿਮਰਨ ਉਹ ਹਮੇਸ਼ਾ ਖੁਸ਼ੀ ਨਾਲ ਮੰਨਦਾ ਹੈ। ਸ਼ਬਦ ਨੂੰ ਆਪਣਾ ਗੁਰੂ ਮੰਨਣ ਕਾਰਨ, ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਦੇਹਧਾਰੀ ਗੁਰੂ ਨੂੰ ਉਹ ਨਹੀਂ ਮੰਨਦਾ। ਸੰਕਟ ਸਮੇਂ ਵੀ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਇਹ ਦੈਵੀ ਪੁਰਸ਼ ਦੂਜਿਆਂ ਦੀ ਹਰ ਸੰਕਟ ਸਮੇਂ ਅੱਗੇ ਹੋ ਕੇ ਮੱਦਦ ਕਰਦਾ ਹੈ। ਇਹ ਮੱਦਦ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ, ਖਾਲਸੇ ਨੇ ਕਦੇ ਪਿੱਠ ਨਹੀਂ ਦਿਖਾਈ।

**8. ਅੰਤਰਰਾਸ਼ਟਰੀ ਪੱਧਰ ਤੇ ਨਿਆਰਾਪਣ:-** ਅੰਤਰਰਾਸ਼ਟਰੀ ਪੱਧਰ ਤੇ ਉਹ ਆਪਣੇ ਕਿਰਦਾਰ ਦਾ ਲੋਹਾ ਮਨਾਉਣ ਵਿੱਚ ਕਾਮਯਾਬ ਰਿਹਾ ਹੈ। ਵੱਖ-ਵੱਖ ਦੇਸ਼ਾਂ ਵਿੱਚ ਬਣੇ ਹੋਏ ਗੁਰਦੁਆਰਿਆਂ ਦੇ ਝੂਲਦੇ ਨਿਸ਼ਾਨ ਸਾਹਿਬ ਅੱਜ ਵੀ ਹਰ ਲੋੜਵੰਦ ਨੂੰ ਲੰਗਰ, ਕੱਪੜਾ, ਰਹਿਣ ਲਈ ਸਥਾਨ ਅਤੇ ਹੋਰ ਹਰ ਤਰਾਂ ਦੀ ਮੱਦਦ ਦੇਣ ਦਾ ਭਰੋਸਾ ਦਿਵਾਉਂਦੇ ਹਨ। ਵੱਖ ਵੱਖ ਸਮੇਂ ਆਏ ਹੋਏ ਵੱਖ ਵੱਖ ਸੰਕਟ ਜਿਵੇਂ ਹੜ੍ਹ, ਭੂਚਾਲ, ਮਹਾਂਮਾਰੀ, ਆਦਿ ਸਮੇਂ ਖਾਲਸੇ ਨੇ ਦੁਖੀ ਅਤੇ ਪੀੜਿਤ ਲੋਕਾਂ ਦੀ ਹਰ ਤਰਾਂ ਦੀ ਮੱਦਦ ਕਰਕੇ ਆਪਣੇ ਨਿਆਰੇਪਣ ਨੂੰ ਕਾਇਮ ਰੱਖਿਆ ਹੈ ਜਿਸ ਦੀ ਗੂੰਜ ਯੂ.ਐਨ.ਓ. ਤੱਕ ਵੀ ਪਹੁੰਚੀ ਹੈ।

**9. ਬੁਰੇ ਲੋਕਾਂ ਨਾਲ ਵਿਵਹਾਰ :-** ਵਿਦਵਾਨਾਂ ਨੇ ਤਿੰਨ ਤਰਾਂ ਦੇ ਬੁਰੇ ਲੋਕ ਮੰਨੇ ਹਨ। ਪਹਿਲੇ ਖਲ, ਜੋ ਕਿਸੇ ਖਾਸ ਸਮੇਂ ਜਾਂ ਖਾਸ ਸਥਿਤੀ ਵਿੱਚ ਬੁਰੇ ਹੋਣ, ਦੂਸਰੀ ਤਰ੍ਹਾਂ ਦੇ ਲੋਕਾਂ ਜਿਹੜੇ ਕਿਸੇ ਮੱਤਭੇਦ ਕਰਕੇ ਵਿਰੋਧੀ ਵਤੀਰਾ ਰੱਖਦੇ ਹਨ। ਜਿਵੇਂ ਕਿਸੇ ਇੱਕ ਵਾਦ ਵਾਲੇ ਦੂਜੇ ਦੇ ਵਿਰੋਧੀ ਹੋ ਜਾਣ। ਤੀਸਰੀ ਸ੍ਰੇਣੀ ਲਈ ਦੁਸ਼ਟ ਸ਼ਬਦ ਹੈ ਇਹ ਉਨ੍ਹਾਂ ਲੋਕਾਂ ਲਈ ਹੈ ਜਿਹੜੇ ਆਪਣੇ ਸੁਭਾਅ ਕਰਕੇ ਹੀ ਮਾੜੇ ਹਨ। ਇਨ੍ਹਾਂ ਤੋਂ ਕਿਸੇ ਚੰਗੇ ਦੀ ਆਸ ਨਹੀਂ ਰੱਖੀ ਜਾ ਸਕਦੀ। ਪਰ ਪ੍ਰਭੂ ਪਿਤਾ ਦਾ ਖਾਲਸਾ ਇਹਨਾਂ ਨਾਲ ਕਿਵੇਂ ਨਜਿੱਠਦਾ ਹੈ-

**ਖਲ ਖੰਡਨ ਹੈ।**
**ਅਰਿ ਘਾਲਯ ਹੈ।**
**ਦੁਸ਼ਟ ਭੰਜਨ ਹੈ। (ਜਾਪੁ ਸਾਹਿਬ )**

ਖਾਲਸਾ ਕਿਉਂਕਿ ਅਕਾਲ ਪੁਰਖ ਦੀ ਫੌਜ ਹੈ, ਇਸ ਲਈ ਉਹ ਹਰ ਬੁਰੇ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ। ਪਰ ਉਹ ਖੁਦ ਕਿਸੇ ਨਾਲ ਵੈਰ ਬਿਲਕੁਲ ਨਹੀਂ ਰੱਖਦਾ। ਉਸਦੀ ਜੰਗ ਤਾਂ ਬੁਰਾਈ ਨਾਲ ਹੈ, ਬੁਰੇ ਨਾਲ ਨਹੀਂ।

**ਅਜੋਕੀ ਦਸ਼ਾ ਅਤੇ ਖਾਲਸਾ :-** ਬਹੁਤ ਦੁੱਖ ਹੁੰਦਾ ਹੈ ਜਦੋਂ ਅਜੋਕੇ ਖਾਲਸੇ ਦਾ ਹਾਲ ਦੇਖਦੇ ਹਾਂ। ਉਹ ਗੁਰਬਾਣੀ ਸਿਧਾਂਤਾਂ ਤੋਂ ਬਹੁਤ ਪਿੱਛੇ ਰਹਿ ਗਿਆ ਹੈ। ਦੇਹਧਾਰੀ ਬਾਬਿਆਂ ਦੇ ਦਰਾਂ ਤੇ ਮੱਥੇ ਟੇਕਦਾ ਫਿਰਦਾ ਹੈ ਅਤੇ ਅਜਿਹੇ ਸਾਰੇ ਕਰਮ ਕਾਂਡ ਕਰਦਾ ਨਜ਼ਰ ਆ ਰਿਹਾ ਹੈ ਜਿਸ ਨੂੰ ਗੁਰਬਾਣੀ ਵਿੱਚ ਵੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮਨ੍ਹਾ ਕੀਤਾ ਹੈ। ਉਸ ਵਿਚ ਧੀਰਜ, ਖਿਮਾ, ਮਿੱਠਤ ਅਤੇ ਸਹਿਣਸ਼ੀਲਤਾ ਨਜਰ ਨਹੀਂ ਆ ਰਹੇ। ਗੁਰੂ ਗੋਬਿੰਦ ਸਿੰਘ ਜੀ ਨੇ ਬਿਪਰਨ ਕੀ ਰੀਤ ਤੋਂ ਵਰਜਿਆ ਸੀ ਅਤੇ ਭਰਮ ਭੇਖ ਤੋਂ ਦੂਰ ਰਹਿਣ ਵਾਲੇ ਖਾਲਸੇ ਨੂੰ ਆਪਣਾ ਸਤਿਗੁਰ ਆਖਿਆ ਸੀ। ਪਰ ਅਜੋਕਾ ਖਾਲਸਾ ਕੁਝ ਕਰਮ ਕਾਂਡਾਂ ਨੂੰ ਹੀ ਸਿੱਖੀ ਸਮਝ ਬੈਠਾ ਹੈ। ਸ਼ਕਤੀ ਦੀ ਵਰਤੋਂ ਉਦੋਂ ਜਾਇਜ਼ ਕਿਹਾ ਸੀ, ਜਦੋਂ ਸਾਰੇ ਉਪਾਅ ਅਸਫਲ ਹੋ ਜਾਣ। ਪਰ ਆਧੁਨਿਕ ਖਾਲਸਾ ਸੰਵਾਦ ਨੂੰ ਭੁੱਲ ਕੇ ਵਿਵਾਦ ਵੱਲ ਪੈ ਗਿਆ ਹੈ ਅਤੇ ਬਹੁਤ ਹੀ ਛੋਟੀ ਜਿਹੀ ਗੱਲ ਤੇ ਕਿਰਪਾਨ ਕੱਢ ਲੈਂਦਾ ਹੈ। ਸਾਡੀਆਂ ਸੰਸਥਾਵਾਂ, ਪ੍ਰਚਾਰਕ, ਕੀਰਤਨੀਏ, ਸੰਤ ਬਾਬੇ, ਸਿਆਸੀ ਲੋਕ, ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਤੱਕ ਵੀ ਇਸ ਖਾਲਸੇ ਨੂੰ ਇੱਕ ਰੱਖ ਸਕਣ ਵਿਚ ਬੇਬਸ ਦਿਖਾਈ ਦੇ ਰਹੇ ਹਨ। ਵੱਡਾ ਅਤੇ ਮੁੱਖ ਕਾਰਨ ਇੱਕੋ ਹੈ, ਗੁਰਬਾਣੀ ਤੋਂ ਦੂਰ ਹੋ ਜਾਣਾ। ਜਿੰਨੀ ਦੇਰ ਗੁਰਬਾਣੀ ਦਾ ਭੈਅ ਅਤੇ ਸਤਿਕਾਰ ਰਹੇਗਾ, ਖਾਲਸਾ ਥਿੜਕ ਨਹੀਂ ਸਕਦਾ। ਅੱਜ ਵੀ ਗੁਰੂ ਕਿਰਪਾ ਸਦਕਾ ਕੁਝ ਖਾਲਸੇ ਅਜਿਹੇ ਹਨ, ਜਿਹਨਾਂ ਨੇ ਅਸਲ ਵਿੱਚ ਗੁਰਬਾਣੀ ਅਨੁਸਾਰ ਆਪਣੀ ਜ਼ਿੰਦਗੀ ਨੂੰ ਜਿਊਣ ਦਾ ਸੰਕਲਪ ਰੱਖਿਆ ਹੋਇਆ ਹੈ। ਉਹਨਾਂ ਤੇ ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ ਅਤੇ ਕਲਾ ਵਰਤਦੀ ਵੀ ਹੈ। ਕਿਉਂਕਿ ਇਹੀ ਗੁਰੂ ਆਸ਼ਾ ਹੈ

**ਗੁਰਸਿਖਾ ਅੰਦਰ ਸਤਿਗੁਰੁ ਵਰਤੈ ਚੁਣਿ ਕਢੈ ਲਧੋਵਾਰੇ॥**
**(ਪੰਨਾ ੩੧੨, ਸਲੋਕ ਮਹਲਾ ੪)**

ਇਹੀ ਗੱਲ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਖੀ ਸੀ

**ਜਬ ਲਗ ਰਹੇ ਖਾਲਸਾ ਨਿਆਰਾ।**
**ਤਬ ਲਗੁ ਤੇਜ ਦੀਓ ਮੈਂ ਸਾਰਾ।**
**ਜਬ ਇਹ ਗਹੈ ਬਿਪਰਨ ਕੀ ਰੀਤ।**
**ਮੈਂ ਨ ਕਰੂੰ ਇਨਕੀ ਪਰਤੀਤ॥**
**(ਸਰਬ ਲੋਹ ਗ੍ਰੰਥ)**

ਪਾਤਸ਼ਾਹ ਬਖਸ਼ਿਸ਼ ਕਰਨ, ਅਸੀਂ ਗੁਰਬਾਣੀ ਨਾਲ ਜੁੜ ਸਕੀਏ, ਖਾਲਸਾ ਦੇ ਅਸਲ ਅਰਥ ਸਮਝ ਸਕੀਏ ਅਤੇ ਗੁਰੂ ਸਾਹਿਬ ਜੀ ਦੇ ਦੱਸੇ ਅਨੁਸਾਰ ਆਪਣਾ ਜੀਵਨ ਬਣਾ ਸਕੀਏ।



# ਵੈਸਾਖੀ-ਖਾਲਸਾ ਸਾਜਨਾ ਦਿਵਸ



ਵਿਸਾਖੀ ਵਿਸਾਖ ਮਹੀਨੇ ਦਾ ਪਹਿਲਾ ਦਿਨ ਹੈ। ਇਸ ਸਮੇਂ ਮੌਸਮ ਵਿਚ ਤਬਦੀਲੀ ਆਉਂਦੀ ਹੈ। ਹਾੜ੍ਹੀ ਦੀ ਫਸਲ ਕਣਕ ਦੀਆਂ ਵਾਡੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੋਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿਚ ਝੂਮਦਾ ਹੈ। ਵਿਸਾਖੀ ਦੇ ਸਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵਿਸਾਖੀ ਦਾ ਦਿਨ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਿਆਂ ਵਿਚ ਵੀ ਮਨਾਇਆ ਜਾਂਦਾ ਹੈ ਜਿਥੇ ਵਿਸ਼ੇਸ਼ ਦੀਵਾਨ ਸੱਜਦੇ ਹਨ। ਅਖੰਡ ਪਾਠ, ਕਥਾ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ-ਦਰਬਾਰ ਅਤੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਹਨ। ਇਸ ਤਰ੍ਹਾਂ ਵਿਸਾਖੀ ਦੇ ਸਜੇ ਦੀਵਾਨਾਂ 'ਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਸਿੱਖ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸੰਨ 1699 ਦੀ ਵਿਸਾਖੀ ਦਾ ਦਿਹਾੜਾ ਸਿੱਖ ਪੰਥ ਵਿਚ ਇਕ ਮਹੱਤਵਪੂਰਨ ਦਿਵਸ ਹੈ। ਜਦੋਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦੇ ਭਾਰੀ ਇਕੱਠ ਵਿਚ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਉਦੋਂ ਇਕ ਪਾਸੇ ਅਮਨ ਪਸੰਦ ਸੰਤਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਹੋਏ ਲੋਕ ਸਨ। ਜਿਨ੍ਹਾਂ ਨੇ ਜਬਰੀ ਧਰਮ ਪ੍ਰੀਵਰਤਣ ਦੇ ਜ਼ੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜ਼ੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜਾਲਮ ਹਾਕਮ ਜਿਨ੍ਹਾਂ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਕੋਲ ਵੱਡੀ ਫੌਜੀ ਤਾਕਤ ਸੀ। ਗੁਰੂ ਜੀ ਨੇ ਜਨਤਾ ਵਿਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ ਤਾਂ ਹਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਜਿਸ ਨਾਲ ਆਪਣੀ ਦੱਬੀ-ਕੁਚਲੀ ਲਿਤਾੜੀ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਜੀ ਨੇ ਅਜਿਹਾ ਫੌਜੀ ਖਾਲਸਾ ਸਾਜਿਆ, ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤਾ। ਜਿਸ ਨੇ ਮੁਗ਼ਲ ਸਾਮਰਾਜ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਜੋਖਮਾਂ ਵਿਚੋਂ ਲੰਘ ਕੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ।

ਇਸ ਤਰ੍ਹਾਂ ਵਿਸਾਖੀ ਦੇ ਪਵਿੱਤਰ ਦਿਹਾੜੇ ਗੁਰੂ ਦੇ ਪਿਆਰੇ ਸਿੰਘਾਂ ਨੇ ਦੁਨਿਆਵੀ ਮੋਹ ਪਿਆਰ ਨੂੰ ਤਿਆਗ ਕੇ ਆਪਾ ਗੁਰੂ ਨਾਲ ਜੋੜਿਆ। ਅਕਾਲ ਪੁਰਖ ਦਾ ਪਿਆਰ ਹਾਸਲ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰਿ ਧਰਿ ਤਲੀ ਗਲੀ ਮੇਰੀ ਆਉ॥
ਅੰਗ 1412

ਗੁਰੂ ਜੀ ਨੇ ਪੰਜ ਪਿਆਰਿਆਂ ਦੀ ਚੋਣ ਵੱਖ-ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿਚ ਪਰੋ ਦਿੱਤਾ।

ਨੀਚੋਂ ਊਚ ਕਰੇ ਮੇਰਾ ਸੁਆਮੀ॥

ਦੇ ਪ੍ਰਵਚਨ ਨੂੰ ਪ੍ਰਤੱਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰੱਖੀ। ਗੁਰੂ ਜੀ ਨੇ "ਮੀਰੀ ਪੀਰੀ" ਦੇ ਸਿੱਖ ਸਿਧਾਂਤ ਨੂੰ ਦ੍ਰਿੜ ਕਰਵਾਇਆ। ਪੰਜ ਪਿਆਰਿਆਂ ਨੂੰ "ਖੰਡੇ ਬਾਟੇ" ਦੀ ਦਾਤ ਦੇ ਕੇ ਗੁਰੂ ਸਾਹਿਬ ਜੀ ਨੇ ਖ਼ੁਦ ਆਪਣੇ ਹੀ ਸਜਾਏ ਸਿੰਘ ਤੋਂ ਅੰਮ੍ਰਿਤ ਦੀ ਦਾਤ ਲੈ ਕੇ ਗੁਰ ਚੇਲੇ ਦਾ ਅਭੇਦ ਮਿਟਾਇਆ। ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਦਾ ਨਾਉਂ ਪ੍ਰਾਪਤ ਕਰਕੇ ਕੌਮ ਦੀ ਅਗਵਾਈ ਕਰਨ ਲਈ ਪੰਥ ਦੇ ਪਾਬੰਦ ਬਣੇ। ਗੁਰੂ ਅਤੇ ਸਿੰਘਾਂ ਨੂੰ ਗੁਰੂ ਪੰਥ ਦੇ ਸੰਕਲਪਿਤ ਸਿਧਾਂਤ ਨਾਲ ਜੋੜਿਆ। ਭਾਈ ਗੁਰਦਾਸ ਜੀ ਅਨੁਸਾਰ :

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ।

ਗੁਰੂ ਸਾਹਿਬ ਨੇ ਗੁਰੂ ਅਤੇ ਖਾਲਸੇ ਦੇ ਸਿੱਧੇ ਸਬੰਧਾਂ ਨੂੰ ਹੋਰ ਵੀ ਹਲੀਮੀ ਭਾਵ ਵਿਚ ਕਿਹਾ ਕਿ

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ॥
ਨਹੀ ਮੋ ਸੋ ਗਰੀਬ ਕਰੋਰ ਪਰੈ॥

ਸਮੁੱਚੀ ਮਾਨਵਤੇ ਦੇ ਭਲੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂਵਿਚ ਆਤਮ ਬਲ ਅਤੇ ਸਵੈ ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਮਲੀ ਰੂਪ ਦਿੱਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿੱਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਜ ਵਿਚੋਂ ਦੁੱਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜੁਲਮ ਖਿਲਾਫ਼ ਲੜਨ। ਜੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ :

ਅਸੁਰ ਸਿੰਘਾਰ ਬੇ ਕੋ ਦੁਰਜਸ ਕੋ ਮਾਰ ਬੋ ਕੋ।
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੋ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ। ਨੀਵੀਆਂ ਜਾਤਾਂ ਦੇ ਨਿਕੰਮੇ ਸਮਝਦੇ ਜਾਂਦੇ ਸਨ, ਉਨ੍ਹਾਂ ਵਿਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿੱਤੀ।

ਸੀ ਅਸਿਪਾਨਜ਼ ਤਬੈ ਕਹਾਉਂ
ਚਿੜੀਆਂ ਤੋਂ ਜਬ ਬਾਜ਼ ਤੁੜਾਉਂ
ਜਾਂ
ਸਵਾ ਲਾਖ ਸੇ ਏਕੁ ਲੜਾਉਂ
ਤਬੈ ਗੋਬਿੰਦ ਸਿੰਘ ਨਾਮੁ ਕਹਾਉਂ

ਲਘੁ ਜਾਤਨ ਕੋ ਬਡਪਨ ਦੇ ਹੈਂ

ਇਸਹੀ ਗਰੀਬ ਸਿੰਘਨ ਕੋ ਦੇਉ ਪਾਤਿਸਾਹੀ।
ਯੇ ਯਾਦ ਕਰੇਂ ਹਮਰੀ ਗੁਰਅਈ
ਜੀਵਤ ਰਹੇਂ ਤੋਂ ਰਾਜ਼ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ।

ਗੁਰੂ ਪਾਤਿਸ਼ਾਹ ਨੇ ਇਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜਾਂ, ਝੂਠੇ ਕਰਮਕਾਡਾਂ, ਵੰਡੀਆਂ, ਮਨੂੰ ਸ਼ਾਸਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿੱਤਾ। ਖਾਲਸਾ ਕੇਵਲ ਇਕ ਸਰਬ ਸ਼ਕਤੀਮਾਨ, ਸ੍ਰਿਸ਼ਟੀ ਦੇ ਸਜਨਹਾਰ, ਪਾਲਣਹਾਰ ਪ੍ਰਮੇਸਰ ੧ਓ 'ਤੇ ਹੀ ਵਿਸ਼ਵਾਸ ਰੱਖੇਗਾ। ਇਕ ਅਕਾਲ ਪੁਰਖ ਦੀ ਸਿਫਤ-ਸਾਲਾਹ ਕਰੇਗਾ। ਖਲਸਾ ਵਾਹਿਗੁਰੂ ਦਾ ਹੈ ਅਤੇ ਫਤਹਿ ਵੀ ਅਕਾਲਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲ ਹੀਣ ਨਹੀਂ ਹਨ, ਸਗੋਂ ਉਨ੍ਹਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਾਣਨ ਦੀ ਲੋੜ ਹੈ। ਜੋ ਚੜ੍ਹਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ ਉਹ ਪ੍ਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਵੀ ਮੰਨਦਾ। ਪ੍ਰਮਾਤਮਾ ਦੀ ਆਸਥਾ ਵਿਚ ਗੁਰ ਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾ, ਵਹਿਮਾਂ ਭਰਮ, ਪਾਖੰਡਾਂ ਦਾ ਵਿਰੋਧ ਕਰਦਾ ਹੈ। ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀ ਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਪ੍ਰਾਲਭਤ ਪ੍ਰਾਪਤ ਹੋਈ, ਮਾਇਆ ਆਈ ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿਦਿਆ ਵਿਚ ਉਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜ੍ਹੇ ਹੋਏ। ਕਹਿਣੀ ਅਤੇ ਕਥਨੀ ਵਿਚ ਖਾਲਸਾ ਪੱਕਾ ਹੋਵੇ। ਮਨ ਵਿਚ ਹੋਰ ਮੁੱਖ ਵਿਚ ਹੋਰ ਨਾ ਹੋਵੇ।

ਸੱਚਾਈ ਤੇ ਚਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ-ਗਿਆਨ ਨਾਲ ਜੋੜਿਆ। ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਰੱਬ ਨਾਲ ਸਿੱਧਾ ਰਾਬਤਾ ਬਣਾਵੇ। ਖਾਲਸੇ ਨੂੰ ਮੁਕਤੀ ਦਾ ਅਧਿਕਾਰੀ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਤੋਂ ਬਚਾ ਕੇ, ਸ਼ਕਤੀ ਦੇ ਕੇ ਜ਼ੋਰਾਵਰ ਬਣਾ ਦਿੱਤਾ।

ਅੰਤਿਕਾ : ਗੁਰੂ ਜੀ ਦਾ ਉਤਮ ਉਪਦੇਸ਼ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਾਜਨੀਤਕ ਅਤੇ ਵਿਵਹਾਰ ਵਿਚ ਸੂਝਵਾਨ ਬਣੇ।

"ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਯੋ ਗ੍ਰੰਥ।


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377




## Experience the Charm of West Punjab, Pakistan

## Custom Yatra Trips by Gurdham Tours.

Discover West Punjab's Rich Sikh Spititual & Cultural Heritage





**Our Packages Offer:**

- Customizable Itenararies: 8 to 11 days
- Flexible Schedule: Anytime of Year
- Travellers from North America, Europe, UK and Australia are welcome!
- Small Groups: 2 to 20 people maximum (Bigger group upon request)
- Experienced Punjabi Tour Guides
- Luxury 3 to 5 Star Hotel Accommodation
- Visit to Ancestral Villages/Homes upon request
- Families with Children welcome
- Cost-effective options - no need to break the bank!

**Highlights:**

- Visit up-to 15 historic Gurdwaras.
- Explore Nankana Sahib, Kartarpur, Panja Sahib, and more Sikh holy sites.
- Additional Options: Dargah Sain Mian Mir, Baba Farid ji, Baba Bulley Shah, Waris Shah, and Banga (birth place of Bhagat Singh)
- Experience old and new Lahore city with dedicated tourism and shopping time.
- Discover the mesmerising blend of **Sikh and Pakistani Culture!**

ਕੂਕਾ ਅੰਦੋਲਨ ਦਾ ਵੀ ਵਿਸਾਖੀ ਨਾਲ ਗਹਿਰਾ ਸੰਬੰਧ ਹੈ। ਬਾਬਾ ਰਾਮ ਸਿੰਘ ਨਾਮਧਾਰੀ ਨੇ 1857 ਈ : ਵਿਸਾਖੀ ਵਾਲੇ ਦਿਨ ਸੁਧਾਰ ਲਹਿਰ ਦੀ ਸ਼ੁਰੂਆਤ ਕੀਤੀ ਸੀ। ਅੰਗਰੇਜ ਸਰਕਾਰ ਵਲੋਂ ਭਾਰਤੀਆਂ ਤੇ ਲਗਾਈਆਂ ਜਾ ਰਹੀਆਂ ਆਪਹੁਦਰੀਆਂ ਪਾਬੰਦੀਆਂ ਦਾ ਬਾਬਾ ਰਾਮ ਸਿੰਘ ਜੀ ਵੱਲੋਂ ਡਟ ਕੇ ਵਿਰੋਧ ਕੀਤਾ ਗਿਆ। ਸਾਲ 1860 ਦੀ ਵਿਸਾਖੀ ਨੂੰ ਬਾਬਾ ਰਾਮ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਤਾਂ ਉਹਨਾਂ ਨੇ ਅੰਗਰੇਜ ਹਕੂਮਤ ਦੇ ਧੱਕਿਆਂ ਦੇ ਵਿਰੋਧ ਵਿੱਚ ਬਗਾਵਤ ਕਰ ਦਿੱਤੀ ਤੇ ਇਸ ਤਰਾਂ ਕੂਕਾ ਅੰਦੋਲਨ ਸ਼ੁਰੂ ਹੋ ਗਿਆ। ਕੂਕਿਆਂ ਦੀ ਦਲੇਰੀ ਬਹਾਦਰੀ ਤੇ ਦੇਸ਼ਭਗਤੀ ਦੀ ਮਿਸਾਲ ਹੈ ਕਿ ਉਹ ਅੰਗਰੇਜ ਹਕੂਮਤ ਅਗੇ ਝੁਕੇ ਨਹੀਂ ਤੇ ਹੱਸ ਹੱਸ ਸ਼ਹਾਦਤ ਦਾ ਜਾਮ ਪੀ ਗਏ।

ਸੋ ਵਿਸਾਖੀ ਸੱਚੇ ਗੁਰਾਂ ਦੀ ਸੰਗਤ ਕਰਦਿਆਂ, ਆਪਣੇ ਅੰਦਰੋਂ ਔਗੁਣਾਂ ਨੂੰ ਵਿਸਾਰ ਕੇ ਸੱਚੇ ਗੁਣਾਂ ਨੂੰ ਧਾਰਨ ਕਰਕੇ ਮਨਾਉਣੀ ਚਾਹੀਦੀ ਹੈ। ਸੱਚੇ ਗੁਰੂ ਦੀ ਸੰਗਤ ਨਾਲ ਜੀਵਨ ਨੂੰ ਸਫਲ ਬਣਾਉਣਾ ਚਾਹੀਦਾ ਹੈ।

ਅੱਜ ਵਿਸਾਖੀ ਦੇ ਤਿਉਹਾਰ ਤੇ ਕਲਯੁਗੀ ਪ੍ਰਭਾਵ ਸਪਸ਼ਟ ਨਜਰ ਆਉਂਦਾ ਹੈ ਤੇ ਵਿਸਾਖੀ ਪੁਰਬ ਜਾਂ ਤਿਉਹਾਰ ਮੇਲਾ ਬਣ ਗਿਆ ਹੈ। ਲੋਕ ਸਜ ਧਜ ਕੇ ਆਪੋ ਆਪਣੇ ਇਲਾਕਿਆਂ ਅੰਦਰ ਦਰਿਆਵਾਂ, ਟੋਭਿਆਂ, ਤਾਲਾਬਾਂ ਕਿਨਾਰੇ, ਝਿੜੀ ਤੇ ਹੋਰਨਾਂ ਥਾਵਾਂ ਤੇ ਲਗਦੇ ਵਿਸਾਖੀ ਦਾ ਮੇਲਾ ਵੇਖਣ ਬੜੇ ਚਾਵਾਂ ਨਾਲ ਜਾਂਦੇ ਹਨ। ਹੁਣ ਵਿਸਾਖੀ ਮੇਲਿਆਂ ਵਿੱਚ ਖਾਣ ਪੀਣ, ਖ੍ਰੀਦੋ ਫਰੋਖਤ, ਆਸ਼ਕੀ, ਮੌਜ ਮਸਤੀ ਭਾਰੂ ਹੋ ਗਏ ਹਨ। ਨਸ਼ਿਆਂ ਵਿੱਚ ਗਲਤਾਨ ਗੱਭਰੂ ਲੜਾਈ ਝਗੜੇ ਕਰਦੇ ਵੀ ਆਮ ਵੇਖੇ ਜਾਂਦੇ ਹਨ। ਕਾਲ ਦੇ ਪ੍ਰਭਾਵ ਅੰਦਰ ਲੋਕ ਮੌਜ ਮਸਤੀਆਂ ਨੂੰ ਜਿਆਦਾ ਤਰਜੀਹ ਦੇ ਰਹੇ ਹਨ। ਖਾਣਾ ਪੀਣਾ, ਹੱਸਣਾ ਖੇਡਣਾ ਸਾਡੇ ਜੀਵਨ ਲਈ ਜਰੂਰੀ ਹੈ ਪਰ ਖਾਣ ਪੀਣ ਮੌਜ ਮਸਤੀਆਂ ਵਿੱਚ ਗੁਆਚ ਕੇ ਆਪਣੇ ਇਤਿਹਾਸ ਨੂੰ ਭੁੱਲ ਜਾਣਾ ਠੀਕ ਨਹੀਂ। ਸਾਡਾ ਇਤਿਹਾਸ ਅਮੋਲਕ ਗੌਰਵਮਈ ਹੈ, ਅਸੀਂ ਖੁਸ਼ਕਿਸਮਤ ਹਾਂ ਕਿ ਸਾਡੀ ਕੌਮ ਨੂੰ ਇੰਨਾਂ ਅਮੋਲਕ ਗੌਰਵਮਈ ਇਤਿਹਾਸ ਮਿਲਿਆ ਹੈ। ਖਾਲਸਾ ਦੁਨੀਆਂ ਅੰਦਰ ਲੱਖਾਂ ਵਿੱਚੋਂ ਪਹਿਚਾਣਿਆਂ ਜਾਂਦਾ ਹੈ। ਸਾਡੇ ਉਪਰ ਅਕਾਲ ਪੁਰਖ ਨੇ ਪੂਰਨ ਦਇਆ ਮਿਹਰ ਬਖਸ਼ਿਸ਼ ਕਰਕੇ ਮਨੁੱਖਾ ਜਨਮ ਬਖਸ਼ਿਸ਼ ਕੀਤਾ। ਆਓ ਇਸ ਮਹਾਨ ਪੁਰਬ ਤੇ ਔਗੁਣਾਂ ਦਾ ਤਿਆਗ ਕਰਦਿਆਂ ਸ਼ੁਭ ਗੁਣਾਂ ਨੂੰ ਅਪਣਾਈਏ। ਆਓ ਆਪਣੇ ਇਤਿਹਾਸ ਨਾਲ ਜੁੜ ਕੇ ਸੱਚੇ ਗੁਰੂ ਜੀ ਦੀ ਸ਼ਰਨ ਵਿੱਚ ਰਹਿੰਦਿਆਂ, ਗੁਰੂ ਜੀ ਦੇ ਉਪਦੇਸ਼ਾਂ ਨਾਲ ਵਿਸਾਖੀ ਮਨਾਈਏ। ਵਿਸਾਖੀ ਦਿਹਾੜੇ ਗੁਰੂਦੁਆਰੇ ਜਰੂਰ ਨਤਮਸਤਕ ਹੋਈਏ ਜਿੱਥੋਂ ਤਨ ਲਈ ਪੌਸ਼ਟਿਕ ਗੁਰੂ ਜੀ ਦੀ ਬਖਸ਼ਿਸ਼ ਲੰਗਰ ਛਕ ਕੇ ਵੀ ਨਿਹਾਲ ਹੋਈਦਾ ਹੈ ਤੇ ਅਤੁੱਟ ਵਰਤਦੇ ਗੁਰੂ ਦੇ ਸ਼ਬਦ ਲੰਗਰਾਂ ਨਾਲ ਮਨ ਖਿੜ ਜਾਂਦਾ ਹੈ ਤੇ ਸੱਚੇ ਨਾਮ ਰਸ ਨਾਲ ਭਿੱਜ ਜਾਂਦਾ ਹੈ। ਵਾਹਿਗੁਰੂ ਜੀ ਸੁਮੱਤ ਬਖਸ਼ਣ ਤੇ ਨਾਮ ਬਾਣੀ ਨਾਲ ਜੋੜਨ ਦੀ ਕਿਰਪਾ ਕਰਨ।

# ਵਿਸਾਖੀ ਦਾ ਇਤਿਹਾਸ ਅਤੇ ਮਹੱਤਤਾ



ਦਾਣਿਆਂ ਨਾਲ ਭਰੀਆਂ ,ਝੁਕੀਆਂ ਹੋਈਆਂ ਬੱਲੀਆਂ ਜਿਵੇਂ ਝੁਕ ਕੇ ਕਿਸਾਨ ਨੂੰ ਸਲਾਮ ਕਰ ਰਹੀਆਂ ਹੋਣ। ਸੋਨੇ ਰੰਗੀਆਂ ਫਸਲਾਂ ਵਿਸਾਖ ਮਹੀਨੇ ਵਿੱਚ ਖੇਤਾਂ ਵਿੱਚ ਲਹਿਲਹਾਉਂਦੀਆਂ ਜਿਵੇਂ ਉਸ ਦੀ ਮਿਹਨਤ ਨੂੰ ਸਜਦਾ ਕਰਦੀਆਂ ਹੋਈਆਂ ਖੁਸੀ ਵਿੱਚ ਝੂਮ ਰਹੀਆਂ ਹੋਣ। ਖੇਤਾਂ ਦੇ ਕਿਨਾਰੇ ਖੜ੍ਹੇ ਹੋ ਕੇ ਨਜਰ ਮਾਰੀਏ ਤਾਂ ਇੰਝ ਲੱਗਦਾ ਹੈ ਜਿਵੇਂ ਧਰਤੀ ਤੇ ਸੋਨੇ ਦੀ ਚਾਦਰ ਵਿਛਾ ਦਿੱਤੀ ਹੋਵੇ।ਅੱਸੂ ਮਹੀਨੇ ਵਿੱਚ ਬੀਜੀ ਕਣਕ ਨੂੰ ਕਿਸਾਨ ਨੇ ਪੁੱਤਾਂ ਵਾਂਗ ਪਾਲਿਆ ਹੁੰਦਾ ਹੈ।ਜਿਸ ਨੂੰ ਦੇਖ ਦੇਖ ਉਸ ਦਾ ਸੀਨਾ ਚੌੜਾ ਹੁੰਦਾ ਹੈ।ਇਹੀ ਸਮਾਂ ਹੁੰਦਾ ਹੈ ਜਦ ਉਸ ਨੇ ਸਾਹਾਂ ਤੋਂ ਲਏ ਕਰਜੇ ਮੋੜਨੇ ਹੁੰਦੇ ਹਨ, ਅਗਲੀ ਫਸਲ ਬੀਜਣ ਦਾ ਬਜਟ,ਘਰ ਦੇ ਸਾਰੇ ਕਾਰਜਾਂ ਲਈ ਭਵਿੱਖ ਦੀਆਂ ਯੋਜਨਾਵਾਂ ਤੇ ਹੋਰ ਪਤਾ ਨਹੀਂ ਕਿੰਨੀਆਂ ਆਸਾਂ ਦੇ ਦੀਪ ਮਨ ਵਿੱਚ ਜਗਾਏ ਹੁੰਦੇ ਹਨ।

ਵਿਸਾਖੀ ਆਰਥਿਕ ਤੇ ਸਭਿਆਚਾਰ ਨਾਲ ਜੁੜਿਆ ਤਿਉਹਾਰ ਵਿਸਾਖੀ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। ਵੈ ਦਾ ਅਰਥ ਹੈ ਵਿਸ਼ੇਸ ਅਤੇ ਸਾਖ ਦਾ ਅਰਥ ਹੈ ਟਾਹਣੀ,ਫਸਲ, ਜਿਨਸ ਜਾਂ ਸੰਤਾਨ। ਕਈ ਰਾਜਾਂ ਵਿਚ ਇਹ ਬੈਸਾਖੀ ਦੇ ਨਾਂ ਨਾਲ ਮਨਾਇਆ ਜਾਂਦਾ ਹੈ। ਵਿਸਾਖੀ ਦਾ ਮੁੱਖ ਸਬੰਧ ਕਣਕ ਦੀ ਫਸਲ ਨਾਲ ਹੈ ।ਇਸ ਦੇ ਪੱਕਣ 'ਤੇ ਘਰ ਵਿੱਚ ਆ ਜਾਣ ਦੀ ਖੁਸ਼ੀ ਵਿੱਚ ਇਹ ਤਿਉਹਾਰ ਮਨਾਇਆ ਜਾਂਦਾ ਹੈ।ਇਹ ਵੀ ਮੰਨਿਆ ਜਾਂਦਾ ਹੈ ਕਿ ਵਿਸਾਖ ਮਹੀਨੇ ਦਾ ਨਾਮ ਵਿਸਾਖਾ ਨਛੱਤਰ ਤੋਂ ਰੱਖਿਆ ਗਿਆ ਹੈ । ਵਿਸਾਖਾ 27 ਨਛੱਤਰਾਂ ਵਿੱਚੋਂ ਸੋਲਵਾਂ ਨਛੱਤਰ ਹੈ। ਪੁਰਾਤਨ ਗਰੰਥਾਂ ਅਨੁਸਾਰ ਸਾਰੇ ਨਛੱਤਰਾਂ ਵਿੱਚੋਂ ਵਿਸਾਖਾ ਨਛੱਤਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਲਈ ਖੁਸੀ ਮਨਾਉਣ ਲਈ ਇਹੀ ਖਾਸ ਦਿਨ ਚੁਣਿਆ ਗਿਆ ਸੀ।ਇਸ ਦਿਨ ਬਿਕ੍ਰਮੀ ਸੰਮਤ ਦਾ ਨਵਾਂ ਸਾਲ ਆਰੰਭ ਹੁੰਦਾ ਹੈ। ਵਪਾਰੀ ਲੋਕ ਇਸ ਦਿਨ ਨਵੇਂ ਸਾਲ ਦੀ ਸੁਰੂਆਤ ਕਰਦੇ ਹੋਏ ਨਵੇਂ ਵਹੀ ਖਾਤੇ ਖੋਲ੍ਹਦੇ ਹਨ।ਇਹ ਵਿਸਾਖ ਮਹੀਨੇ ਦਾ ਪਹਿਲਾ ਦਿਨ ਸੰਗਰਾਂਦ ਦਾ ਦਿਹਾੜਾ ਹੁੰਦਾ ਹੈ। ਇਹਨਾਂ ਸਭ ਕਾਰਨਾਂ ਕਰਕੇ ਇਸ ਤਿਉਹਾਰ ਦੀ ਧਾਰਮਿਕ ਪੱਖੋਂ ਵਿਸੇਸਤਾ ਬਹੁਤ ਜ਼ਿਆਦਾ ਹੈ। ਮਾਘੀ ਵਾਂਗ ਇਸ ਦਿਨ ਵੀ ਪਵਿੱਤਰ ਸਰੋਵਰਾਂ ਤੇ ਇਸਨਾਨ ਦੀ ਖਾਸ ਮਹੱਤਤਾ ਹੈ।


ਬਰਜਿੰਦਰ ਕੌਰ ਬਿਸਰਾਓ
9988901324

30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਖੰਡੇ ਵਾਲਾ ਅੰਮ੍ਰਿਤ ਛਕਾ ਕੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਅਸਲ ਵਿੱਚ ਵਿਸਾਖੀ ਬਾਰੇ 30 ਮਾਰਚ ਅਤੇ 13 ਅਪ੍ਰੈਲ ਦੀਆਂ ਤਰੀਕਾਂ ਦਾ ਇਤਿਹਾਸ ਇਸ ਤਰ੍ਹਾਂ ਹੈ ਕਿ ਬਰਤਾਨੀਆ ਹਕੂਮਤ ਵਲੋਂ ਸਤੰਬਰ 1752 ਈ: ( 2ਸਤੰਬਰ ਤੋਂ ਬਾਅਦ ਸਿੱਧਾ 13ਸਤੰਬਰ ਤਰੀਕ ਮਿਥੀ ਗਈ) ਵਿੱਚ ਗੈਰੋਅਨ ਕਲੰਡਰ ਲਾਗੂ ਹੋਣ ਕਰਕੇ ਗਿਆਰਾਂ ਦਿਨ ਦਾ ਫਰਕ ਪਾ ਦਿੱਤਾ ਗਿਆ ਸੀ ਜਿਸ ਕਰਕੇ 1753 ਦੀ ਵਿਸਾਖੀ 9 ਅਪ੍ਰੈਲ ਅਤੇ ਉਸ ਤੋਂ ਬਾਅਦ ਦਿਨਾਂ ਦੇ ਅੰਤਰ ਹੋਣ ਕਰਕੇ 10 ਜਾਂ 11 ਅਪ੍ਰੈਲ ਨੂੰ ਮਨਾਈ ਜਾਂਦੀ ਰਹੀ ਸੀ। ਸਭ ਤੋਂ ਪਹਿਲਾਂ ਵਿਸਾਖੀ 13 ਅਪ੍ਰੈਲ ਨੂੰ 1919 ਵਿੱਚ ਮਨਾਈ ਗਈ ਸੀ।ਉਸ ਤੋਂ ਬਾਅਦ ਹੁਣ ਤੱਕ 13 ਜਾਂ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ।

ਵਿਸਾਖੀ ਦੇ ਪਵਿੱਤਰ ਦਿਹਾੜੇ ਤੇ 13 ਅਪ੍ਰੈਲ 1919 ਦੀ ਸਾਮ ਨੂੰ ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ ਵਿੱਚ ਇਕੱਠੇ ਹੋਏ ਹਜਾਰਾਂ ਨਿਹੱਥੇ ਲੋਕਾਂ ਨੂੰ ਜਨਰਲ ਡਾਇਰ ਨੇ ਗੋਲੀ ਦਾ ਨਿਸਾਨਾ ਬਣਾਇਆ। ਇਸ ਅੱਤਿਆਚਾਰ ਦੇ ਸਿੱਟੇ ਵਜੋਂ ਸੈਂਕੜੇ ਬੱਚੇ, ਬੁੱਢੇ, ਔਰਤਾਂ ਅਤੇ ਜਵਾਨ ਸਹੀਦ ਹੋ ਗਏ ।ਵਿਸਾਖੀ ਦੇ ਦਿਨ ਹਰ ਸਾਲ ਇਹਨਾਂ ਸਹੀਦਾਂ ਨੂੰ ਸਾਰਾ ਯਾਦ ਕਰਦਿਆਂ ਸਰਧਾਂਜਲੀ ਭੇਂਟ ਕੀਤੀ ਜਾਂਦੀ ਹੈ।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਹਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ।ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜੇ ਪਾਉਂਦੇ ਲੋਕ ਪੂਰੇ ਜੋਸ ਨਾਲ ਇਸ ਤਿਉਹਾਰ ਨੂੰ ਮਨਾਉਂਦੇ ਹਨ। ਇਸ ਦਿਨ ਇਸ ਦਿਨ ਲੋਕ ਗੁਰੂ ਘਰਾਂ 'ਚ ਮੱਥਾ ਟੇਕਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਵੱਖ-ਵੱਖ ਗੁਰੂ ਘਰਾਂ 'ਚ ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਵੀ ਸਜਾਏ ਜਾਂਦੇ ਹਨ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਸ ਦੀਵਾਨ ਸਜਾਏ ਜਾਂਦੇ ਹਨ।ਜਿਸ 'ਚ ਵੱਡੀ ਗਿਣਤੀ 'ਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਦਿਨ ਦਸਤਾਰ ਦਿਵਸ ਵੀ ਮਨਾਇਆ ਜਾਂਦਾ ਹੈ।




ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈਆਂ

**Cold Rush Trucking inc** Manteca CA

209-328-5546 | Email : coldrushinc1313@gmail.com



ਸ੍ਰ. ਪ੍ਰਮਜੀਤ ਸਿੰਘ ਸ੍ਰ. ਅਵਤਾਰ ਸਿੰਘ, ਸ੍ਰ. ਪ੍ਰੇਮ ਸਿੰਘ, ਸ੍ਰ. ਗੁਰਫਤਿਹ ਸਿੰਘ

ਬੀਬੀ ਬਲਜਿੰਦਰ ਕੌਰ ਬੀਬੀ ਰਸ਼ਪਿੰਦਰ ਕੌਰ



ਫਸਲਾਂ ਦੀ ਮੁੱਕ ਗਈ ਰਾਖੀ, ਓ ਜੱਟਾ ਆਈ ਵਿਸਾਖੀ
ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ
510.487.3254
General Contractors
CHANA CONSTRUCTION
Residential & Commercial
Since 1989
Custom Homes & Additions
Licence No. 554005
ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ
ਅਮਰੀਕਾ ਵਿਚ ਆਪਣੀ ਕੰਪਨੀ
ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।
COMMERCIAL
• New Homes
• Additon
• 2nd Story addition
• Kitchan Bath
• ADU
TOP HOME BUILDERS
IN CALIFORNIA
HIGHEST IN CLIENT SERVICE, CARE & TRUST
Chana Construction Inc.
RESIDENTIAL
• Shopping Centre
• Tenant Improvement
• Liqour Store
• Dental Office
• Restaurant
• Pharmacy
Google
FIVE STAR
CUSTOMER RATING
Serving The Bay Area For
Past More Then 43+ Years
* Insurance Bonded*
Contact :
Bhupinder S. Chana | Devinder S. Chana
FAX : 510-487-0804
dschana@chanacoustruction.com
www.chanacontruction.com


Happy Baisakhi
Happy Baisakhi
ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ
ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ







ਸਾਬਕਾ ਪ੍ਰਧਾਨ ਮੰਤਰੀ ਸਵ. ਡਾ. ਮਨਮੋਹਨ ਸਿੰਘ ਦੇ ਨਾਲ ਯਾਦਗਾਰੀ ਤਸਵੀਰਾਂ

ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।



# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ

## ਕਮਿਊਨਟੀ ਦੇ ਨਿਸ਼ਕਾਮ ਸੇਵਾਦਾਰ

## ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ

# ਵਿਸਾਖੀ ਦਾ ਤਿਉਹਾਰ: ਇਤਿਹਾਸ ਅਤੇ ਮਹੱਤਵ



ਪੰਜਾਬ ਅਤੇ ਇਸਦੇ ਨੇੜਲੇ ਰਾਜਾਂ ਵਿੱਚ ਵਿਸਾਖੀ ਪ੍ਰਸਿੱਧ ਅਤੇ ਵੱਡੇ ਤਿਉਹਾਰਾਂ ਵਿੱਚੋਂ ਇੱਕ ਹੈ। ਇਹ ਇੱਕ ਮੌਸਮੀ ਤਿਉਹਾਰ ਹੈ, ਜੋ ਵਿਸਾਖ ਮਹੀਨੇ ਦੇ ਪਹਿਲੇ ਦਿਨ ਮਨਾਇਆ ਜਾਂਦਾ ਹੈ, ਜਿਸ ਨੂੰ 'ਵਿਸਾਖੀ' ਕਿਹਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਪੰਜਾਬੀਆਂ ਲਈ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਮਹੱਤਵ ਰੱਖਦਾ ਹੈ। ਇਸ ਤਿਉਹਾਰ ਨਾਲ ਜੁੜੀਆਂ ਮਹੱਤਵਪੂਰਣ ਇਤਿਹਾਸਕ ਘਟਨਾਵਾਂ ਨੇ ਲੋਕਾਂ ਦੇ ਜੀਵਨ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਤ ਕੀਤਾ ਹੈ। ਇਹ ਪਿੰਡਾਂ ਅਤੇ ਸ਼ਹਿਰਾਂ ਦੇ ਦਰਿਆਵਾਂ, ਸਰੋਵਰਾਂ ਅਤੇ ਤਲਾਬਾਂ ਦੇ ਕਿਨਾਰਿਆਂ ਅਤੇ ਧਾਰਮਿਕ ਸਥਾਨਾਂ ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕਿਸਾਨ ਭਾਈਚਾਰਾ ਇਸ ਤਿਉਹਾਰ ਨੂੰ ਹਾੜ੍ਹੀ ਦੀ ਫਸਲ ਦੀ ਪਕਾਈ ਦੀ ਖੁਸ਼ੀ ਵਿਚ ਮਨਾਉਂਦਾ ਹੈ। ਕਿਸਾਨਾਂ ਦੀਆਂ ਬਹੁਤ ਸਾਰੀਆਂ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਜ਼ਰੂਰਤਾਂ ਇਸ ਹਾੜ੍ਹੀ ਦੀ ਫਸਲ ਨਾਲ ਜੁੜੀਆਂ ਹੁੰਦੀਆਂ ਹਨ। ਵਿਸਾਖੀ ਦਾ ਤਿਉਹਾਰ 'ਗਿੱਧਾ ਅਤੇ ਭੰਗੜਾ' ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਹੈ। ਇਸ ਲਈ ਪੰਜਾਬੀ ਲੋਕ ਖੁਸ਼ੀ-ਖੁਸ਼ੀ ਇਸ ਦਿਨ ਗਿੱਧਾ ਅਤੇ ਭੰਗੜਾ ਪਾਉਂਦੇ ਹਨ ਅਤੇ ਵੱਖ-ਵੱਖ ਥਾਵਾਂ ਤੇ ਹੋਣ ਵਾਲੇ ਵਿਸਾਖੀ ਮੇਲਿਆਂ ਵਿਚ ਹਿੱਸਾ ਲੈਂਦੇ ਹਨ।

ਇਹ ਦਿਨ ਸਿੱਖ ਇਤਿਹਾਸ ਵਿਚ ਖ਼ਾਲਸੇ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ 'ਖ਼ਾਲਸਾ ਪੰਥ' ਦੀ ਸਥਾਪਨਾ ਕੀਤੀ ਸੀ। ਜਦੋਂ ਮੁਗਲ ਸ਼ਾਸਕ ਔਰੰਗਜੇਬ ਦਾ ਅੱਤਿਆਚਾਰ, ਬੇਇਨਸਾਫੀ ਅਤੇ ਜੁਲਮ ਸਿਖਰਾਂ ਤੇ ਸੀ, ਤਾਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਅਤੇ ਅਨਿਆਂ ਵਿਰੁੱਧ ਦਿੱਲੀ ਦੀ ਚਾਂਦਨੀ ਚੌਂਕ ਵਿਖੇ ਆਪਣੀ ਸ਼ਹਾਦਤ ਦਿੱਤੀ। ਇਸ ਤੋਂ ਬਾਅਦ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਤੋਂ ਪੀੜਤ ਆਮ ਵਰਗ ਦੇ ਲੋਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਆਮ ਲੋਕਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਤੌਰ ਤੇ ਬਰਾਬਰ ਅਤੇ ਮਜ਼ਬੂਤ ਬਣਾਇਆ। ਖਾਲਸਾ ਪੰਥ ਦੇ ਗਠਨ ਤੋਂ ਬਾਅਦ ਜਾਤ-ਜਾਤ, ਉੱਚ-ਨੀਚ ਦੇ ਵਿਤਕਰੇ ਨੂੰ ਬਹੁਤ ਠੇਸ ਪਹੁੰਚੀ ਸੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਇਤਿਹਾਸ ਵਿਚ 'ਆਪੇ ਗੁਰ ਚੇਲਾ' ਦੀ ਇਕ ਨਵੀਂ ਮਿਸਾਲ ਕਾਇਮ ਕੀਤੀ। ਗੁਰੂ ਜੀ ਨੇ ਪਹਿਲਾਂ ਆਪਣੇ ਸੇਵਕਾਂ ਨੂੰ ਅੰਮ੍ਰਿਤਪਾਨ ਕਰਵਾ ਕੇ ਸਿੰਘ ਬਣਾਇਆ, ਫਿਰ ਆਪ ਉਨ੍ਹਾਂ ਦੇ ਹਥੋਂ ਅੰਮ੍ਰਿਤ ਛਕ ਕੇ ਖੁਦ ਸਿੰਘ ਸਜੇ ਅਤੇ ਗੁਰੂ ਅਤੇ ਚੇਲੇ ਵਿਚਲੇ ਪਾੜੇ ਨੂੰ ਦੂਰ ਕਰ ਦਿੱਤਾ। ਇਸੇ ਤਰ੍ਹਾਂ ਵਿਸਾਖੀ ਵਾਲੇ ਦਿਨ ਸਿੱਖ ਧਰਮ ਨਾਲ ਜੁੜੀ ਇਕ ਹੋਰ ਘਟਨਾ ਹੈ। 1857 ਦੀ ਵਿਸਾਖੀ ਦੇ ਦਿਨ ਬਾਬਾ ਰਾਮ ਸਿੰਘ ਨਾਮਧਾਰੀ ਨੇ ਸੁਧਾਰ ਲਹਿਰ ਸ਼ੁਰੂ ਕੀਤੀ, ਜਿਸ 'ਤੇ ਬ੍ਰਿਟਿਸ਼ ਸਰਕਾਰ ਨੇ ਨਜ਼ਰ ਰੱਖੀ। ਸਾਲ 1860 ਵਿਚ ਜਦੋਂ ਬਾਬਾ ਰਾਮ ਸਿੰਘ ਜੀ ਵਿਸਾਖੀ ਮਨਾਉਣ ਲਈ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਵੇਖਿਆ ਕਿ ਬ੍ਰਿਟਿਸ਼ ਸਰਕਾਰ ਨੇ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਹੋਈਆਂ ਹਨ।ਅਜਿਹੀਆਂ ਪਾਬੰਦੀਆਂ ਉਨ੍ਹਾਂ ਦੀ ਸਹਿਣਸ਼ੀਲਤਾ ਤੋਂ ਬਾਹਰ ਸਨ, ਇਸ ਲਈ ਉਨ੍ਹਾਂ ਨੇ ਇਸ ਦੇ ਵਿਰੁੱਧ ਬਗ਼ਾਵਤ ਕੀਤੀ, ਜਿਸਦੇ ਨਤੀਜੇ ਵਜੋਂ 'ਕੂਕਾ ਅੰਦੋਲਨ' ਹੋਇਆ।ਇਸ ਸਮੇਂ ਸੂਰਮਿਆਂ ਨੇ ਬ੍ਰਿਟਿਸ਼ ਸਰਕਾਰ ਅੱਗੇ ਝੁਕਣ ਦੀ ਬਜਾਏ ਆਪਣੀ ਸ਼ਹਾਦਤ ਦੇਣਾ ਚੰਗਾ ਸਮਝਿਆ।



ਡਾ: ਸੰਦੀਪ ਸਿੰਘ ਮੁੰਡੇ
9413652646

ਵਿਸਾਖੀ ਦਾ ਦਿਨ ਉਨ੍ਹਾਂ ਬਹਾਦਰ ਯੋਧਿਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਹਨ। ਸਾਲ 1919 ਦੇ ਵਿਸਾਖੀ ਦੇ ਦਿਨ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਖੇ ਇਕ ਖ਼ੂਨੀ ਕਤਲੇਆਮ ਹੋਇਆ ਸੀ। ਇਸ ਦਿਨ ਬ੍ਰਿਟਿਸ਼ ਸਰਕਾਰ ਨੇ ਦੇਸ਼ ਦੀ ਆਜ਼ਾਦੀ ਦੀ ਕਾਮਨਾ ਕਰਨ ਵਾਲੇ ਹਜ਼ਾਰਾਂ ਨਿਹੱਥੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਵਿਚ ਸੈਂਕੜੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਜ਼ਖਮੀ ਹੋਏ ਸਨ। ਸ਼ਹੀਦ ਅਤੇ ਜ਼ਖਮੀ ਹੋਏ ਲੋਕਾਂ 'ਚ ਸਾਰੇ ਧਰਮਾਂ ਦੇ ਆਦਮੀ, ਬੱਚੇ, ਬਜ਼ੁਰਗ ਅਤੇ ਔਰਤਾਂ ਸ਼ਾਮਲ ਸਨ। ਇਸ ਲਈ ਵਿਸਾਖੀ ਦਾ ਦਿਨ ਜਲ੍ਹਿਆਂਵਾਲਾ ਬਾਗ ਵਿਚ ਸ਼ਹੀਦ ਸਪੂਤਾਂ ਦੀਆਂ ਵਿਲੱਖਣ ਕੁਰਬਾਨੀਆਂ ਨੂੰ ਯਾਦ ਦਿਵਾਉਂਦਾ ਹੈ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ।

ਭਾਰਤ ਦੇ ਦੂਜੇ ਰਾਜਾਂ ਵਿਚ ਵਸਦੇ ਲੋਕ ਵੀ ਰਵਾਇਤੀ ਤੌਰ 'ਤੇ ਵਿਸਾਖੀ ਨੂੰ ਮਨਾਉਂਦੇ ਹਨ। ਭਾਰਤੀ ਮਿਥਿਹਾਸਕ ਕਥਾਵਾਂ ਵਿੱਚ, ਵਿਸਾਖੀ ਦੇ ਦਿਨ ਨਹਾਉਣਾ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਦਿਨ ਰਿਸ਼ੀ ਵਿਆਸ ਨੇ ਪਹਿਲੀ ਵਾਰ ਬ੍ਰਹਮਾ ਦੁਆਰਾ ਰਚਿਤ ਚਾਰ ਵੇਦਾਂ ਦਾ ਪਾਠ ਕੀਤਾ ਸੀ। ਇਸ ਦਿਨ ਰਾਜਾ ਜਨਕ ਨੇ ਇਕ ਮਹਾਨ ਯੱਗ ਕੀਤਾ, ਜਿਸ ਵਿਚ ਅਵਧੂਤ ਅਧਾਵਾ ਨੇ ਰਾਜੇ ਨੂੰ ਗਿਆਨ ਦਿੱਤਾ। ਵਿਸਾਖੀ ਤੋਂ ਇੱਕ ਦਿਨ ਬਾਅਦ 14 ਅਪ੍ਰੈਲ ਤੋਂ ਮਨੀਪੁਰੀ, ਨੇਪਾਲੀ ਅਤੇ ਬੰਗਾਲੀ ਲੋਕ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹਨ। ਹਿੰਦੂ ਧਰਮ ਦੇ ਲੋਕ ਇਸ ਦਿਨ ਇਸ਼ਨਾਨ, ਭੋਗ ਅਤੇ ਪੂਜਾ ਅਰਚਨਾ ਕਰਦੇ ਹਨ। ਕਿਹਾ ਜਾਂਦਾ ਹੈ ਕਿ ਦੇਵੀ ਗੰਗਾ ਹਜ਼ਾਰਾਂ ਸਾਲ ਪਹਿਲਾਂ ਇਸ ਦਿਨ ਧਰਤੀ ਤੇ ਆਈ ਸੀ। ਹਿੰਦੂ ਧਰਮ ਦੇ ਲੋਕ ਉਸ ਦੇ ਸਨਮਾਨ ਵਿਚ ਰਵਾਇਤੀ ਪਵਿੱਤਰ ਇਸ਼ਨਾਨ ਲਈ ਗੰਗਾ ਦੇ ਕਿਨਾਰੇ ਇਕੱਠੇ ਹੁੰਦੇ ਹਨ। ਕੇਰਲਾ ਵਿਚ ਇਸ ਤਿਉਹਾਰ ਨੂੰ 'ਵਿਸ਼ੂ' ਕਿਹਾ ਜਾਂਦਾ ਹੈ। ਇਸ ਦਿਨ ਲੋਕ ਨਵੇਂ ਕੱਪੜੇ ਖਰੀਦਦੇ ਹਨ ਅਤੇ ਆਤਿਸ਼ਬਾਜੀ ਕੀਤੀ ਜਾਂਦੀ ਹੈ। ਇਸ ਦਿਨ 'ਵਿਸ਼ੂ ਕਾਨੀ' ਸਜਾਈ ਜਾਂਦੀ ਹੈ, ਜਿਸ ਨੂੰ ਫੁੱਲਾਂ, ਫਲ, ਅਨਾਜ, ਕਪੜੇ, ਸੋਨੇ ਆਦਿ ਨਾਲ ਸਜਾਇਆ ਜਾਂਦਾ ਹੈ ਅਤੇ ਸਵੇਰੇ ਜਲਦੀ ਉੱਠ ਕੇ ਉਸ ਦੇ ਦਰਸ਼ਨ ਕੀਤੇ ਜਾਂਦੇ ਹਨ ਅਤੇ ਇਕ ਦੂਜੇ ਨੂੰ ਨਵਾਂ ਸਾਲ ਮੁਬਾਰਕ ਕਿਹਾ ਜਾਂਦਾ ਹੈ।

ਇਹ ਤਿਉਹਾਰ ਮੁੱਖ ਤੌਰ 'ਤੇ ਹਾੜੀ ਦੀ ਫਸਲ ਦੇ ਪੱਕਣ ਦੇ ਜਸ਼ਨ 'ਤੇ ਕਿਸਾਨਾਂ ਦੁਆਰਾ ਮਨਾਇਆ ਜਾਂਦਾ ਹੈ। ਇਸ ਦਿਨ ਕਿਸਾਨ ਆਪਣੀ ਪੱਕੀ ਫਸਲ ਨੂੰ ਵੇਖ ਕੇ ਖੁਸ਼ ਹੁੰਦਾ ਹੈ ਅਤੇ ਇਸ ਦਿਨ ਤੋਂ ਕਣਕ ਦੀ ਵਾਢੀ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਪੰਜਾਬ ਵਿਚ ਵਿਸਾਖੀ ਦੇ ਮੌਕੇ 'ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਦਮਦਮਾ ਸਾਹਿਬ (ਤਲਵੰਡੀ ਸਾਬੋ), ਕਰਤਾਰਪੁਰ (ਜਲੰਧਰ) ਅਤੇ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਮੇਲੇ ਲਗਦੇ ਹਨ। ਅੱਜ ਵੀ ਦੇਸ਼ ਭਰ ਦੇ ਧਾਰਮਿਕ ਲੋਕ ਪਵਿੱਤਰ ਸਰੋਵਰਾਂ ਅਤੇ ਨਦੀਆਂ ਵਿੱਚ ਇਸ਼ਨਾਨ ਕਰਦੇ ਹਨ। ਇਸ ਦਿਨ ਧਾਰਮਿਕ ਸਥਾਨਾਂ ਅਤੇ ਗੁਰਧਾਮਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ।

ਆਓ ਅੱਜ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਸੰਕਲਪ ਕਰੀਏ ਕਿ ਅਸੀਂ ਸਾਰੇ ਮਿਲ ਕੇ ਦੂਜਿਆਂ ਦੇ ਦੁੱਖ-ਸੁੱਖ ਸਾਂਝੇ ਕਰਾਂਗੇ ਤਾਂ ਜੋ ਇਸ ਤਿਉਹਾਰ ਦੀ ਖੁਸ਼ੀ ਆਪਣੇ ਅਜ਼ੀਜ਼ਾਂ ਨਾਲ ਦੁੱਗਣੀ ਹੋ ਜਾਵੇ। ਇਹ ਤਿਉਹਾਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਸਾਡੀ ਪੁਰਾਣੀ ਵਿਰਾਸਤ ਕਿਸ ਤਰ੍ਹਾਂ ਦੀ ਸੀ। ਆਓ, ਅਸੀਂ ਉਸ ਪੁਰਾਣੇ ਸਮੇਂ ਨੂੰ ਯਾਦ ਕਰੀਏ ਅਤੇ ਤੇਜ਼ੀ ਨਾਲ ਚੱਲ ਰਹੇ ਜੀਵਨ ਵਿੱਚ ਆਪਸੀ ਭਾਈਚਾਰਕ ਸਾਂਝ, ਸਹਿਯੋਗ ਅਤੇ ਨੇੜਤਾ ਨੂੰ ਬਣਾ ਕੇ ਰੱਖੀਏ।

ਸ਼ੁਭਇੱਛਾਵਾਂ ਨਾਲ ਵਿਸਾਖੀ ਦਿਵਸ 'ਤੇ ਪ੍ਰਕਾਸ਼ਨ ਲਈ ਭੇਜਿਆ ਗਿਆ।

ਪ੍ਰਧਾਨ,
ਰਾਜਸਥਾਨ ਪੰਜਾਬੀ ਐਸੋਸੀਏਸ਼ਨ ਸੰਸਥਾ
ਪ੍ਰਿੰਸੀਪਲ ਅਤੇ ਮੁਖੀ ਪੰਜਾਬੀ ਵਿਭਾਗ
ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ,
ਸੀਸੀ ਹੈਡ, ਸ਼੍ਰੀਗੰਗਾਨਗਰ (ਰਾਜਸਥਾਨ)

## ਇਤਿਹਾਸ ਵਿਸਾਖੀ ਦਾ

ਵਿਸਾਖੀ ਨੂੰ ਜਲਿਆਂ ਵਾਲੇ ਬਾਗ ਖ਼ੂਨੀ ਸਾਕਾ ਯਾਦ ਆਵੇ।
ਗੋਲੀਆਂ ਦੇ ਨਿਸ਼ਾਨ ਤੇ ਸ਼ਹੀਦੀ ਖੂਹ ਅੱਖਾਂ ਮੂਹਰੇ ਆਵੇ।
ਜਲਿਆਂ ਬਾਗ ਮਿੱਟੀ ਵਿੱਚੋਂ ਖੁਸ਼ਬੋ ਦੇਸ਼ ਭਗਤੀ ਦੀ ਆਵੇ।
ਸ਼ਹੀਦੀਆਂ ਪਾ ਗਏ ਦੇਸ਼ ਭਗਤਾਂ ਅੱਗੇ ਸੀਸ ਝੁਕਦਾ ਜਾਵੇ।

ਵਿਸਾਖ ਮਹੀਨੇ ਕਣਕ ਟਹਿਕਦੀ ਧਰਤੀ ਸੁਨਹਿਰੀ ਹੋ ਜਾਵੇ।
ਵਿਸਾਖ ਮਹੀਨੇ ਨਵੀਂ ਫਸਲ ਆਣ ਦੀ ਖੁਸ਼ੀ ਨਾ ਝੱਲੀ ਜਾਵੇ।
ਕਿਸਾਨ ਮਜਦੂਰ ਤੇ ਪੰਛੀਆਂ ਦੇ ਚਿਹਰੇ ਮੁਸਕਾਨ ਆ ਜਾਵੇ।
ਰੱਬ ਦਾ ਸ਼ੁਕਰ ਮਨਾਈਏ ਧਰਤੀ ਮਾਤਾ ਅੰਨ ਉਗਾਈ ਜਾਵੇ।

ਵਿਸਾਖੀ ਵਾਲੇ ਦਿਨ ਗੁਰੂਦੁਆਰੇ ਸੰਗਰਾਂਦ ਮਨਾਈ ਜਾਵੇ।
ਗੁਰੂ ਜੀ ਦੀ ਇਲਾਹੀ ਬਾਣੀ ਕਥਾ ਕੀਰਤਨ ਸੁਣਿਆ ਜਾਵੇ।
ਗੁਰੂਦੁਆਰਿਆਂ ਦੇ ਲੰਗਰ ਨਾਲ ਤਨ ਮਨ ਤ੍ਰਿਪਤ ਹੋ ਜਾਵੇ।
ਵੱਡੇ ਭਾਗਾਂ ਵਾਲਾ ਜੀਵ ਗੁਰੂ ਜੀ ਨੂੰ ਨਤਮਸਤਕ ਹੋਣ ਆਵੇ।

ਵੈਸਾਖ ਮਹੀਨੇ ਦਾ ਮਹੱਤਵ ਗੁਰਬਾਣੀ ਤੋਂ ਸਮਝਿਆ ਜਾਵੇ।
ਬਾਰਹਮਾਹਾ ਮਾਝ ਤੇ ਤੁਖਾਰੀ ਰਾਗ ਤੋਂ ਸੋਝੀ ਦਿੱਤੀ ਜਾਵੇ।
ਝੂਠੇ ਧੰਧੇ ਛੱਡ ਖੁਸ਼ੀ ਆਨੰਦ ਖੇੜਾ ਰੂਹਾਨੀਅਤ ਤੋਂ ਆਵੇ।
ਵੈਸਾਖ ਸੁਹਾਵਾ ਆਨੰਦ ਸ਼ਬਦ ਸੁਰਤ ਮਿਲਾਪ ਰਾਹੀਂ ਆਵੇ।

ਤਖਤ ਦਮਦਮਾ ਸਾਹਿਬ ਵਿਸਾਖੀ ਪੁਰਬ ਮਨਾਇਆ ਜਾਵੇ।
ਭਾਈ ਮਨੀ ਸਿੰਘ ਬਾਬਾ ਦੀਪ ਸਿੰਘ ਯਾਦ ਤਾਜਾ ਹੋ ਜਾਵੇ।
ਦਸ਼ਮੇਸ਼ ਪਿਤਾ ਜੀ ਦੀ ਕਿਰਪਾ ਗੁਰੂ ਗ੍ਰੰਥ ਸੰਪੂਰਨ ਹੋ ਜਾਵੇ।
ਸੰਗਤ ਦਾ ਮਹਾਂ ਸੈਲਾਬ ਗੁਰੂ ਜੀ ਨੂੰ ਨਤਮਸਤਕ ਹੋਣ ਆਵੇ।

ਸ੍ਰੀ ਆਨੰਦਪੁਰ ਸਾਹਿਬ ਵਿਸਾਖੀ ਪੁਰਬ ਮਨਾਇਆ ਜਾਵੇ।
ਦਸ਼ਮੇਸ਼ ਪਿਤਾ ਜੀ ਦੇ ਸਾਜੇ ਖਾਲਸੇ ਦੀ ਯਾਦ ਤਾਜਾ ਹੋ ਜਾਵੇ।
ਧਰਮ ਸਥਾਨਾਂ ਭਾਗਾਂ ਵਾਲਾ ਗੁਰੂ ਜੀ ਨੂੰ ਮੱਥਾ ਟੇਕਣ ਆਵੇ।
ਕਥਾ ਕੀਰਤਨ ਢਾਡੀ ਵਾਰਾਂ ਬਾਣੀ ਸੁਣ ਨਿਹਾਲ ਹੋ ਜਾਵੇ।

ਵਿਸਾਖੀ ਦਾ ਸੁਨਿਹਰੀ ਇਤਿਹਾਸ ਮਨ ਵਿੱਚ ਸਮਾ ਜਾਵੇ।
ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਦਿਲ ਵਿੱਚ ਵੱਸ ਜਾਵੇ।
ਗੁਰੂ ਸਾਹਿਬਾਂ ਜੀ ਦੀ ਦੇਣ ਦਾ ਸ਼ੁਕਰਾਨਾ ਹੀ ਕੀਤਾ ਜਾਵੇ।
ਵਿਸਾਖੀ ਦੀ ਸੱਚੀ ਖੁਸ਼ੀ ਸੱਚੇ ਗੁਰੂ ਜੀ ਸੰਗ ਮਨਾਈ ਜਾਵੇ।



ਇਕਬਾਲ ਸਿੰਘ ਪੁੜੈਣ
8872897500





ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ

## ਗੁਰੂ ਅਤੇ ਪੰਥ ਦੇ ਦਾਸ

## ਸ੍ਰ. ਮਨਜੀਤ ਸਿੰਘ ਉੱਪਲ

ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਸਟਾਕਟਨ


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
RANJIT SINGH
VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।



ਖਾਲਸਾ ਸਾਜਨਾ ਦਿਵਸ
ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



**ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ**




ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

# ਵਿਸਾਖੀ ਦੀਆਂ
# ਲੱਖ ਲੱਖ ਵਧਾਈਆਂ

ਕਮਿਊਨਿਟੀ ਦੇ ਹਰ ਕੰਮ ਨੂੰ ਅੱਗੇ ਹੋ ਕੇ ਕਰਨ ਵਾਲੇ ਸਮਾਜ ਸੇਵਕ, ਨਿੱਘੇ ਸੁਭਾਅ ਦੇ ਮਾਲਕ, ਇੰਡੀਅਨ ਕਮਿਊਨਿਟੀ ਦੇ ਆਗੂ, ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ ਮਾਂ ਦੁਰਗਾ ਪਰਿਵਾਰ ਸਾਬਕਾ ਪ੍ਰਧਾਨ ਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ



## ਸ੍ਰੀ ਰਾਜ ਭਨੋਟ
## ਅਤੇ ਸਮੂਹ ਭਨੋਟ ਪਰਿਵਾਰ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ

# Singh
Semiconductors

Semiconductors, Inc, 1501 Fulton Place, Fremont, CA 94539

**Tel. : 510-490-4900**



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# DAL-VER-EX-INC





DALVIR SEMBHI,C.E.O.

ਹੋਰ ਜਾਣਕਾਰੀ ਲਈ ਸੰਪਰਕ ਕਰੋ

## DALVIR SINGH SEMBHI 209-992-0377

## 1814 Gordon verner circle Stockton ca





ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ

# ਸ੍ਰ. ਹਿੰਮਤ ਸਿੰਘ ਨਿਊਯਾਰਕ

## ਕੋਆਰਡੀਨੇਟਰ ਵਰਲਡ ਸਿੱਖ ਪਾਰਲੀਮੈਂਟ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ




ਸਿੱਖ ਪੰਥ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਪੰਥ ਦੇ ਸੇਵਾ ਕਰਦੇ ਆ ਰਹੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

## ਸ੍ਰ. ਜਸਵੰਤ ਸਿੰਘ ਹੋਠੀ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



# ਸ੍ਰ. ਸੁਖਮਿੰਦਰਪਾਲ ਸਿੰਘ ਗਰੇਵਾਲ

## ਬੀਜੇਪੀ ਦੇ ਨੈਸ਼ਨਲ ਲੀਡਰ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ,
ਹਰ ਕੰਮ ਨੂੰ ਸ਼ਰਧਾ ਤੇ ਸੇਵਾ ਨਾਲ ਕਰਨ
ਵਾਲੇ ਨੌਜਵਾਨ ਸਿੱਖ ਆਗੂ ਸਮਾਜ ਸੇਵਕ
ਹਿਊਮਨ ਰਿਲੇਸ਼ਨ ਕਮਿਸ਼ਨਰ
ਅਤੇ District 25 ਤੋਂ
ਸਟੇਟ ਅਸੈਂਬਲੀ ਡੈਲੀਗੇਟ

# ਸ੍ਰ. ਤਜਿੰਦਰ ਸਿੰਘ ਧਾਮੀ


ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।
ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ
ਨੌਜਵਾਨ ਆਗੂ ਅਤੇ
ਫਰੀਮਾਂਟ ਸਿਟੀ ਦੇ ਮੇਅਰ
CITY OF Fremont
ਡਾ. ਰਾਜ ਸਲਵਾਨ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ



ਕਮਿਊਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਸੀਨੀਅਰ ਪੱਤਰਕਾਰ ਸ੍ਰ. ਬਲਜੀਤ ਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ, ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ

**(703) 409-0141**




ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ’ਤੇ ‘ਪੰਜ ਪਿਆਰਿਆਂ’ ਨੂੰ ਅੰਮ੍ਰਿਤ ਛਕਾ ਕੇ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ।

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ

# ਲੱਖ-ਲੱਖ ਵਧਾਈਆਂ



BERKSHIRE HATHAWAY

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਮਾਂ ਬੋਲੀ ਦੇ

ਸੇਵਾਦਾਰ ਅਤੇ ਸਿਆਟਲ ਵਾਸਿੰਗਟਨ ਦੇ ਉਘੇ

**ਸ੍ਰ. ਚਰਨਜੀਤ ਸਿੰਘ ਸਿਆਟਲ (ਸੀ.ਜੇ ਸਿੰਘ)**

**M. 206-401-4000**



ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਜਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

# ਵਿਸਾਖੀ ਦੀਆਂ ਲੱਖ ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਆਗੂ,
ਪੰਜਾਬੀ, ਸਭਿਆਚਾਰ
ਅਤੇ ਖੇਡਾਂ ਨੂੰ ਪ੍ਰਮੋਟ
ਕਰਨ ਵਾਲੇ
ਉਘੇ ਬਿਜਨਸਮੈਨ



## ਸੰਧੂ ਬ੍ਰਦਰਜ਼

ਸ੍ਰ. ਬਲਜੀਤ ਸਿੰਘ ਸੰਧੂ ਅਤੇ ਸ੍ਰ. ਚਰਨਜੀਤ ਸਿੰਘ ਸੰਧੂ


ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ, ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਪੱਗ, ਝੱਗਾ, ਚਾਦਰਾ ਨਵਾਂ ਸਵਾ ਕੇ, ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ
ਵਿਸਾਖੀ ਦੀਆਂ
ਲੱਖ ਲੱਖ ਵਧਾਈਆਂ
ਮੁਲਤਾਨੀ ਬ੍ਰਦਰਜ਼
ਸ੍ਰ. ਨਿਰੰਜਨ ਸਿੰਘ ਮੁਲਤਾਨੀ, ਸ੍ਰ. ਯਾਦਵਿੰਦਰ ਸਿੰਘ ਮੁਲਤਾਨੀ ਅਤੇ ਸ੍ਰ. ਕੁਲਵਿੰਦਰ ਸਿੰਘ ਮੁਲਤਾਨੀ



ਖਾਲਸੇ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀਆਂ ਦੇਸਾਂ ਵਿਦੇਸਾਂ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਬਹੁਤ ਬਹੁਤ ਵਧਾਈਆਂ। ਅੱਜ ਦੇ ਹੀ ਦਿਨ 1699 ਵਿੱਚ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ।

# ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀਆਂ
# ਲੱਖ-ਲੱਖ ਵਧਾਈਆਂ



# ਗਿੱਲ ਬ੍ਰਦਰਜ਼

**ਸ੍ਰ. ਮਹਿੰਦਰ ਸਿੰਘ ਗਿੱਲ, ਸ੍ਰ. ਸੁਖਵਿੰਦਰ ਸਿੰਘ ਗਿੱਲ, ਸ੍ਰ. ਸੁਖਤੇਜ ਸਿੰਘ ਗਿੱਲ**

# ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਖੇਤਰ ਅਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧੜੇ ਦੀ ਭੂਮਿਕਾ



ਬਘੇਲ ਸਿੰਘ ਧਾਲੀਵਾਲ
99142-58142



ਸ੍ਰੀ ਅਕਾਲ ਤਖਤ ਸਾਹਿਬ ਦੇ ਮਾਮਲੇ ਵਿੱਚ ਸਿੱਖਾਂ ਦੀ ਇਸ ਸਮੇ ਸਭ ਤੋ ਵੱਧ ਜੱਗ ਹਸਾਈ ਹੋ ਰਹੀ ਹੈ। ਇਹਦੇ ਲਈ ਖੁਦ ਸਿੱਖ ਹੀ ਜਿੰਮੇਵਾਰ ਹਨ, ਕੋਈ ਬਾਹਰਲਾ ਨਹੀ ਹੈ। ਤਖਤ ਸਾਹਿਬਾਨਾਂ ਦੇ ਸਿੰਘ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਹਮੇਸਾਂ ਸ਼ਰਮਸ਼ਾਰ ਕਰਨ ਵਾਲੀ ਚਰਚਾ ਵਿੱਚ ਰਹੀ ਹੈ। ਲੰਮੇ ਸਮੇ ਤੋ ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਧੜੇ ਦਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੀ ਕਬਜਾ ਚੱਲਿਆ ਆ ਰਿਹਾ ਹੈ, ਜਿਸ ਨੂੰ ਵਰਤ ਕੇ ਬਾਦਲ ਧੜਾ ਹਮੇਸਾਂ ਸਿੱਖ ਰਾਜਨੀਤੀ ਤੇ ਭਾਰੂ ਰਹਿੰਦਾ ਰਿਹਾ ਹੈ। ਪਰੰਤੂ 2015 ਤੋਂ ਜਦੋਂ ਤੋਂ ਅਕਾਲੀ ਦਲ ਭਾਜਪਾ ਗੱਠਜੋੜ ਦੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਸਮੇਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦਾ ਦੌਰ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਚੱਲਿਆ, ਉਸਤੋਂ ਬਾਅਦ ਅਕਾਲੀ ਦਲ ਦੇ ਉਕਤ ਧੜੇ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਮੌਜੂਦਾ ਸਮੇਂ ਤੱਕ ਪੁੱਜਦਿਆਂ ਪੰਜਾਬ ਦੀ ਨੁਮਾਇੰਦਗੀ ਦੇ ਸਭ ਤੋ ਵੱਡਾ ਦਾਅਵੇਦਾਰ ਮੰਨੇ ਜਣ ਵਾਲੇ ਸ੍ਰੋਮਣੀ ਅਕਾਲੀ ਦਲ ਦਾ ਵਜੂਦ ਪੰਜਾਬ ਦੀ ਸਿਆਸਤ ਵਿੱਚੋਂ ਹਾਸੀਏ ਤੇ ਚਲਾ ਗਿਆ। ਇਹਦਾ ਕਾਰਨ ਇਹ ਨਹੀਂ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਭਾਰੂ ਹੋ ਗਈ, ਬਲਕਿ ਇਹਦਾ ਕਾਰਨ ਸ੍ਰੋਮਣੀ ਅਕਾਲੀ ਦਲ ਦਾ ਪੰਥਕ ਹਿਤਾਂ ਨੂੰ ਤਿਲਾਂਜਲੀ ਦੇਣਾ ਅਤੇ ਆਪਣੇ ਗੁਰੂ ਤੋ ਵੀ ਬੇਮੁੱਖ ਹੋਣਾ ਹੈ, ਜਿਸ ਕਰਕੇ ਪੰਜਾਬ ਅਤੇ ਪੰਥ ਦੀ ਨੁਮਾਇੰਦਾ ਜਮਾਤ ਸਰੋਮਣੀ ਅਕਾਲੀ ਦਲ ਤੋ ਪੰਜਾਬ ਦੇ ਸਿੱਖ ਭਾਈਚਾਰੇ ਦਾ ਮੋਹ ਭੰਗ ਹੋ ਗਿਆ, ਲਿਹਾਜ਼ਾ ਪੰਜਾਬ ਅੰਦਰ ਆਮ ਆਦਮੀ ਪਾਰਟੀ ਬਦਲਵੇਂ ਰੂਪ ਵਿੱਚ ਪਰਵਾਂਨ ਚੜ੍ਹ ਗਈ। ਬੇਹੱਦ ਮਾੜੇ ਹਾਲਤਾਂ ਚੋ ਗੁਜਰਨ ਦੇ ਬਾਵਜੂਦ ਵੀ ਕਿਉਂਕਿ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੀ ਇਹੋ ਧੜਾ ਕਾਬਜ਼ ਹੈ, ਇਸ ਕਰਕੇ ਸਿੱਖ ਰਾਜਨੀਤੀ ਵਿੱਚ ਕੋਈ ਹੋਰ ਧੜਾ ਆਪਣੇ ਪੈਰ ਪਸਾਰਨ ਦੇ ਯੋਗ ਨਾ ਹੋ ਸਕਿਆ। ਇਸ ਤੋ ਇਲਾਵਾ ਪੰਥ ਹਿਤੈਸੀ ਰਾਜਨੀਤੀ ਦੇ ਫੇਲ੍ਹ ਹੋਣ ਦਾ ਇੱਕ ਵੱਡਾ ਕਾਰਨ ਇਹ ਵੀ ਰਿਹਾ ਹੈ ਕਿ ਪੰਥਕ ਧੜਿਆਂ ਵਿੱਚ ਖਤਰਨਾਕ ਹੱਦ ਤੱਕ ਵੰਡੀਆਂ ਹੀ ਨਹੀ ਪਈਆਂ ਹੋਈਆਂ, ਬਲਕਿ ਖਾਨਾਜੰਗੀ ਵਾਲਾ ਮਹੌਲ ਵੀ ਬਣਿਆ ਰਿਹਾ ਹੈ। ਇਹ ਵਰਤਾਰਾ ਪੰਥ 'ਤੇ ਹਮੇਸਾਂ ਭਾਰੂ ਰਿਹਾ ਹੈ। ਪੰਥ ਦੀ ਆਪਸੀ ਪਾਟੋਧਾੜ ਦੀ ਬਦੌਲਤ ਹੀ ਸਮੁੱਚੀਆਂ ਸਿੱਖ ਸੰਸਥਾਵਾਂ, ਸਿੱਖ ਸਿਧਾਤਾਂ ਅਤੇ ਸਿੱਖਾਂ ਨੂੰ ਅਜਾਦ ਪ੍ਰਭੂਸੱਤਾ ਦਾ ਸੁਨੇਹਾ ਦੇਣ ਵਾਲੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਯਾਦਾ ਦਾ ਘਾਣ ਹੁੰਦਾ ਆ ਰਿਹਾ ਹੈ। ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਆਪਣੇ ਨਿੱਜੀ ਮੁਫਾਦਾਂ ਲਈ ਤਖਤ ਸਾਹਿਬਾਨਾਂ ਦੇ ਜਥੇਦਾਰ ਨੂੰ ਵਰਤਦੀ ਹੀ ਨਹੀਂ ਆ ਰਹੀ ਬਲਕਿ ਸਮੇਂ ਸਮੇਂ ਤੇ ਉਹਨਾਂ ਦੀ ਬਲੀ ਵੀ ਦਿੰਦੀ ਆ ਰਹੀ ਹੈ। ਜਿਸ ਸਰਬ ਉੱਚ ਅਸਥਾਨ ਦੇ ਮੁੱਖ ਸੇਵਾਦਾਰ ਨੇ ਕੌਮ ਨੂੰ ਅਗਵਾਈ ਦੇਣੀ ਹੁੰਦੀ ਹੈ,ਉਹਨਾਂ ਦੇ ਰੁਤਬੇ ਪਦਾਰਥ ਅਤੇ ਸੁਆਰਥ ਦੇ ਲੋਭ ਲਾਲਚ ਵਿੱਚ ਲਬੇੜ ਕੇ ਬੌਨੇ ਕਰ ਦਿੱਤੇ ਗਏ ਹਨ। ਲੰਘੀ ਦੋ ਦਸੰਬਰ ਨੂੰ ਆਏ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਦੇ ਫੈਸਲੇ ਤੋ ਬਾਅਦ ਜਿਸਤਰਾਂ ਇਸ ਸੰਸਥਾ ਦੇ ਵਕਾਰ ਅਤੇ ਸ਼ਾਨਾਮੱਤੇ ਸਿਧਾਂਤ ਨੂੰ ਰੋਲਿਆ ਗਿਆ ਹੈ, ਉਹ ਬੇਹੱਦ ਮੰਦਭਾਗਾ ਅਤੇ ਕੌਮੀ ਭਵਿੱਖ ਦੇ ਹੋਰ ਧੁੰਦਲਾ ਹੋਣ ਵੱਲ ਇਸਾਰਾ ਕਰਦਾ ਹੈ।ਕਾਬਜ ਧੜਾ ਜਿਸ ਤਰ੍ਹਾਂ ਜਥੇਦਾਰ ਸਾਹਿਬਾਨਾਂ ਨੂੰ ਬੇਇਜਤ ਕਰਕੇ ਅਹੁਦਿਆਂ ਤੋ ਪਾਸੇ ਕਰਦਾ ਹੈ, ਉਹਦੇ ਨਾਲ ਜੱਗ ਹਸਾਈ ਤਾਂ ਹੁੰਦੀ ਹੀ ਹੈ, ਪਰ ਉਸ ਤੋ ਵੀ ਵੱਧ ਸਿੱਖ ਹਿਤਾਂ ਦੇ ਪ੍ਰਭਾਵਤ ਹੋਣ ਦੇ ਖਤਰੇ ਮੰਡਰਾਉਣ ਲੱਗਦੇ ਹਨ। ਕੇਂਦਰੀ ਤਾਕਤਾਂ ਪਹਿਲਾਂ ਹੀ ਅਜਿਹਾ ਚਾਹੁੰਦੀਆਂ ਹਨ,ਜਿਸ ਨਾਲ ਕੌਮ ਦੀ ਤਾਕਤ ਮਲੀਆਮੇਟ ਹੋ ਜਾਵੇ ਅਤੇ ਉਹ ਸਦੀਆਂ ਤੱਕ ਗੁਲਾਮੀ ਕੱਟਣ ਲਈ ਮਜਬੂਰ ਰਹੇ। ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ ਸਿੱਖ ਭਾਵਨਾਵਾਂ ਨੂੰ ਦਰਕਿਨਾਰ ਕਰਦਿਆਂ ਜਥੇਦਾਰਾਂ ਨੂੰ ਆਹੁਦਿਆਂ ਤੋ ਹਟਾ ਕੇ ਨਵੇਂ ਜਥੇਦਾਰ ਨਿਯੁਕਤ ਕਰ ਦਿੱਤੇ ਸਨ। ਪ੍ਰੰਤੂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਤਖਤ ਸ੍ਰੀ ਕੇਸ਼ਗੜ ਸਾਹਿਬ ਦੇ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਨੂੰ ਸੇਵਾ ਸੌਪ ਦਿੱਤੀ ਗਈ ਸੀ। ਸਿੰਘ ਸਾਹਿਬਾਨਾਂ ਨੂੰ ਹਟਾਉਣ ਅਤੇ ਨਿਯੁਕਤੀ ਦੇ ਤੌਰ ਤਰੀਕਿਆਂ ਦਾ ਵੱਡੇ ਪੱਧਰ ਤੇ ਵਿਰੋਧ ਹੋਣ ਦੇ ਬਾਵਜੂਦ ਸਰੋਮਣੀ ਕਮੇਟੀ ਤੇ ਕਾਬਜ਼ ਧੜੇ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਸਭ ਤੋ ਵੱਧ ਵਿਰੋਧ ਜਿਤਾਉਣ ਵਾਲਿਆਂ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਅਤੇ ਦਮਦਮੀ ਟਕਸਾਲ ਚੌਕ ਮਹਿਤਾ ਸਾਮਲ ਸਨ। ਇਹ ਵੀ ਸੱਚ ਹੈ ਕਿ ਸਿੱਖਾਂ ਵੱਲੋਂ ਕੁੱਝ ਸਮਾ ਪਾਕੇ ਜਥੇਦਾਰਾਂ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ। ਏਸੇ ਤਰ੍ਹਾਂ ਹੀ ਮੌਜੂਦਾ ਕਾਰਜਕਾਰੀ ਜਥੇਦਾਰ ਦੀ ਕਾਰਜਸ਼ੈਲੀ ਨੇ ਵੀ ਕਾਫੀ ਹੱਦ ਤੱਕ ਵਿਰੋਧ ਘਟਾਉਣ ਵਿੱਚ ਸਫਲਤਾ ਹਾਸਲ ਕਰ ਲਈ ਹੈ,ਪਰ ਕਾਬਜ ਧਿਰਾਂ ਸਾਇਦ ਇਹ ਵੀ ਨਹੀ ਚਾਹੁੰਦੀਆਂ। ਉਹਨਾਂ ਨੂੰ ਹਰ ਉਹ ਵਿਅਕਤੀ ਜਥੇਦਾਰ ਦੇ ਰੂਪ ਵਿੱਚ ਨਾ-ਪਰਵਾਨ ਹੈ, ਜਿਹੜਾ ਪੰਥਕ ਰਹੁਰੀਤਾਂ ਤੇ ਪਹਿਰਾ ਦੇਣ ਦੀ ਗੱਲ ਕਰਦਾ ਹੈ। ਹੁਣ ਵੀ ਅਜਿਹਾ ਹੀ ਜਾਪ ਰਿਹਾ ਹੈ। ਹੁਣ ਵੀ ਟਰਾਇਲ ਵਾਸਤੇ ਕਾਰਜਕਾਰੀ ਸੇਵਾਵਾਂ ਦੇਕੇ ਕਾਇਆ ਜਥੇਦਾਰ ਵੀ ਫਿੱਟ ਨਹੀ ਬੈਠ ਰਿਹਾ। ਇੱਥੇ ਇੱਕ ਗੱਲ ਹੋਰ ਵੀ ਸਾਂਝੀ ਕਰਨੀ ਬਣਦੀ ਹੈ ਕਿ ਪੁਰਾਤਨ ਸਿੱਖਾਂ ਅੰਦਰ ਇਹ ਪਰੰਪਰਾ ਰਹੀ ਹੈ ਕਿ ਕੌਮ ਦੀ ਹੋਣੀ ਦੇ ਫੈਸਲੇ ਕਿਸੇ ਇੱਕ ਧੜੇ ਵੱਲੋਂ ਧੱਕੇ ਨਾਲ ਪੰਥ ਤੇ ਥੋਪੇ ਨਹੀਂ ਸਨ ਜਾਂਦੇ ਬਲਕਿ ਸਰਬਤ ਖਾਲਸਾ ਸੱਦ ਕੇ ਗੁਰਮਤੇ ਕੀਤੇ, ਵਿਚਾਰੇ ਜਾਂਦੇ ਸਨ। ਸ੍ਰੀ ਅਕਾਲ ਤਖਤ ਸਾਹਿਬ ਤੋ ਹੋਣ ਵਾਲੇ ਫੈਸਲੇ ਵੀ ਕਿਸੇ ਇੱਕ ਵਿਅਕਤੀ ਵੱਲੋਂ ਕੌਮ ਤੇ ਨਹੀ ਸਨ ਥੋਪੇ ਜਾਂਦੇ, ਬਲਕਿ ਉਹ ਵੀ ਪੰਜ ਸਿੰਘ ਸਾਹਿਬਾਨ ਆਪਸੀ ਸਲਾਹ ਮਸ਼ਬਰਾ ਕਰਨ ਤੋ ਬਾਅਦ ਹੀ ਮੁੱਖ ਜਥੇਦਾਰ ਨੂੰ ਬੇਨਤੀ ਕਰਦੇ ਸਨ ਕਿ ਇਸ ਹੁਕਨਾਮੇ ਨੂੰ ਕੌਮ ਲਈ ਜਾਰੀ ਕਰ ਦਿੱਤਾ ਜਾਵੇ, ਭਾਵ ਗੁਰੂ ਸਾਹਿਬ ਜੀ ਵੱਲੋਂ ਚਲਾਈ ਪੰਚ ਪ੍ਰਧਾਨੀ ਪ੍ਰਥਾ ਤੇ ਪੂਰਨ ਰੂਪ ਵਿੱਚ ਪਹਿਰਾ ਦਿੱਤਾ ਜਾਂਦਾ ਸੀ, ਜਿਸ ਨੂੰ ਪੰਥ ਵੀ ਖਿੜੇ ਮੱਥੇ ਪਰਵਾਨ ਕਰਦਾ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਪੰਥ ਲਈ ਸਰਬ ਉੱਤਮ ਹੋਣ ਦਾ ਕਾਰਨ ਵੀ ਇਹੋ ਸੀ ਕਿ ਉਸ ਮੌਕੇ ਛਲ ਕਪਟ ਵਾਲੀ ਰਾਜਨੀਤੀ ਸਰਬ ਉੱਚ ਸੰਸਥਾ ਤੇ ਭਾਰੂ ਨਹੀ ਸੀ। ਪੁਰਾਤਨ ਹਾਲਾਤਾਂ ਦੇ ਸੰਦਰਭ ਵਿੱਚ ਜਦੋ ਮੌਜੂਦਾ ਹਾਲਾਤਾਂ ਨੂੰ ਦੇਖਿਆ ਜਾਂਦਾ ਹੈ, ਤਾਂ ਪਿਛਲਾ ਸਭ ਕੁੱਝ ਸੁਪਨੇ ਵਾਂਗ ਹੀ ਜਾਪਦਾ ਹੈ। ਉਸ ਮੌਕੇ ਦੀ ਰਾਜਨੀਤੀ ਸਿੱਖੀ ਸਿਧਾਤਾਂ 'ਤੇ ਟਿਕੀ ਹੋਈ ਹੋਣ ਕਰਕੇ ਦੁਨੀਆਂ ਦੇ ਸ਼ਕਤੀਸ਼ਾਲੀ ਹਾਕਮ ਵਜੋ ਜਾਣਿਆਂ ਜਾਣ ਵਾਲਾ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਵੀ ਸਿਧਾਂਤਾਂ ਦੀ ਅਵੱਗਿਆ ਕਰਨ ਦੇ ਦੋਸ਼ੀ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋਕੇ ਨੰਗੇ ਪਿੰਡੇ ਕੋੜਿਆਂ ਦੀ ਸਜ਼ਾ ਭੁਗਤਣ ਲਈ ਨੀਵੀ ਪਾ ਕੇ ਹੱਥ ਜੋੜ ਕੇ ਖੜਾ ਹੋ ਗਿਆ ਸੀ। ਪ੍ਰੰਤੂ ਮੌਜੂਦਾ ਸਮੇ ਤੱਕ ਪਹੁੰਚਦਿਆਂ ਪਹੁੰਚਦਿਆਂ ਰਾਜਨੀਤੀ ਐਨੀ ਬੁਰੀ ਤਰ੍ਹਾਂ ਸਿੱਖ ਸੰਸਥਾਵਾਂ ਤੇ ਭਾਰੂ ਪੈ ਗਈ, ਸਿਧਾਂਤਾਂ ਦਾ ਮਲੀਆਮੇਟ ਹੋ ਗਿਆ। ਆਉਣ ਵਾਲੇ ਦਿਨਾਂ ਵਿੱਚ ਇੱਕ ਵਾਰ ਫਿਰ ਸਿੱਖ ਕੌਮ ਨੂੰ ਜਥੇਦਾਰ ਸਾਹਿਬਾਨਾਂ ਨੂੰ ਨਿਯੁਕਤ ਕਰਨ ਅਤੇ ਸੇਵਾ ਮੁਕਤ ਕਰਨ ਦੇ ਵਿਧੀ ਵਿਧਾਨ ਬਣਾਉਣ ਦੇ ਭਰਮਜਾਲ ਵਿੱਚ ਇੱਕ ਹੋਰ ਧੋਖਾ ਕੀਤੇ ਜਾਣ ਦੀਆਂ ਖਬਰਾਂ ਵੀ ਨਿਕਲ ਕੇ ਆ ਰਹੀਆਂ ਹਨ, ਉਹ ਇਹ ਹੈ ਕਿ ਵਿਧੀ ਵਿਧਾਨ ਦੇ ਨਾਲ ਨਾਲ ਸਿੰਘ ਸਹਿਬਾਨ ਦੇ ਕਾਰਜ ਖੇਤਰ ਨੂੰ ਵੀ ਸੀਮਤ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ, ਤਾਂ ਕਿ ਕਾਬਜ ਧਿਰ ਨੂੰ ਭਵਿੱਖ ਵਿੱਚ ਵੀ ਦੋ ਦਸੰਬਰ ਵਾਲਾ ਸੰਤਾਪ ਹੰਢਾਉਣ ਦੀ ਨੌਬਤ ਆ ਹੀ ਨਾ ਸਕੇ। ਜਦੋਂਕਿ ਜਥੇਦਾਰਾਂ ਦਾ ਕਾਰਜ ਖੇਤਰ ਅਸੀਮਤ ਹੈ, ਉਹਨੂੰ ਸੀਮਤ ਕਰਨ ਦਾ ਕਿਸੇ ਨੂੰ ਵੀ ਕੋਈ ਅਧਿਕਾਰ ਨਹੀਂ ਹੈ, ਪਰ ਕੁੱਤੀ ਪੀਂਹਦੀ ਹੈ ਕੁੱਤੇ ਚੱਟਦੇ ਹਨ, ਇੱਥੇ ਪੁੱਛਣ ਵਾਲਾ ਕੌਣ ਹੈ। ਇਸ ਤੋ ਇਲਾਵਾ ਖਬਰਾਂ ਤਾਂ ਇਹ ਵੀ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਇੱਕ ਅਜਿਹੇ ਸਰੋਮਣੀ ਕਮੇਟੀ ਮੈਂਬਰ ਨੂੰ ਲਾਇਆ ਜਾ ਰਿਹਾ ਹੈ, ਜਿਹੜਾ ਪਿਛਲੇ ਲੱਗਭੱਗ ਸਾਢੇ ਤਿੰਨ ਦਹਾਕਿਆਂ ਤੋ ਬਾਦਲ ਪਰਿਵਾਰ ਦਾ ਵਫਾਦਾਰ, ਦਮਦਮੀ ਟਕਸ਼ਾਲ ਚੌਕ ਮਹਿਤਾ ਦਾ ਨਜਦੀਕੀ ਅਤੇ ਅਕਾਲੀ ਦਲ ਬਾਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਦਾ ਰਿਸ਼ਤੇਦਾਰ ਹੈ। ਉਕਤ ਸ਼੍ਰੋਮਣੀ ਕਮੇਟੀ ਮੈਂਬਰ ਉਹ ਵਿਅਕਤੀ ਹੈ,ਜਿਹੜਾ 2016 ਵਿੱਚ ਜਦੋ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਧੰਨ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਟ ਹੋਏ ਸਨ,ਉਦੋ ਉਕਤ ਵਿਅਕਤੀ ਸ਼੍ਰੋਮਣੀ ਕਮੇਟੀ ਦੀ ਤਤਕਾਲੀ ਐਗਜੈਕਟਿਵ ਵਿੱਚ ਸ਼ਾਮਲ ਸੀ, ਜਿਸਨੂੰ ਪੂਰੀ ਦੀ ਪੂਰੀ ਐਗਜੈਕਟਿਵ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਵੱਡੀ ਅਣਗਹਿਲੀ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਸਾਰੀ ਐਗਜੈਕਟਿਵ ਨੂੰ ਸਜ਼ਾ ਵੀ ਲਾਈ ਗਈ ਸੀ। ਭਾਵੇਂ ਭੁੱਲ ਬਖਸ਼ਾ ਲਈ ਗਈ ਸੀ ਪਰ ਉਕਤ ਦੋਸ਼ਾਂ ਦਾ ਸਾਹਮਣਾ ਕਰ ਚੁੱਕੇ ਵਿਅਕਤੀਆਂ ਦੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਨ ਵਾਲੇ ਪ੍ਰਧਾਨ ਸਮੇਤ ਸਮੁੱਚੀ ਕਾਰਜਕਾਰਨੀ ਦੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਭਾਵੇਂ ਸਿੱਖਾਂ ਵਿੱਚ ਹੁਣ ਇਹ ਕੋਈ ਭੁਲੇਖਾ ਨਹੀ ਰਿਹਾ ਕਿ ਇਹ ਲੋਕ ਅਜਿਹਾ ਕੀਹਦੇ ਲਈ ਕਰ ਰਹੇ ਹਨ, ਫਿਰ ਵੀ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਗੁਰੂ ਤੋ ਬੇਮੁੱਖ ਹੋ ਕੇ ਸਿੱਖੀ ਸਿਧਾਤਾਂ ਨੂੰ ਪੈਰਾਂ ਹੇਠ ਲਿਤਾੜਨ ਵਾਲੇ ਲੋਕਾਂ ਦੀਆਂ ਤਾਰਾਂ ਉਹਨਾਂ ਕੌਮ ਵਿਰੋਧੀਆਂ ਨਾਲ ਜੁੜਦੀਆਂ ਹਨ ਜਿਹੜੀਆਂ ਸਿੱਖ ਕੌਮ ਦੀ ਵੱਖਰੀ ਹੋਂਦ ਹਸਤੀ ਨੂੰ ਮਿਟਾ ਕੇ ਹਿੰਦੂ ਧਰਮ ਦਾ ਅੰਗ ਦਰਸਾਉਣ ਲਈ ਯਤਨਸ਼ੀਲ ਹਨ। ਜਿੰਨੀ ਦੇਰ ਸਿੱਖ ਪੰਥ ਆਪਣੀ ਨਿਆਰੀ ਹੋਂਦ ਹਸਤੀ ਦੀ ਸਲਾਮਤੀ ਲਈ ਫਿਕਰਮੰਦ ਨਹੀ ਹੁੰਦਾ ਓਨੀ ਦੇਰ ਇਹ ਵਰਤਾਰੇ ਵਾਪਰਦੇ ਰਹਿਣਗੇ।

# ਟਰੰਪ ਦੀਆਂ ਨੀਤੀਆਂ ਦਾ ਅਸਰ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਸ਼ੁਰੂ ਕੀਤੀ ਗਈ ਟੈਰਿਫ (ਟੈਕਸ) ਜੰਗ ਨੇ ਦੁਨੀਆ ਭਰ ਵਿਚ ਹੀ ਨਹੀਂ, ਸਗੋਂ ਅਮਰੀਕਾ ਵਿਚ ਵੀ ਇਕ ਤਰ੍ਹਾਂ ਦੀ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਪੈਦਾ ਹੋਈ ਆਰਥਿਕ ਅਸਥਿਰਤਾ ਕਾਰਨ ਚਿੰਤਾ 'ਚ ਡੁੱਬੇ ਅਮਰੀਕਨਾਂ ਨੇ ਉੱਥੇ ਬਹੁਤ ਸਾਰੇ ਸ਼ਹਿਰਾਂ ਵਿਚ ਰਾਸ਼ਟਰਪਤੀ ਵਿਰੁੱਧ ਵੱਡੇ ਮੁਜ਼ਾਹਰੇ ਕੀਤੇ ਹਨ, ਪਰ ਟਰੰਪ ਨੇ ਆਪਣੇ ਪੱਖ ਨੂੰ ਠੀਕ ਦੱਸਦਿਆਂ ਇਹ ਕਿਹਾ ਹੈ ਕਿ ਉਸ ਦਾ ਇਹ ਕਦਮ ਇਕ ਕੌੜੀ ਦਵਾਈ ਵਾਂਗ ਹੈ, ਜਿਸ ਨੂੰ ਪੀਣਾ ਹੀ ਪਵੇਗਾ, ਕਿਉਂਕਿ ਇਸੇ ਵਿਚ ਅਮਰੀਕਾ ਦੀ ਭਲਾਈ ਹੈ ਅਤੇ ਆਉਂਦੇ ਸਮੇਂ ਵਿਚ ਅਮਰੀਕਾ ਇਕ ਵਾਰ ਫਿਰ ਮਜ਼ਬੂਤ ਅਤੇ ਮਹਾਨ ਦੇਸ਼ ਬਣ ਕੇ ਉੱਭਰੇਗਾ। ਟਰੰਪ ਕੌਮਾਂਤਰੀ ਵਪਾਰ ਵਿਚ ਟੈਕਸਾਂ ਦੇ ਲੈਣ-ਦੇਣ 'ਚ ਕਿਸੇ ਤਰ੍ਹਾਂ ਦਾ ਘਾਟਾ ਨਹੀਂ ਚਾਹੁੰਦੇ। ਸਾਲ 2024 ਵਿਚ ਅਮਰੀਕਾ ਨੂੰ ਦੂਜੇ ਦੇਸ਼ਾਂ ਨਾਲ ਹੋਏ ਵਪਾਰ ਵਿਚ ਜੋ 1.2 ਟ੍ਰਿਲੀਅਨ ਡਾਲਰ (ਇਕ ਲੱਖ ਤਿੰਨ ਹਜ਼ਾਰ ਦੋ ਸੌ ਸੱਠ ਅਰਬ ਰੁਪਏ) ਦਾ ਜੋ ਘਾਟਾ ਪਿਆ ਹੈ, ਉਹ ਉਸ ਦੀ ਪੂਰਤੀ ਚਾਹੁੰਦੇ ਹਨ। ਇੱਥੇ ਹੀ ਬੱਸ ਨਹੀਂ, ਉਨ੍ਹਾਂ ਨੇ ਆਪਣੇ ਮਿੱਤਰ ਐਲਨ ਮਸਕ, ਜੋ ਅੱਜ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਮੰਨਿਆ ਜਾਂਦਾ ਹੈ, ਦੀ ਸਲਾਹ 'ਤੇ ਅਮਰੀਕਾ ਵਲੋਂ ਗ਼ਰੀਬ ਅਤੇ ਲੋੜਵੰਦ ਮੁਲਕਾਂ ਲਈ ਸ਼ੁਰੂ ਕੀਤੀਆਂ ਅਨੇਕਾਂ ਯੋਜਨਾਵਾਂ ਨੂੰ ਵੀ ਬੰਦ ਕਰ ਦਿੱਤਾ ਹੈ। ਇਸ ਕੰਮ ਵਿਚ ਲੱਗੇ ਵੱਡੀ ਗਿਣਤੀ ਵਿਚ ਕਰਮਚਾਰੀਆਂ ਨੂੰ ਵੀ ਹਟਾ ਦਿੱਤਾ ਹੈ। ਮਸਕ ਨੇ ਕੌਮਾਂਤਰੀ ਪੱਧਰ 'ਤੇ ਵਧ ਰਹੀ ਧਰਤੀ ਦੀ ਤਪਸ਼, ਪ੍ਰਦੂਸ਼ਣ ਨੂੰ ਘਟਾਉਣ ਦੀਆਂ ਯੋਜਨਾਵਾਂ ਅਤੇ ਸੰਯੁਕਤ ਰਾਸ਼ਟਰ ਨੂੰ ਵੱਖ-ਵੱਖ ਕੰਮਾਂ ਲਈ ਦਿੱਤੀ ਜਾਂਦੀ ਵੱਡੀ ਰਾਸ਼ੀ 'ਤੇ ਵੀ ਰੋਕ ਲਗਵਾ ਦਿੱਤੀ ਹੈ। ਅੱਜ ਦੀ ਕੁੱਲ ਕੌਮਾਂਤਰੀ ਅਰਥਵਿਵਸਥਾ 110 ਟ੍ਰਿਲੀਅਨ ਡਾਲਰ (94,65,500 ਰੁਪਏ) ਦੀ ਮਿੱਥੀ ਗਈ ਹੈ। ਇਸ ਵਿਚ ਅਮਰੀਕਾ ਦਾ ਲਗਭਗ ਤੀਜਾ ਹਿੱਸਾ ਹੈ, ਪਰ ਉਸ ਦੇ ਮੁਕਾਬਲੇ ਵਿਚ ਚੀਨ ਦੀ ਅਰਥਵਿਵਸਥਾ ਵੀ ਕਾਫੀ ਮਜ਼ਬੂਤ ਦਿਖਾਈ ਦੇ ਰਹੀ ਹੈ। ਉਸ ਦਾ ਵੀ ਕੌਮਾਂਤਰੀ ਅਰਥਵਿਵਸਥਾ ਵਿਚ 20 ਫ਼ੀਸਦੀ ਦਾ ਹਿੱਸਾ ਮੰਨਿਆ ਗਿਆ ਹੈ। ਚੀਨ ਵਲੋਂ, ਅਮਰੀਕਾ ਦੁਆਰਾ ਲਾਏ ਗਏ ਟੈਰਿਫ ਵਿਰੁੱਧ ਸਖ਼ਤ ਪ੍ਰਤੀਕਰਮ ਪ੍ਰਗਟਾਉਂਦਿਆਂ ਅਮਰੀਕੀ ਬਰਾਮਦਾਂ 'ਤੇ ਵੀ ਵੱਡੇ ਟੈਰਿਫ ਲਗਾਉਣ ਦਾ ਐਲਾਨ ਕੀਤਾ ਗਿਆ ਹੈ, ਜਦੋਂ ਕਿ ਭਾਰਤ ਨੇ ਸਮੁੱਚੀ ਸਥਿਤੀ ਨੂੰ ਭਾਂਪਦਿਆਂ ਹਾਲੇ ਟਕਰਾਅ ਦੀ ਨਹੀਂ, ਸਗੋਂ ਇਸ ਮਸਲੇ 'ਤੇ ਗੱਲਬਾਤ ਦੀ ਨੀਤੀ ਅਪਣਾਈ ਹੈ, ਪਰ ਭਾਰਤੀ ਸ਼ੇਅਰ ਬਾਜ਼ਾਰਾਂ ਦੇ ਇਕ ਦਮ ਡਿਗਣ ਨੇ ਇੱਥੇ ਵੀ ਵੱਡੀ ਚਿੰਤਾ ਪੈਦਾ ਕੀਤੀ ਹੈ। ਭਾਰਤ ਨੂੰ ਅਮਰੀਕਾ ਵਲੋਂ 26 ਫ਼ੀਸਦੀ ਟੈਰਿਫ ਲਾਉਣ ਨਾਲ ਉਤਪਾਦਾਂ 'ਤੇ ਹੋਰ ਉਨ੍ਹਾਂ ਦੇਸ਼ਾਂ ਵਾਂਗ ਵੱਡਾ ਘਾਟਾ ਪੈਣ ਦਾ ਖ਼ਤਰਾ ਨਹੀਂ ਹੈ, ਜਿਨ੍ਹਾਂ ਨੇ ਅਮਰੀਕਾ ਨਾਲ ਵੱਡੀ ਪੱਧਰ 'ਤੇ ਵਪਾਰਕ ਲੈਣ ਦੇਣ ਬਣਾਇਆ ਹੋਇਆ ਹੈ। ਦੱਖਣ-ਪੂਰਬੀ ਏਸ਼ੀਆ ਦੇ ਮਲੇਸ਼ੀਆ ਅਤੇ ਥਾਈਲੈਂਡ ਵਰਗੇ ਦੇਸ਼ਾਂ ਦਾ ਵੱਡੀ ਪੱਧਰ 'ਤੇ ਅਮਰੀਕਾ ਨਾਲ ਵਪਾਰ ਹੁੰਦਾ ਹੈ, ਜਿਸ ਕਰਕੇ ਉਸ ਖਿੱਤੇ ਦੇ ਬਹੁਤੇ ਦੇਸ਼ਾਂ 'ਤੇ ਇਸ ਦਾ ਵੱਡਾ ਅਸਰ ਪੈਣ ਦੀ ਸੰਭਾਵਨਾ ਬਣੀ ਨਜ਼ਰ ਆਉਂਦੀ ਹੈ। ਚਾਹੇ ਅੱਜ ਕੌਮਾਂਤਰੀ ਵਪਾਰ ਡਾਲਰ ਵਿਚ ਹੀ ਚੱਲਦਾ ਹੈ, ਪਰ ਫਿਰ ਵੀ ਭਾਰਤ ਨੇ ਹੋਰ ਬਹੁਤ ਸਾਰੇ ਦੇਸ਼ਾਂ ਨਾਲ ਤਿਜ਼ਾਰਤੀ ਸੰਬੰਧ ਬਣਾਏ ਹੋਏ ਹਨ। ਸਮੇਂ ਦੇ ਬੀਤਣ ਨਾਲ ਅਮਰੀਕਾ ਦੇ ਮੁਕਾਬਲੇ ਉਸ ਨੂੰ ਵਪਾਰ ਲਈ ਹੋਰ ਦੇਸ਼ਾਂ ਨੂੰ ਵਧੇਰੇ ਤਰਜੀਹ ਦੇਣ ਦੀ ਨੀਤੀ ਅਪਣਾਉਣੀ ਪਵੇਗੀ। ਇਸੇ ਲਈ ਹੀ ਸੋਮਵਾਰ ਦੇ ਦਿਨ ਜਾਪਾਨ ਅਤੇ ਹਾਂਗਕਾਂਗ ਵਰਗੇ ਦੇਸ਼ਾਂ ਦੇ ਸ਼ੇਅਰ ਬਾਜ਼ਾਰਾਂ ਵਿਚ ਜਿੰਨਾ ਘਾਟਾ ਦੇਖਿਆ ਗਿਆ, ਉਨ੍ਹਾਂ ਦੇ ਮੁਕਾਬਲੇ ਭਾਰਤ ਦੇ ਸ਼ੇਅਰ ਬਹੁਤ ਘੱਟ ਡਿਗੇ ਹਨ, ਪਰ ਇਕਦਮ ਕੌਮਾਂਤਰੀ ਪੱਧਰ 'ਤੇ ਵਪਾਰਕ ਸਰਗਰਮੀਆਂ ਵਿਚ ਪੈਦਾ ਹੋਈ ਇਸ ਉਲਝਣ ਨੇ ਸਥਿਤੀ ਨੂੰ ਗੰਭੀਰ ਅਤੇ ਚਿੰਤਾਜਨਕ ਜ਼ਰੂਰ ਬਣਾ ਦਿੱਤਾ ਹੈ। ਅਮਰੀਕਾ ਵਲੋਂ ਬਾਹਰਲੇ ਦੇਸ਼ਾਂ ਤੋਂ ਹੁੰਦੀਆਂ ਦਰਾਮਦਾਂ ਸੰਬੰਧੀ ਅਪਣਾਈ ਗਈ ਨਵੀਂ ਨੀਤੀ ਕਾਰਨ ਉਸ ਦੇਸ਼ ਨੂੰ ਦਰਾਮਦ ਘੱਟ ਹੋਵੇਗੀ, ਜਿਸ ਕਾਰਨ ਉੱਥੇ ਆਰਥਿਕ ਮੰਦੀ ਅਤੇ ਮਹਿੰਗਾਈ ਦੇ ਵਧਣ ਦੀਆਂ ਵੀ ਵੱਡੀਆਂ ਸੰਭਾਵਨਾਵਾਂ ਬਣ ਗਈਆਂ ਹਨ। ਇਕ ਅੰਦਾਜ਼ੇ ਅਨੁਸਾਰ ਇਸ ਨਾਲ ਹੋਣ ਵਾਲੀ ਮਹਿੰਗਾਈ ਦੇ ਚਲਦਿਆਂ, ਹਰ ਅਮਰੀਕਨ ਪਰਿਵਾਰ 'ਤੇ ਸਾਲਾਨਾ 4200 ਡਾਲਰ (3,61,410 ਰੁਪਏ) ਦਾ ਬੋਝ ਪਵੇਗਾ। ਇਸ ਸਮੇਂ ਤਾਂ ਪੈਦਾ ਹੋਈ ਇਸ ਗੁੰਝਲਦਾਰ ਸਥਿਤੀ ਸੰਬੰਧੀ ਟਰੰਪ ਆਪਣੀਆਂ ਨੀਤੀਆਂ ਜਾਰੀ ਰੱਖਣ ਦੀ ਜ਼ਿੱਦ 'ਤੇ ਅੜੇ ਹੋਏ ਹਨ, ਪਰ ਉਹ ਆਪਣੇ ਦੇਸ਼ ਵਾਸੀਆਂ ਦੇ ਨਾਲ-ਨਾਲ ਇਸ ਮੁਹਾਜ਼ 'ਤੇ ਬਣ ਰਹੇ ਕੌਮਾਂਤਰੀ ਦਬਾਅ ਨੂੰ ਕਿਸ ਕਦਰ ਅਤੇ ਕਿੰਨੀ ਕੁ ਦੇਰ ਸਹਿ ਸਕਣਗੇ, ਇਹ ਵੇਖਣ ਵਾਲੀ ਗੱਲ ਹੋਵੇਗੀ।



ਜਨਮ ਦਿਨ 'ਤੇ ਵਿਸ਼ੇਸ਼

# ਸਾਹਿਬਜ਼ਾਦਾ ਜੁਝਾਰ ਸਿੰਘ ਜੀ





ਆਪ ਜੀ ਦਸ਼ਮੇਸ਼ ਪਿਤਾ ਜੀ ਦੇ ਦੂਜੇ ਪੁੱਤਰ ਸਨ। ਆਪ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋਂ ਸੰਮਤ 1747 (14 ਮਾਰਚ 1691 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਆਪ ਦਾ ਦਾ ਪਾਲਣ-ਪੋਸ਼ਣ ਵੀ ਬਾਬਾ ਅਜੀਤ ਸਿੰਘ ਜੀ ਵਾਂਗ ਹੀ ਹੋਇਆ। ਆਪ ਜੀ ਨੇ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਅਤੇ ਰਣਨੀਤੀ ਗ੍ਰਹਿਣ ਕੀਤੀ। ਅੱਠ ਸਾਲ ਦੀ ਉਮਰ ਵਿੱਚ ਅੰਮ੍ਰਿਤ ਪਾਨ ਕੀਤਾ। ਆਪ ਜੀ ਵੀ ਗੁਰੂ ਪਿਤਾ ਅਤੇ ਵੱਡੇ ਭਰਾਤਾ ਬਾਬਾ ਅਜੀਤ ਸਿੰਘ ਤੇ ਹੋਰ ਮਰਜੀਵੜੇ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚੇ। ਬਾਬਾ ਜੁਝਾਰ ਸਿੰਘ ਜੀ ਨੇ ਗੜ੍ਹੀ ਦੀ ਅਟਾਰੀ ਤੇ ਬੈਠ ਕੇ ਸਿੰਘਾਂ ਸੂਰਮਿਆਂ ਅਤੇ ਬਾਬਾ ਅਜੀਤ ਸਿੰਘ ਜੀ ਦਾ ਜੰਗ ਵੇਖਿਆ। ਜਦੋਂ ਬਾਬਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ ਤਾਂ ਬਾਬਾ ਜੁਝਾਰ ਸਿੰਘ ਜੀ ਦਾ ਖ਼ੂਨ ਖੌਲਿਆ ਤੇ ਜੰਗ ਕਰਨ ਦੀ ਲਾਲਸਾ ਪ੍ਰਬਲ ਹੋ ਉੱਠੀ। ਗੁਰੂ ਪਿਤਾ ਜੀ ਤੋਂ ਆਗਿਆ ਮੰਗੀ। ਇਸ ਘਟਨਾ ਨੂੰ ਅੱਲਾ ਯਾਰ ਖਾਂ ਇਉਂ ਬਿਆਨ ਕਰਦੇ ਹਨ:-

**ਬੇਟੇ ਕੋ ਸ਼ਹਾਦਤ ਮਿਲੀ ਦੇਖਾ ਜੋ ਪਿਦਰ ਨੇ।**
**ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ।**
**ਰੁਖਸਤ ਹਮੇਂ ਦਿਲਵਾਓ ਪਿਤਾ ਜਾਏਂਗੇ ਮਰਨੇ।**

ਪਿਤਾ ਦੇ ਸਾਹਮਣੇ ਵੱਡਾ ਬੇਟਾ ਸ਼ਹੀਦ ਹੋ ਗਿਆ। ਛੋਟੇ ਪੁੱਤਰ ਨੇ ਵੇਖ ਕੇ ਪਿਤਾ ਗੁਰੂ ਤੋਂ ਆਗਿਆ ਮੰਗੀ ਕਿ ਮੈਨੂੰ ਵੀ ਰਣ ਤੱਤੇ ਵਿੱਚ ਕੁੱਦਣ ਦਿਓ। ਬਾਬਾ ਜੁਝਾਰ ਸਿੰਘ ਜੀ ਦੀ ਬੇਨਤੀ ਸੁਣ ਕੇ ਪਿਤਾ ਗੁਰੂ ਜੀ ਨੇ ਫਰਮਾਇਆ ,ਬੇਟਾ ਤੁਸੀਂ ਪੰਥ ਦੀ ਬੇੜੀ ਦੇ ਮਲਾਹ ਹੋ, ਸੀਸ ਭੇਟ ਕਰੋ ਤਾਂ ਜੋ ਧਰਮ ਦਾ ਬੇੜਾ ਪਾਰ ਲੱਗੇ। ਜਾਓ ਤੁਹਾਨੂੰ ਵੱਡੇ ਭਾਈ ਬਾਬਾ ਅਜੀਤ ਸਿੰਘ ਜੀ ਉਡੀਕ ਰਹੇ ਹਨ। ਮੇਰੀ ਚਾਹਨਾ ਹੈ ਕਿ ਮੈਂ ਤੈਨੂੰ ਜੰਗ ਵਿੱਚ ਬਰਛੀ ਚਲਾਉਂਦੇ ਤੇ ਬਰਛੀ ਦਾ ਵਾਰ ਸਹਿੰਦੇ ਹੋਏ ਵੇਖਾਂ।

ਪਿਤਾ ਗੁਰੂ ਜੀ ਨੇ ਆਗਿਆ ਦਿੱਤੀ ਸ਼ਸਤਰ ਸਜਾਏ ਅਤੇ ਪੰਜ ਸਿੰਘ ਨਾਲ ਤੋਰੇ। ਕਵਿ ਸੈਨਾ ਪਤਿ ਲਿਖਦੇ ਹਨ :-

**ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੁੰਚਿਓ ਆਨ।**
**ਦੌਰਿਓ ਦਲ ਮੈਂ ਧਾਇ ਕੈ ਕਰ ਮਹਿ ਗਹੀ ਕਮਾਨ।**

ਬਾਬਾ ਜੁਝਾਰ ਸਿੰਘ ਜੀ ਨੂੰ ਰਣ ਵਿੱਚ ਜੂਝਣ ਦਾ ਕਿੰਨਾ ਚਾਓ ਸੀ :-

**ਐਸੇ ਰੌਰ ਜਬ ਊਹਾ ਭਇਓ।**
**ਸਾਹਿਬ ਜੁਝਾਰ ਸਿੰਘ ਮਨ ਮਹਿ ਠਯੋ।**
**ਅਬ ਜੀਵਨ ਕੋ ਕੁਛ ਧੁਮ ਨਹੀਂ।**
**ਪੁਤ੍ਰ ਜੀਵੈ ਲੜ ਪਿਤਾ ਮਰਾਹੀ।**

ਬਾਬਾ ਅਜੀਤ ਸਿੰਘ ਜੀ ਤੋਂ ਬਾਅਦ ਜਦੋਂ ਬਾਬਾ ਜੁਝਾਰ ਸਿੰਘ ਰਣ ਤੱਤੇ ਵਿੱਚ ਗਰਜੇ ਤਾਂ ਵੈਰੀ ਦਲਾਂ ਵਿੱਚ ਸਹਿਮ ਛਾ ਗਿਆ। ਦੁਸ਼ਮਣ ਅੱਗੇ ਅੱਗੇ ਭੱਜਣ ਲੱਗੇ ,ਡਰ ਦੇ ਮਾਰੇ ਕੋਈ ਨੇੜੇ ਨਹੀਂ ਢੁੱਕਦਾ ਸੀ। ਜੰਗ ਵਿੱਚ ਲੋਥਾਂ ਦੇ ਢੇਰ ਲੱਗ ਗਏ। ਸਾਹਿਜ਼ਾਦੇ ਦੇ ਨੇਜ਼ੇ ਨੇ ਐਸੇ ਕਮਾਲ ਦਿਖਾਏ ਕਿ ਮੁਗਲ ਫੌਜਾਂ ਹੈਰਾਨ ਰਹਿ ਗਈਆਂ ਕਿ ਇਤਨੀ ਛੋਟੀ ਉਮਰ ਵਿੱਚ ਨੇਜ਼ਾ ਬਾਜ਼ੀ ਦੀ ਇਤਨੀ ਮੁਹਾਰਤ ਅਤੇ ਨਿਰਭੈਤਾ। ਯੋਗੀ ਅੱਲਾ ਯਾਰ ਖਾਂ ਜੀ ਇਸ ਤਰ੍ਹਾਂ ਲਿਖਦੇ ਹਨ :-

**ਦਸ ਬੀਸ ਕੋ ਜਖਮੀ ਕੀਆ ਦਸ ਬੀਸ ਕੋ ਮਾਰਾ।**
**ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ।**
**ਖੰਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ।**
**ਗੁਲ ਮਚ ਗਿਆ ਇਕ ਤਿਫਲ ਨੇ ਚਾਲੀਸ ਕੋ ਮਾਰਾ।**
**ਬਚ ਬਚ ਕੇ ਲੜੋ ਕਲਗੀਓ ਵਾਲੇ ਕੇ ਪਿਸਰ ਸੇ।**
**ਯਿਹ ਨੀਮਚਾਂ ਲਾਏ ਹੈਂ ਗੁਰੂ ਜੀ ਕੀ ਕਮਰ ਸੇ।**

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਘਮਸਾਨ ਮਚਾ ਦਿੱਤਾ। ਇੱਕੋ ਹਮਲੇ ਵਿੱਚ 21 ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਰਾਂਘੜਾਂ ਵਰਗੇ ਦੈਂਤ ਪਠਾਣਾਂ ਨੂੰ ਪਰੇ ਦਿੱਤਾ। ਸਾਰੇ ਰੌਲਾ ਮਚ ਗਿਆ ਕਿ ਕਲਗੀਧਰ ਦੇ ਬੀਰ ਸਪੂਤ ਤੋਂ ਬਚ ਕੇ ਲੜੋ। ਇਹਨਾਂ ਕੋਲ ਪਿਤਾ ਗੁਰੂ ਜੀ ਦਾ ਬਖਸ਼ਿਆ ਖੰਡਾ ਹੈ।

ਪਰ ਪੰਜ ਭੁੱਖੇ ਸਿੰਘ ਲੱਖਾਂ ਦਾ ਮੁਕਾਬਲਾ ਕਿੰਨੀ ਕੁ ਦੇਰ ਕਰ ਸਕਦੇ ਸਨ। ਸਾਹਿਬਜ਼ਾਦੇ ਨੂੰ ਲੜਦਿਆਂ ਲੜਦਿਆਂ ਸ਼ਾਮ ਪੈ ਗਈ। ਉਸ ਸਮੇਂ ਇੱਕ ਤੀਰ ਆ ਕੇ ਬਾਬਾ ਜੁਝਾਰ ਸਿੰਘ ਦੇ ਦਿਲ ਵਿੱਚ ਲੱਗਾ। ਮਾਨੋ ਇਹ ਤੀਰ ਕਲੇਜੇ ਵਿੱਚ ਨਹੀਂ ਸਗੋਂ ਫੁੱਲ ਵਿੱਚ ਕੰਡਾ ਵੱਜਾ ਹੈ। ਸਾਰੇ ਪਾਸੇ ਹਨੇਰਾ ਛਾ ਗਿਆ। ਹਾ-ਹਾ ਕਾਰ ਮਚ ਗਈ। ਦਸਮੇਸ਼ ਪਿਤਾ ਦਾ ਲਾਡਲਾ ਸਪੂਤ ਭੁਆਟਣੀ ਖਾ ਕੇ ਜ਼ਮੀਨ 'ਤੇ ਡਿੱਗ ਗਿਆ।



ਡਾ. ਚਰਨਜੀਤ ਸਿੰਘ ਗੁਮਟਾਲਾ
001-9375739812

ਇਸ ਤਰ੍ਹਾਂ ਨਾਲ ਸਾਹਿਬ ਜੁਝਾਰ ਸਿੰਘ ਜੀ ਆਪਣੇ ਵੱਡੇ ਭਰਾ ਅਜੀਤ ਸਿੰਘ ਦੇ ਨਾਲ ਰਲ ਕੇ ਬਾਬਾ ਗੁਰੂ ਤੇਗ ਬਹਾਦਰ ਜੀ ਦੀ ਗੋਦ ਵਿੱਚ ਜਾ ਬੈਠੇ। ਸੂਰਜ ਵੀ ਅਸਤ ਹੋ ਗਿਆ ਮਾਨੋ ਮੁਗਲਾਂ ਦੇ ਰਾਜ ਦਾ ਸੂਰਜ ਹੀ ਡੁੱਬ ਗਿਆ। ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦਗਾਰ ਚਮਕੌਰ ਸਾਹਿਬ ਵਿੱਚ ਗੁਰਦੁਆਰਾ ਕਤਲਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਸੁਸ਼ੋਭਿਤ ਹੈ, ਯੋਗੀ ਅੱਲਾ ਯਾਰ ਖਾਂ ਕਹਿੰਦੇ ਹਨ:-

**ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।**
**ਕਟਾਏ ਬਾਪ ਨੇ ਬੱਚੇ ਜਹਾਂ ਖੁਦਾ ਕੇ ਲੀਏ।**
**ਚਮਕ ਹੈ ਮਿਹਰ ਕੀ ਚਮਕੌਰ ! ਤੇਰੇ ਜ਼ੱਰਰੋ ਮੇਂ।**
**ਯਹੀਂ ਸੇ ਬਨ ਕੇ ਸਤਾਰੇ ਗਏ ਸ਼ਮਾਂ ਕੇ ਲੀਏ।**
**ਗੁਰੂ ਗੋਬਿੰਦ ਕੇ ਲਖ਼ਤਿ ਜਿਗਰ ਅਜੀਤੋ ਜੁਝਾਰ।**
**ਫਲਕ ਪਿ ਇਕ ਯਹਾਂ ਦੋ ਚਾਂਦ ਹੈ ਜਿਯਾ ਕੇ ਲੀਏ।**

ਯੋਗੀ ਜੀ ਕਿੰਨਾ ਸੁੰਦਰ ਬਿਆਨ ਕਰਦੇ ਹਨ ਕਿ ਹਿੰਦੁਸਤਾਨ ਵਿੱਚ ਯਾਤਰਾ ਕਰਨ ਲਈ ਕੇਵਲ ਇੱਕ ਇੱਕ ਤੀਰਥ ਹੈ, ਚਮਕੌਰ ਸਾਹਿਬ। ਜਿੱਥੇ ਕਿ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਧਰਮ ਤੋਂ ਕੁਰਬਾਨ ਕੀਤੇ। ਚਮਕੌਰ ਸਾਹਿਬ ਦੇ ਕਿਣਕੇ ਕਿਣਕੇ ਵਿੱਚ ਕੁਰਬਾਨੀ ਰੂਪੀ ਸੂਰਜ ਦੀ ਚਮਕ ਹੈ। ਇਥੋਂ ਹੀ ਸ਼ਹੀਦੀ ਪਰਵਾਨੇ ਉੱਠੇ ਤੇ ਆਕਾਸ਼ 'ਤੇ ਪਹੁੰਚ ਗਏ ਭਾਵ ਅਮਰ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਸਪੂਤ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਮਾਨੋਂ ਦੋ ਚੰਦ ਇਸ ਅਸਥਾਨ ਨੂੰ ਰੌਸ਼ਨ ਕਰ ਰਹੇ ਹਨ।

ਸ਼ਹੀਦ ਬੀਬੀ ਸ਼ਰਨ ਕੌਰ ਚਮਕੌਰ ਸਾਹਿਬ ਦੇ ਲਾਗਲੇ ਪਿੰਡ ਰਾਏ ਪੁਰ ਦੀ ਰਹਿਣ ਵਾਲੀ ਸੀ। ਇਸ ਬੀਬੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਰੂਹਾਨੀਅਤ ਤਰੀਕੇ ਦਰਸ਼ਨ ਦੇ ਕੇ ਆਤਮਿਕ ਬਲ ਬਖਸ਼ਿਆ। ਬੀਬੀ ਨੇ ਸ਼ਹੀਦ ਸਾਹਿਬਜ਼ਾਦਿਆਂ ਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਦੀ ਹਿੰਮਤ ਕੀਤੀ। ਲੱਭ ਲੱਭ ਕੇ ਕੁਝ ਸ਼ਹੀਦਾਂ ਦੀਆਂ ਦੇਹਾਂ ਇਕੱਠੀਆਂ ਕਰਕੇ ਅੰਗੀਠਾ ਤਿਆਰ ਕਰ ਅੱਗ ਲਾ ਦਿੱਤੀ। ਅੱਗ ਦੇ ਭਾਂਬੜ ਮਚ ਗਏ। ਮੁਗਲ ਸਿਪਾਹੀ ਜੋ ਆਪਣੇ ਮੁਰਦਿਆਂ ਨੂੰ ਦਫਨਾਉਂਦੇ ਥੱਕੇ ਹਾਰੇ ਬੇਸੁਰਤ ਸੁੱਤੇ ਹੋਏ ਸੀ ਅੱਭੜਵਾਹੇ ਉੱਠੇ ਅੱਗ ਦੀਆਂ ਲਾਟਾਂ ਦੇਖ ਕੇ ਭੈ ਭੀਤ ਹੋ ਗਏ। ਕੁਝ ਚਿਰ ਪਿੱਛੋਂ ਹੌਂਸਲਾ ਕਰਕੇ ਅੱਗ ਦੇ ਕੋਲ ਪਹੁੰਚੇ ਬੀਬੀ ਨੂੰ ਦੇਖ ਕੇ ਹੈਰਾਨ ਹੋ ਗਏ। ਬੀਬੀ ਨੂੰ ਪੁੱਛਿਆ ਤੂੰ ਕੌਣ ਹੈ ? ਬੀਬੀ ਨੇ ਗਰਜ ਕੇ ਉਤਰ ਦਿੱਤਾ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਧੀ ਹਾਂ ਤੇ ਸ਼ਹੀਦਾਂ ਦਾ ਸਸਕਾਰ ਕਰ ਰਹੀ ਹਾਂ। ਸਿਪਾਹੀਆਂ ਨੇ ਫੜਨਾ ਚਾਹਿਆ ਪਰ ਬੀਬੀ ਨੇ ਤਲਵਾਰ ਧੂਹ ਕੇ ਕਈਆਂ ਨੂੰ ਮਾਰ ਮੁਕਾਇਆ ਤੇ ਆਪ ਫੱਟੜ ਹੋ ਕੇ ਡਿੱਗ ਪਈ। ਜ਼ਾਬਰ ਸਿਪਾਹੀਆਂ ਨੇ ਗੰਭੀਰ ਜ਼ਖ਼ਮੀ ਬੀਬੀ ਸ਼ਰਨ ਕੌਰ ਨੂੰ ਅੱਗ ਵਿੱਚ ਸੁੱਟ ਦਿੱਤਾ। ਇਉਂ ਬੀਬੀ ਸ਼ਰਨ ਕੌਰ ਨੇ ਸ਼ਹੀਦਾਂ ਦਾ ਸਸਕਾਰ ਕਰਦਿਆਂ 9 ਪੋਹ ਦੀ ਰਾਤ ਸ਼ਹੀਦੀ ਪਾਈ।

ਉਨ੍ਹਾਂ ਦਿਨਾਂ ਵਿੱਚ ਹੀ ਭਾਈ ਰਾਮਾ ਤੇ ਤਿਲੋਕਾ ਜੀ ਮਹਿਰਾਜ ਨਿਵਾਸੀ ਬਾਬਾ ਫੂਲ ਜੀ ਤੇ ਸਪੁੱਤਰ ਸਰਹੰਦ ਮਾਮਲਾ ਤਾਰਨ ਆਏ ਹੋਏ ਸਨ। ਉਹਨਾਂ ਨੂੰ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਦਾ ਪਤਾ ਲੱਗਾ। ਦੋਹਾਂ ਭਰਾਵਾਂ ਨੇ ਬੜਾ ਦੁੱਖ ਮਹਿਸੂਸ ਕੀਤਾ ਤੇ ਸਲਾਹ ਕੀਤੀ ਆਪਾਂ ਜਾਨ ਵਾਰ ਕੇ ਵੀ ਗੁਰੂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਅਤੇ ਪਿਆਰੇ ਸ਼ਹੀਦ ਸਿੰਘਾਂ ਦਾ ਸਸਕਾਰ ਜਰੂਰ ਕਰਾਂਗੇ। ਦੂਰੋਂ ਨੇੜਿਓਂ ਬਾਕੀ ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸਰੀਰ ਇਕੱਠੇ ਕਰਕੇ ਅੱਗ ਦੀ ਭੇਟ ਕਰ ਦਿੱਤੇ। ਇਸ ਤਰ੍ਹਾਂ ਸਤਿਗੁਰੂ ਪਾਤਸ਼ਾਹ ਦੀ ਕ੍ਰਿਪਾ ਸਦਕਾ ਦੋਵੇਂ ਭਰਾ 10 ਪੋਹ ਦੀ ਰਾਤ ਨੂੰ ਸਾਹਿਬਜ਼ਾਦਿਆਂ ਦੇ ਸਸਕਾਰ ਕਰਨ ਵਿੱਚ ਸਫ਼ਲ ਹੋ ਗਏ।

ਭਾਈ ਸੰਤੋਖ ਸਿੰਘ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਉਂ ਅੰਕਿਤ ਕਰਦੇ ਹਨ ਕਿ ਸਾਹਿਬਜ਼ਾਦਿਆਂ ਦੇ ਸਰੀਰ ਦੁਸ਼ਮਣਾਂ ਨੂੰ ਨਜ਼ਰ ਹੀ ਨਹੀਂ ਆਏ। ਗੁਰੂ ਕ੍ਰਿਪਾ ਦੁਆਰਾ ਭਾਈ ਤਿਲੋਕਾ ਤੇ ਭਾਈ ਰਾਮਾ ਜੀ ਨੂੰ ਦਰਸ਼ਨ ਹੋ ਗਏ:-

**ਦ੍ਰਿਸ਼ਟਿ ਪਰੇ ਨਹਿ ਦੋਹਨ ਭਾਈ।**
**ਜੇ ਪਾਵਤਿ ਸਿਰ ਵੱਢ ਲੇ ਜਾਈ।**
**ਆਪਣੇ ਜਾਨਿ ਦਾਸ ਇਨ ਤਾਈ।**
**ਦੋਨੋ ਲੋਥੈਂ ਦਈ ਦਿਖਾਈ।**

ਵਿਸਥਾਰ ਲਈ ਵੇਖੋ : ਗੁਰਬਾਣੀ ਇਸੁ ਮਹਿ ਚਾਨਣੁ, ਪਰਚਾਰ ਤੇ ਪ੍ਰਸਾਰ ਸੰਸਥਾ, ਐਸ ਏ ਐਸ ਨਗਰ ਮੁਹਾਲੀ ਦੁਆਰਾ ਪ੍ਰਕਾਸ਼ਿਤ ਪੁਸਤਕ,ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀਦੇ ਚਾਰ ਸਾਹਿਬਜਾਦੇ।

# ਦਸਤਾਰ ਦਿਵਸ 'ਤੇ ਵਿਸ਼ੇਸ਼ : ਸਿੱਖ ਗੌਰਵਤਾ ਦੀ ਪ੍ਰਤੀਕ-ਦਸਤਾਰ



'ਦਸਤਾਰ' ਜਿੱਥੇ ਸਿਰ ਦਾ ਸ਼ਿੰਗਾਰ ਬਣ ਕੇ ਵੱਡੇਪਣ ਦੀ ਨਿਸ਼ਾਨੀ ਹੈ, ਉੱਥੇ ਹੀ ਉੱਚਤਾ-ਸੁੱਚਤਾ, ਇਨਸਾਫ-ਪਸੰਦੀ ਤੇ ਚੰਗਿਆਈ ਦੀ ਪ੍ਰਤੀਕ ਹੈ। ਮਨੁੱਖਤਾ ਦੀ ਪਹਿਚਾਣ 'ਦਸਤਾਰ' ਤੋਂ ਕੀਤੀ ਜਾ ਸਕਦੀ ਹੈ। 'ਦਸਤਾਰ' ਲਈ ਸੰਘਰਸ਼ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ ਸੰਘਰਸ਼ ਸਿੱਖਾਂ ਨੇ ਹੀ ਕੀਤਾ ਹੈ ਅਤੇ ਕਰ ਰਹੇ ਹਨ। 'ਦਸਤਾਰ' ਲਈ ਸਭ ਤੋਂ ਪਹਿਲਾ ਸੰਘਰਸ਼ ਮੁਗ਼ਲ ਰਾਜ ਨਾਲ ਸੀ, ਉਨ੍ਹਾਂ ਅਨੁਸਾਰ ਰਾਜ ਕਰਨ ਵਾਲੀ ਕੌਮ ਹੀ ਪੱਗ ਬੰਨ੍ਹਣ ਦੀ ਅਧਿਕਾਰੀ ਸੀ ਪਰ ਸਿੱਖ ਗੁਰੂ ਸਾਹਿਬਾਨ ਨੇ ਉਨ੍ਹਾਂ ਦਾ ਭਰਮ ਤੋੜ ਦਿੱਤਾ, ਜਿਸ ਲਈ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਮੁਗਲਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਦਸਤਾਰ ਸਿੱਖ ਦੀ ਪਹਿਚਾਣ ਦਾ ਅਹਿਮ ਹਿੱਸਾ ਬਣ ਗਈ ਸੀ। ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ 'ਦਸਤਾਰ' ਦਾ ਮਹੱਤਵ ਤੇ ਮਾਣ-ਵਡਿਆਈ 'ਚ ਹੋਰ ਵੀ ਵਾਧਾ ਹੋਇਆ। ਛੇਵੇਂ ਪਾਤਸ਼ਾਹ ਜੀ ਦੇ ਦਰਬਾਰੀ ਭਾਈ ਨੱਥਾ ਜੀ ਅਤੇ ਭਾਈ ਅਬਦੁੱਲਾ ਜੀ ਨੇ ਆਪਣੇ ਸਮਕਾਲੀ ਦੁਨਿਆਵੀ ਬਾਦਸ਼ਾਹ ਜਹਾਂਗੀਰ ਦੇ ਮੁਕਾਬਲੇ ਸੱਚੇ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸਜਾਈ ਸੁੰਦਰ 'ਦਸਤਾਰ' ਨੂੰ 'ਪੱਗ ਤੇਰੀ, ਕੀ ਜਹਾਂਗੀਰ ਦੀ' ਕਹਿ ਕੇ ਵਡਿਆਇਆ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸੰਨ 1699 ਨੂੰ ਵੈਸਾਖੀ 'ਤੇ 'ਖ਼ਾਲਸਾ' ਪ੍ਰਗਟ ਕਰਨ ਸਮੇਂ 'ਕੇਸ' ਅਤੇ 'ਦਸਤਾਰ' ਸਿੱਖ ਦੀ ਜੀਵਨ-ਜਾਚ ਦਾ ਹਿੱਸਾ ਬਣਾਈ ਗਈ।

ਸੰਸਾਰ-ਭਰ 'ਚ ਹਮੇਸ਼ਾ 'ਦਸਤਾਰ' ਦਾ ਸਤਿਕਾਰ ਰਿਹਾ ਹੈ। ਬਾਦਸ਼ਾਹ ਦੀ ਪੱਗ ਦਾ ਢੰਗ ਤੇ ਧਾਰਮਿਕ ਵਿਅਕਤੀ ਦੀ ਪੱਗ ਬੰਨ੍ਹਣ ਦਾ ਤਰੀਕਾ ਵੱਖ-ਵੱਖ ਹੈ। ਸਿੱਖਾਂ ਦੇ 'ਦਸਤਾਰ' ਸਜਾਉਣ ਦੇ ਕਈ ਤਰੀਕੇ ਹਨ। ਸਿੱਖ ਦੇ 'ਦਸਤਾਰ' ਸਜਾਉਣ ਤੋਂ ਉਹ ਕਿਸ ਇਲਾਕੇ ਦਾ ਰਹਿਣ ਵਾਲਾ ਹੈ, ਕਿਸ ਸੰਪਰਦਾ ਨੂੰ ਮੰਨਣ ਵਾਲਾ ਹੈ, ਦਾ ਬਾਖੂਬੀ ਪਤਾ ਲੱਗ ਜਾਂਦਾ ਹੈ। ਸਧਾਰਨ ਸਿੱਖ, ਫ਼ੌਜੀ ਸਿੱਖ, ਨਿਹੰਗ ਸਿੰਘ, ਨਿਰਮਲੇ ਸਿੱਖ, ਨਾਮਧਾਰੀ ਸਿੱਖ ਅਤੇ ਟਕਸਾਲੀ ਸਿੰਘਾਂ ਦੇ ਦਸਤਾਰ ਸਜਾਉਣ ਦੇ ਵੱਖ-ਵੱਖ ਅੰਦਾਜ਼ ਹਨ। 'ਨਿਹੰਗ ਸਿੰਘਾਂ' ਦਾ ਦਸਤਾਰਾ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਫੁੱਟ ਕੁ ਉੱਚਾ ਹੁੰਦਾ ਹੈ। ਆਮ ਤੌਰ 'ਤੇ ਗੋਲ ਤੇ ਨੁੱਕਰ ਰਹਿਤ ਹੁੰਦਾ ਹੈ। ਪੰਜ ਆਮ ਪੱਗਾਂ ਦੀ ਲੰਬਾਈ ਜਿੰਨਾ 'ਦਸਤਾਰਾ' ਹੁੰਦਾ ਹੈ। ਰੰਗ ਨੀਲਾ, ਕਾਲਾ, ਪੀਲਾ ਜਾਂ ਚਿੱਟਾ ਜਾਂ ਇਨ੍ਹਾਂ ਰੰਗਾਂ ਦਾ ਰਲਿਆ-ਮਿਲਿਆ ਹੁੰਦਾ ਹੈ। ਇਸ ਦਸਤਾਰ ਦੇ ਉੱਪਰਲੇ ਸਿਰੇ 'ਤੇ ਦੁਮਾਲਾ (ਇਕ ਤਰ੍ਹਾਂ ਦਾ ਫਰਰਾ ਜੋ ਕਲਗੀ ਦਾ ਪ੍ਰਤੀਕ ਦਿਖਦਾ ਹੈ) ਹੁੰਦਾ ਹੈ। ਜੰਗ ਸਮੇਂ ਦੁਸ਼ਮਣ ਦੇ ਵਾਰ ਤੋਂ ਸੁਰੱਖਿਅਤ ਰਹਿਣ ਲਈ ਨਿਹੰਗ ਸਿੰਘਾਂ ਨੇ ਆਪਣੀ ਦਸਤਾਰ ਸਭ ਪਾਸਿਆਂ ਤੋਂ ਲੋਹੇ ਦੀ ਬਣੀ ਬਾਰੀਕ ਜ਼ੰਜੀਰ ਨਾਲ ਕੱਸੀ ਹੁੰਦੀ ਹੈ। ਇਸ ਉੱਤੇ ਦੋ ਜਾਂ ਚਾਰ ਚੱਕਰ ਥੋੜ੍ਹੀ-ਥੋੜ੍ਹੀ ਵਿੱਥ 'ਤੇ ਟਿਕਾਏ ਹੁੰਦੇ ਹਨ। ਬਾਬਾ ਖੜਕ ਸਿੰਘ ਜੀ ਨੂੰ ਜੇਲ੍ਹ ਅੰਦਰ ਵੀ ਦਸਤਾਰ ਲਈ ਸਮੇਂ ਦੀ ਅੰਗਰੇਜ਼ ਸਰਕਾਰ ਨਾਲ ਸੰਘਰਸ਼ ਕਰਨਾ ਪਿਆ ਸੀ। ਵਿਦੇਸ਼ਾਂ 'ਚ ਵੀ ਸਿੱਖਾਂ ਨੂੰ ਦਸਤਾਰ ਲਈ ਕਈ ਮੋਰਚੇ ਲਾਉਣੇ ਪਏ। ਸਿੱਖਾਂ ਨੇ ਹਰ ਵਕਤ ਆਪਣੀ ਸ਼ਾਨ ਦੀ ਪ੍ਰਤੀਕ ਦਸਤਾਰ ਨੂੰ ਉੱਚੀ ਅਤੇ ਸੁੱਚੀ ਰੱਖਿਆ। ਵਿਦੇਸ਼ਾਂ 'ਚ ਸਕੂਲਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਕੰਮ-ਕਾਰ ਕਰਨ ਵਾਲਿਆਂ ਨੂੰ ਦਸਤਾਰ ਸਜਾਉਣ

ਸਤਬੀਰ ਸਿੰਘ ਧਾਮੀ

ਲਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਭਾਵੇਂ ਮੌਤ ਦੇ ਮੂੰਹ 'ਚ ਕਿਉਂ ਨਾ ਖੜ੍ਹਾ ਹੋਵੇ, ਉਹ ਦਸਤਾਰ ਨੂੰ ਆਪਣੇ ਨਾਲੋਂ ਵੱਖ ਨਹੀਂ ਕਰ ਸਕਦਾ। ਯੁੱਧ ਦੌਰਾਨ ਬਰਤਾਨਵੀ ਫ਼ੌਜ ਨੇ ਫ਼ੌਜੀਆਂ ਲਈ ਲੋਹ-ਟੋਪ ਪਾਉਣਾ ਜ਼ਰੂਰੀ ਕਰ ਦਿੱਤਾ ਪਰ ਸਿੱਖਾਂ ਨੇ ਆਪਣੀ ਆਜ਼ਾਦ ਨਿਸ਼ਾਨੀ ਤੇ ਸਿਰ ਦੇ ਤਾਜ, 'ਦਸਤਾਰ' ਉੱਪਰ ਕਿਸੇ ਤਰ੍ਹਾਂ ਦਾ ਲੋਹ-ਟੋਪ ਪਹਿਨਣ ਤੋਂ ਇਨਕਾਰ ਕਰ ਦਿੱਤਾ। ਕੈਨੇਡਾ 'ਚ ਇਕ ਸਿੱਖ ਨੇ ਪੁਲਿਸ ਭਰਤੀ ਦਾ ਇਮਤਿਹਾਨ ਪਾਸ ਕਰਨ ਪਿੱਛੋਂ ਉਸ ਨੂੰ ਵਰਦੀ ਪਾਉਣ ਲਈ ਦਿੱਤੀ ਤਾਂ ਉਸ ਨੇ ਟੋਪੀ ਦੀ ਥਾਂ ਦਸਤਾਰ ਦੀ ਮੰਗ ਕੀਤੀ। ਕੈਨੇਡਾ ਸਰਕਾਰ ਨੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਟੋਪੀ ਦੀ ਥਾਂ ਦਸਤਾਰ ਦੇਣ ਦੇ ਹੁਕਮ ਜਾਰੀ ਕੀਤੇ। ਮੌਜੂਦਾ ਸਮੇਂ 'ਚ ਸਾਡੇ ਕੁਝ ਨੌਜਵਾਨ ਦਸਤਾਰ ਦੇ ਮਹੱਤਵ ਨੂੰ ਅਣਗੌਲਿਆਂ ਕਰਕੇ ਕੁਰਬਾਨੀਆਂ ਭਰਪੂਰ ਵਿਰਾਸਤ ਤੋਂ ਕੋਹਾਂ ਦੂਰ ਹੋ ਰਹੇ ਹਨ। ਕੇਸਾਂ ਦੀ ਸੰਭਾਲ ਕਰਨ ਦੀ ਬਜਾਏ ਕੇਸ ਕਟਾਉਣ ਅਤੇ 'ਦਸਤਾਰ' ਦੀ ਥਾਂ ਟੋਪੀ ਨੂੰ ਪਹਿਲ ਦੇ ਰਹੇ ਹਨ।

'ਦਸਤਾਰ' ਸਿੱਖ ਦੀ ਸ਼ਾਨ ਹੈ ਅਤੇ ਉੱਚੇ ਮਾਣ-ਸਨਮਾਨ ਅਤੇ ਗੌਰਵਤਾ ਦੀ ਪ੍ਰਤੀਕ ਹੈ। ਆਮ ਤੌਰ 'ਤੇ ਇਹ ਵੀ ਕਿਹਾ ਜਾਂਦਾ ਹੈ ਕਿ 'ਦੇਖੀਂ ਕਿਤੇ ਮੇਰੀ ਪੱਗ ਨੂੰ ਦਾਗ਼ ਨਾ ਲੱਗੇ'। ਸੁਨਹਿਰੀ ਵਿਰਾਸਤ ਨੂੰ ਛੱਡ ਕੇ ਬਾਹਰਲਿਆਂ ਦੀ ਨਕਲ ਕਰਕੇ ਮਾਣ ਮਹਿਸੂਸ ਕਰਨਾ ਗ਼ੁਲਾਮੀ ਦੀ ਨਿਸ਼ਾਨੀ ਹੈ। ਜਦੋਂ ਵੀ ਪਰਿਵਾਰ ਦੇ ਕਿਸੇ ਮੋਹਰੀ ਵਿਅਕਤੀ ਦੀ ਮੌਤ ਹੋ ਜਾਂਦੀ ਹੈ ਤਾਂ ਚਿੱਟੀ ਦਸਤਾਰ, ਮਰਨ ਵਾਲੇ ਦੇ ਵਾਰਿਸ ਦੇ ਸਿਰ ਬੰਨ੍ਹੀ ਜਾਂਦੀ ਹੈ, ਇਸ ਤਰ੍ਹਾਂ ਉਸ ਨੂੰ ਘਰ ਦੇ ਮੁਖੀ ਵਜੋਂ ਮਾਨਤਾ ਦਿੱਤੀ ਜਾਂਦੀ ਹੈ। 'ਦਸਤਾਰ' ਸੱਭਿਆਚਾਰ ਦੀ ਬਹੁਤ ਵੱਡੀ ਨਿਸ਼ਾਨੀ ਹੈ, ਜੇਕਰ ਕਿਸੇ ਲੜਾਈ-ਝਗੜੇ 'ਚ ਕਿਸੇ ਦੀ ਦਸਤਾਰ ਉੱਤਰ ਜਾਵੇ ਤਾਂ ਉਸ ਦੀ ਬੇਇਜ਼ਤੀ ਸਮਝੀ ਜਾਂਦੀ ਹੈ। ਇਕ ਪਿਤਾ ਆਪਣੇ ਧੀ-ਪੁੱਤਰ ਨੂੰ ਹਮੇਸ਼ਾ ਹੀ ਕਹਿੰਦਾ ਹੈ ਕਿ 'ਮੇਰੀ ਪੱਗ ਦੀ ਲਾਜ ਰੱਖਣਾ'। ਇੱਥੋਂ ਤੀਕ ਕਿਸੇ ਨੂੰ ਮਿੱਤਰ ਬਣਾਉਣਾ ਹੋਵੇ ਤਾਂ ਉਸ ਨਾਲ 'ਪੱਗ ਵਟਾਉਣ' ਦੀ ਰਸਮ ਵੀ ਕੀਤੀ ਜਾਂਦੀ ਹੈ।

ਸਿੱਖ ਆਪਣੀ 'ਦਸਤਾਰ' ਸਦਕਾ ਹਜ਼ਾਰਾਂ ਦੀ ਗਿਣਤੀ 'ਚ ਦਸਤਾਰਧਾਰੀ ਸਿੱਖ ਵੱਖਰਾ ਨਜ਼ਰ ਆਉਂਦਾ ਹੈ। ਸਿੱਖ ਧਰਮ 'ਚ ਜਿੱਥੇ ਮਰਦ ਦਸਤਾਰ ਬੰਨ੍ਹਦੇ ਹਨ, ਉੱਥੇ ਇਸਤਰੀਆਂ ਵੀ ਦਸਤਾਰ ਬੰਨ੍ਹਣ 'ਚ ਪਿੱਛੇ ਨਹੀਂ ਹਨ। ਸਿੱਖ ਇਤਿਹਾਸ 'ਚ ਇਹ ਵਿਸ਼ੇਸ਼ ਤੌਰ 'ਤੇ ਇਸਤਰੀਆਂ ਅਤੇ ਮਰਦ ਦੋਵਾਂ ਨੂੰ ਬਰਾਬਰ ਦਾ ਦਰਜਾ ਹੈ। ਅੱਜ ਸਾਨੂੰ ਆਪਣੇ ਹੀ ਦੇਸ਼ 'ਚ 'ਦਸਤਾਰ' ਲਈ ਕਈ ਵਾਰ ਜੱਦੋ-ਜਹਿਦ ਕਰਨੀ ਪੈਂਦੀ ਹੈ। ਸਿੱਖਾਂ ਦੀ ਆਜ਼ਾਦ ਹਸਤੀ ਨੂੰ ਖ਼ਤਮ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਸਿੱਖਾਂ ਨੂੰ ਆਪਣੀ ਗੌਰਵਮਈ ਵਿਰਸੇ ਤੋਂ ਦੂਰ ਕਰਨ ਲਈ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਸਾਜਿਸ਼ ਤਹਿਤ ਹੀ ਬੱਚਿਆਂ ਨੂੰ ਸਿੱਖ ਇਤਿਹਾਸ ਤੋਂ ਦੂਰ ਕਰਕੇ ਭਵਿੱਖ ਦੇ ਸੁਨਹਿਰੀ ਸੁਪਨੇ ਵਿਖਾ ਕੇ, ਫ਼ਿਲਮਾਂ ਅਤੇ ਸੀਰੀਅਲਜ਼ 'ਚ ਦਸਤਾਰ ਵਾਲਿਆਂ ਨੂੰ ਘਟੀਆ ਕਿਰਦਾਰ 'ਚ ਦਿਖਾ ਕੇ, ਸੋਸ਼ਲ ਮੀਡੀਆ 'ਚ ਗਲਤ ਢੰਗ ਨਾਲ ਪ੍ਰਚਾਰ ਕੇ ਨੌਜਵਾਨ ਪੀੜ੍ਹੀ ਨੂੰ ਸਿੱਖ ਵਿਰਸੇ ਤੋਂ ਦੂਰ ਕਰਨ ਲਈ ਪ੍ਰੇਰਿਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਮੌਜੂਦਾ ਸਮੇਂ 'ਚ ਕੁਝ ਸਭਾ-ਸੁਸਾਇਟੀਆਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦਸਤਾਰ ਦੀ ਮਹੱਤਤਾ ਨੂੰ ਨੌਜਵਾਨ ਪੀੜ੍ਹੀ ਤੀਕ ਪਹੁੰਚਾਉਣ ਲਈ ਦਸਤਾਰ-ਬੰਦੀ ਮੁਕਾਬਲੇ ਕਰਵਾ ਰਹੀਆਂ ਹਨ ਅਤੇ ਸਿਖਲਾਈ ਕੇਂਦਰ ਖੋਲ੍ਹ ਰਹੀਆਂ ਹਨ। ਸਿੱਖ ਪੰਥ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਵੀ ਬਹੁਤ ਵੱਡੇ ਪੱਧਰ 'ਤੇ ਸਕੂਲੀ ਬੱਚਿਆਂ ਦੇ ਸੁੰਦਰ ਦਸਤਾਰ ਮੁਕਾਬਲੇ ਕਰਵਾ ਕੇ ਉਨ੍ਹਾਂ ਨੂੰ ਆਕਰਸ਼ਕ ਇਨਾਮ ਦੇ ਕੇ ਜਾਗ੍ਰਤੀ ਪੈਦਾ ਕਰਨ ਦਾ ਹੰਭਲਾ ਮਾਰਿਆ ਜਾ ਰਿਹਾ ਹੈ। 'ਦਸਤਾਰ' ਪੰਜਾਬੀਆਂ ਦੇ ਸੱਭਿਆਚਾਰ ਅਤੇ ਵਿਰਸੇ ਦਾ ਅਹਿਮ ਅੰਗ ਹੁੰਦੀ ਹੋਈ ਵਿਲੱਖਣ ਸ਼ਾਨ ਦੀ ਪ੍ਰਤੀਕ ਹੈ। 'ਦਸਤਾਰ' ਦੇ ਸੁਨਹਿਰੀ ਇਤਿਹਾਸ ਤੋਂ ਸੇਧ ਲੈ ਕੇ ਅਜੋਕੀ ਨੌਜਵਾਨ ਪੀੜ੍ਹੀ ਦਸਤਾਰਧਾਰੀ ਹੋਣ 'ਚ ਮਾਣ ਮਹਿਸੂਸ ਕਰ ਸਕਦੀ ਹੈ।

# ਮਨੁੱਖੀ ਅਧਿਕਾਰਾਂ ਲਈ ਲੜਨ ਵਾਲਾ ਯੋਧਾ ਡਾ. ਅੰਬੇਡਕਰ

ਪ੍ਰੋ. ਮਨਜੀਤ ਸਿੰਘ ਤਿਆਗੀ

ਯੁੱਗ ਪੁਰਸ਼ ਭਾਰਤ ਰਤਨ ਡਾ. ਬੀ.ਆਰ. ਅੰਬੇਦਕਰ ਨੂੰ ਮਹਿਜ਼ ਦਲਿਤਾਂ ਦੇ ਮਸੀਹਾ ਜਾਂ ਨਾਇਕ ਦੇ ਤੌਰ 'ਤੇ ਹੀ ਨਹੀਂ ਜਾਣਿਆ ਜਾਂਦਾ ਸਗੋਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਇੱਕ ਮਹਾਨ ਚਿੰਤਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਉਹ ਇੱਕ ਨਾਮ ਹੀ ਨਹੀਂ, ਇੱਕ ਯੁੱਗ ਹੈ, ਇੱਕ ਚਿੰਨ੍ਹ ਹੈ ਵਿਦਰੋਹ ਦਾ ਜੋ ਸਾਰੀ ਉਮਰ ਦਲਿਤਾਂ ਦੇ ਹੱਕਾਂ ਲਈ ਜੂਝਦਾ ਰਿਹਾ; ਜੋ ਬੇਸਹਾਰਿਆਂ ਦਾ ਸਹਾਰਾ ਬਣਿਆ; ਨਿਤਾਣਿਆਂ ਦਾ ਤਾਣ ਤੇ ਵਿਰੋਧੀਆਂ ਲਈ ਇੱਕ ਅਜਿਹਾ ਤੂਫ਼ਾਨ ਬਣਿਆ ਜਿਸ ਨੇ ਸਮਾਜ ਦੀਆਂ ਬੇਇਨਸਾਫ਼ੀਆਂ ਬਰਦਾਸ਼ਤ ਨਾ ਕੀਤੀਆਂ। ਇੱਕ ਅਜਿਹਾ ਚਾਨਣ ਮੁਨਾਰਾ ਜਿਸ ਨੇ ਡਿੱਗੇ ਲੋਕਾਂ ਨੂੰ ਗਿਆਨ ਦੀ ਰੌਸ਼ਨੀ ਦੇ ਕੇ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਹਲੂਣਿਆ। ਉਹ ਧੁਰ ਅੰਦਰ ਤੱਕ ਲੋਕਤੰਤਰ ਪੱਖੀ ਸੋਚ ਅਤੇ ਅਮਲਾਂ ਵਾਲੇ ਅਜਿਹੇ ਇਨਸਾਨ ਸਨ ਜਿਸ ਨੇ ਨਿਆਂ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਹੱਲਾਸ਼ੇਰੀ ਦਿੱਤੀ। ਉਹ ਵਿਹਾਰਕ ਤੇ ਸਮਾਜਿਕ ਨਿਆਂ ਵਿੱਚ ਵਿਸ਼ਵਾਸ ਰੱਖਦੇ ਸਨ।

ਉਂਝ ਤਾਂ ਸੰਸਾਰ ਦੇ ਸਭ ਹਿੱਸਿਆਂ 'ਚ ਹੀ ਅਜਿਹੀਆਂ ਜਾਤਾਂ ਮੌਜੂਦ ਹਨ, ਜਿਨ੍ਹਾਂ ਨੂੰ ਨੀਵੇਂ ਕਿਹਾ ਜਾਂਦਾ ਹੈ, ਪਰ ਭਾਰਤ 'ਚ ਅਛੂਤ ਕਹੇ ਜਾਣ ਵਾਲੇ ਲੋਕ ਸਦੀਆਂ ਤੋਂ ਹੀ ਜ਼ਿਆਦਤੀਆਂ ਦਾ ਸ਼ਿਕਾਰ ਹੁੰਦੇ ਆਏ ਹਨ। ਅਛੂਤ ਦੀ ਆਵਾਜ਼, ਛੋਹ ਤੇ ਪਰਛਾਵਾਂ ਤੱਕ ਦੂਜਿਆਂ ਲਈ ਮਾੜੇ ਸਮਝੇ ਜਾਂਦੇ ਸਨ। ਉਨ੍ਹਾਂ ਦੇ ਸਿਰਫ਼ ਫ਼ਰਜ਼ ਹੀ ਸਨ, ਹੱਕ ਨਹੀਂ। ਇਨਸਾਨ ਹੋ ਕੇ ਵੀ ਉਹ ਪਸ਼ੂਆਂ ਤੋਂ ਭੈੜਾ ਜੀਵਨ ਬਤੀਤ ਕਰਦੇ ਸਨ। ਅਨਪੜ੍ਹਤਾ, ਗ਼ੁਲਾਮੀ, ਪੱਛੜਾਪਣ ਤੇ ਭੁੱਖ-ਨੰਗ ਉਨ੍ਹਾਂ ਦੇ ਹਿੱਸੇ ਸਨ। ਅਜਿਹੇ ਹੀ ਧੁੰਦਲੇਪਣ 'ਚ 14 ਅਪਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਦੀ ਫ਼ੌਜੀ ਛਾਉਣੀ ਵਿਖੇ 'ਅੰਬੇਡਕਰ ਰੂਪੀ ਸੂਰਜ' ਪ੍ਰਕਾਸ਼ਮਾਨ ਹੋਇਆ, ਜਿਸ ਦੇ ਸੰਘਰਸ਼ਾਂ ਤੇ ਜੱਦੋਜਹਿਦ ਨਾਲ ਇਹ ਧੁੰਦ ਥੋੜ੍ਹੀ-ਥੋੜ੍ਹੀ ਛਟਣੀ ਸ਼ੁਰੂ ਹੋ ਗਈ। ਡਾ. ਅੰਬੇਡਕਰ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ ਬ੍ਰਿਟਿਸ਼ ਇੰਡੀਅਨ ਆਰਮੀ 'ਚ ਨੌਕਰੀ ਕਰਦੇ ਸਨ ਤੇ ਮਾਤਾ ਭੀਮਾ ਬਾਈ ਬੜੀ ਨੇਕ ਤੇ ਸਮਝਦਾਰ ਇਸਤਰੀ ਸੀ। ਉਹ ਮਹਾਰ ਜਾਤੀ ਨਾਲ ਸਬੰਧ ਰੱਖਦੇ ਸਨ। ਭੀਮ ਰਾਓ ਅੰਬੇਦਕਰ ਦਾ ਉਪਨਾਮ ਸਕਪਾਲ ਸੀ ਪਰ ਉਨ੍ਹਾਂ ਦੇ ਪਿਤਾ ਨੇ ਸਕੂਲ ਦੇ ਰਜਿਸਟਰ 'ਚ 'ਅੰਬਾਡਵੇਕਰ' ਦਰਜ ਕਰਵਾਇਆ। ਮਰਾਠੀ ਲੋਕ ਆਪਣਾ ਉਪਨਾਮ ਬਣਾਉਣ ਲਈ ਆਪਣੇ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲਾ ਲੈਂਦੇ ਸਨ ਕਿਉਂਕਿ ਭੀਮ ਦਾ ਜੱਦੀ ਪਿੰਡ ਅੰਬਾਡਵੇ ਸੀ। ਇਸ ਲਈ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲੱਗਣ ਨਾਲ ਭੀਮ ਦਾ ਉਪ-ਨਾਮ ਅੰਬਾਡਵੇਕਰ ਬਣ ਗਿਆ। ਬਾਅਦ ਵਿੱਚ ਉਨ੍ਹਾਂ ਦੇ ਇੱਕ ਬ੍ਰਾਹਮਣ ਅਧਿਆਪਕ ਨੇ ਅੰਬਾਡਵੇਕਰ ਤੋਂ ਬਦਲ ਕੇ ਅੰਬੇਡਕਰ ਕਰ ਦਿੱਤਾ ਤਾਂ ਕਿ ਨਾਮ ਦੇ ਉਚਾਰਨ 'ਚ ਸੌਖ ਰਹੇ। 17 ਸਾਲਾਂ ਦੀ ਉਮਰ 'ਚ ਇਨ੍ਹਾਂ ਦਾ ਵਿਆਹ ਰਾਮਾ ਬਾਈ ਨਾਲ ਹੋ ਗਿਆ, ਉਦੋਂ ਰਾਮਾ ਬਾਈ ਦੀ ਉਮਰ ਸਿਰਫ਼ 9 ਸਾਲ ਸੀ।

ਅਛੂਤ ਹੋਣ ਕਰਕੇ ਭੀਮ ਰਾਓ ਅੰਬੇਡਕਰ ਨੂੰ ਬਾਕੀ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ। ਕ੍ਰਿਕਟ ਦਾ ਸ਼ੌਕ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਨਾਲ ਖੇਡਣ ਦੀ ਆਗਿਆ ਨਹੀਂ ਸੀ। ਇੱਕ ਵਾਰ ਖੂਹ ਤੋਂ ਪਾਣੀ ਪੀ ਲੈਣ ਕਾਰਨ ਭੀਮ ਨੂੰ ਲੋਕਾਂ ਨੇ ਬੇਰਹਿਮੀ ਨਾਲ ਕੁੱਟਿਆ। ਇਸ ਤਰ੍ਹਾਂ ਬਚਪਨ ਤੋਂ ਹੀ ਅੰਬੇਡਕਰ ਸਾਹਿਬ ਨੂੰ ਬੇਇੱਜ਼ਤ ਹੋਣਾ ਪਿਆ, ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ। 1907 'ਚ ਕਿਸੇ ਅਛੂਤ ਵੱਲੋਂ ਮੈਟ੍ਰਿਕ ਪਾਸ ਕਰ ਲੈਣਾ ਕਿਸੇ ਅਜੂਬੇ ਤੋਂ ਘੱਟ ਨਹੀ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਫਿਨਸਟੋਨ ਕਾਲਜ ਤੋਂ ਬੀ.ਏ. ਪਾਸ ਕੀਤੀ। ਬੜੌਦਾ ਰਿਆਸਤ ਦੇ ਮਹਾਰਾਜਾ ਨੇ 1913 'ਚ ਕੁਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ ਜਿਨ੍ਹਾਂ 'ਚ ਭੀਮ ਰਾਓ ਅੰਬੇਡਕਰ ਵੀ ਸਨ। ਭਾਰਤ ਦੇ ਪਹਿਲੀ ਕਤਾਰ ਦੇ ਨੇਤਾਵਾਂ ਵਿੱਚੋਂ ਅੰਬੇਡਕਰ ਪਹਿਲਾ ਸੀ ਜੋ ਲਿੰਕਨ ਅਤੇ ਵਾਸ਼ਿੰਗਟਨ ਦੇ ਦੇਸ਼ ਪੜ੍ਹਨ ਜਾ ਰਿਹਾ ਸੀ। ਅਮਰੀਕਾ ਵਿਚਲੀ ਜ਼ਿੰਦਗੀ ਅਨੋਖੀ ਸੀ ਅਤੇ ਅੰਬੇਡਕਰ ਨੂੰ ਨਿਊਯਾਰਕ ਵਿੱਚ ਕਈ ਨਵੇਂ ਤਜਰਬੇ ਹੋਏ। ਹੋਰ ਵਿਦਿਆਰਥੀਆਂ ਅਤੇ ਸਹਿਪਾਠੀਆਂ ਨਾਲ ਉਹ ਆਜ਼ਾਦੀ ਨਾਲ ਫਿਰ ਤੁਰ ਸਕਦਾ ਸੀ। ਉਹ ਬਰਾਬਰੀ ਦੀ ਭਾਵਨਾ ਨਾਲ ਪੜ੍ਹ, ਲਿਖ, ਤੁਰ, ਨਹਾ ਅਤੇ ਆਰਾਮ ਕਰ ਸਕਦਾ ਸੀ। ਵੇਲੇ ਸਿਰ ਰੋਟੀ, ਕੱਪੜੇ ਵਿਛੇ ਮੇਜ਼ 'ਤੇ ਖਾਣਾ ਅਤੇ ਉਹ ਵੀ ਛੋਟੇ ਰੁਮਾਲਾਂ ਨਾਲ। ਉਹਦੇ ਵਾਸਤੇ ਤਾਂ ਕੋਲੰਬੀਆ ਵਿਸ਼ਵਵਿਦਿਆਲੇ ਦਾ ਜੀਵਨ ਬਿਲਕੁਲ ਨਵੀਂ ਗੱਲ ਸੀ। ਇਹ ਤਾਂ ਦੁਨੀਆਂ ਹੀ ਨਵੀਂ ਸੀ। ਇਸ ਨਾਲ ਉਸ ਦਾ ਮਾਨਸਿਕ ਦਿਸਹੱਦਾ ਚੌੜਾ ਹੋਇਆ। ਇੱਕ ਨਵੀਂ ਤਰ੍ਹਾਂ ਦੀ ਹੋਂਦ ਸ਼ੁਰੂ ਹੋਈ। ਉਸ ਦੀ ਜ਼ਿੰਦਗੀ ਵਿੱਚ ਨਵੀਂ ਰੌਸ਼ਨੀ ਦਾ ਸੰਚਾਰ ਹੋਇਆ। 1915 'ਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਐਮ.ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖੁਸ਼ਹਾਲ ਤੇ ਖੁੱਲ੍ਹ ਭਰੇ ਵਾਤਾਵਰਣ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗ਼ੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਮਈ 1916 'ਚ ਕੋਲੰਬੀਆ ਯੂਨੀਵਰਸਿਟੀ 'ਚ ਜਾਤ ਪਾਤ ਦੀ ਉਤਪਤੀ, ਬਣਤਰ ਅਤੇ ਵਿਕਾਸ ਦੇ ਵਿਸ਼ੇ 'ਤੇ ਲੰਬਾ ਲੇਖ ਲਿਖਿਆ ਤਾਂ ਉਨ੍ਹਾਂ ਨੇ 'ਨੈਸ਼ਨਲ ਡਿਵੀਡੈਂਡ ਆਫ ਇੰਡੀਆ' ਥੀਸਸ ਲਿਖਿਆ, ਜਿਸ ਨਾਲ ਉਨ੍ਹਾਂ ਨੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ।

ਇਸ ਤਰ੍ਹਾਂ ਉਹ ਭੀਮ ਰਾਓ ਤੋਂ ਡਾ. ਭੀਮ ਰਾਓ ਅੰਬੇਡਕਰ ਬਣ ਗਏ। ਇੰਨੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਬਾਵਜੂਦ ਡਾ. ਅੰਬੇਡਕਰ ਦੀ ਜਗਿਆਸੂ ਬਿਰਤੀ ਤ੍ਰਿਪਤ ਨਹੀਂ ਹੋਈ ਸੀ। ਉਹ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਪੈਸਾ ਇੱਕਠਾ ਕਰਕੇ ਲੰਡਨ ਜਾ ਕੇ ਕਾਨੂੰਨ ਤੇ ਅਰਥ-ਸ਼ਾਸ਼ਤਰ ਦੀ ਵਿਚਕਾਰ ਛੱਡੀ ਪੜ੍ਹਾਈ ਮੁਕੰਮਲ ਕੀਤੀ ਜਾਵੇ।



ਇਸ ਲਈ ਉਨ੍ਹਾਂ ਨੇ ਮੁੰਬਈ ਦੇ ਇੱਕ ਕਾਲਜ ਅੰਦਰ ਪ੍ਰੋਫ਼ੈਸਰੀ ਕਬੂਲ ਕੀਤੀ। ਇੱਥੇ ਕੁਝ ਗੁਜਰਾਤੀ ਪ੍ਰੋਫੈਸਰਾਂ ਨੇ ਡਾ. ਅੰਬੇਡਕਰ ਦੇ ਸਾਂਝੇ ਘੜੇ 'ਚੋਂ ਪਾਣੀ ਪੀਣ 'ਤੇ ਇਤਰਾਜ਼ ਕੀਤਾ। ਇਸ ਅਪਮਾਨ ਦੇ ਬਾਵਜੂਦ ਉਹ ਸਮਾਜਿਕ ਕੋਹੜ ਖ਼ਿਲਾਫ ਆਪਣੀ ਦੱਬੀ-ਕੁਚਲੀ ਕੌਮ ਨੂੰ ਜਗਾਉਣ ਲਈ ਸਿਰ-ਤੋੜ ਯਤਨ ਕਰਦੇ ਰਹੇ। ਉਹ ਚਾਹੁੰਦੇ ਸਨ ਕਿ ਇਸ ਔਖੇ ਕਾਰਜ ਲਈ ਆਪਣਾ ਅਖ਼ਬਾਰ ਵੀ ਹੋਣਾ ਚਾਹੀਦਾ ਹੈ। ਇਸ ਲਈ ਉਨ੍ਹਾਂ ਨੇ 1919 'ਚ 'ਮੂਕ ਨਾਇਕ' ਨਾਂ ਦਾ ਪੰਦਰਾ ਰੋਜ਼ਾ ਅਖ਼ਬਾਰ ਵੀ ਜਾਰੀ ਕੀਤਾ। 1920 'ਚ ਉਹ ਅਗਲੇਰੀ ਪੜ੍ਹਾਈ ਲਈ ਲੰਡਨ ਚਲੇ ਗਏ ਪਰ ਉੱਥੇ ਜਾ ਕੇ ਵੀ ਆਪਣੇ ਜ਼ਿੰਦਗੀ ਦੇ ਮਿਸ਼ਨ ਨੂੰ ਨਹੀਂ ਭੁੱਲੇ। 1923 'ਚ ਆਪ ਲੰਡਨ ਤੋਂ ਬੈਰਿਸਟਰ ਤੇ ਡਾਕਟਰ ਆਫ਼ ਫ਼ਿਲਾਸਫ਼ੀ ਬਣ ਕੇ ਪਰਤੇ। ਤਿੰਨ ਅਪਰੈਲ 1927 ਨੂੰ ਮੁੰਬਈ ਤੋਂ ਉਨ੍ਹਾਂ ਨੇ ਮਰਾਠੀ ਭਾਸ਼ਾ 'ਚ ਵੀ ਆਪਣਾ ਅਖ਼ਬਾਰ ਕੱਢਿਆ।

ਡਾ. ਅੰਬੇਡਕਰ ਸਾਹਿਬ ਦੀ ਸ਼ਖ਼ਸੀਅਤ ਵਗਦੇ ਦਰਿਆ ਵਰਗੀ ਸੀ ਜਿਸ 'ਚ ਨਿੱਤ ਨਵਾਂ ਵਿਕਾਸ ਹੁੰਦਾ ਰਿਹਾ। ਉਨ੍ਹਾਂ ਦਾ ਵਿਚਾਰ ਸੀ ਕਿ ਗ਼ੁਲਾਮਾਂ ਨੂੰ ਦੱਸ ਦਿਓ ਕਿ ਉਹ ਗ਼ੁਲਾਮ ਹਨ, ਫਿਰ ਉਹ ਆਪ ਹੀ ਬਗਾਵਤ ਕਰ ਦੇਣਗੇ। ਸਦੀਆਂ ਤੋਂ ਜ਼ੁਲਮ ਦੀ ਚੱਕੀ 'ਚ ਪਿਸ ਰਹੇ ਲੋਕਾਂ ਨੂੰ ਉਨ੍ਹਾਂ ਸੁਨੇਹਾ ਦਿੱਤਾ ਕਿ ਜੇਕਰ ਉਹ ਇੱਜ਼ਤ ਦਾ ਜੀਵਨ ਜੀਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਤਮ ਸਹਾਇਤਾ 'ਤੇ ਭਰੋਸਾ ਕਰਨਾ ਹੋਵੇਗਾ। ਆਪਣੀਆਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਆਪ ਤੋੜਨਾ ਚਾਹੀਦਾ ਹੈ ਤੇ ਬੇਇੱਜ਼ਤ ਰਹਿ ਕੇ ਜਿਊਣਾ ਬੇਕਾਰ ਹੈ। ਡਾ. ਅੰਬੇਡਕਰ ਦੀਆਂ ਤਕਰੀਰਾਂ ਨੇ ਲੋਕਾਂ ਨੂੰ ਧੁਰ ਅੰਦਰ ਤੱਕ ਹਲੂਣ ਦਿੱਤਾ ਤੇ ਉਹ ਗ਼ੁਲਾਮੀ ਵਿਰੋਧੀ ਕਾਫ਼ਲੇ 'ਚ ਸ਼ਾਮਲ ਹੋ ਕੇ ਤੁਰਨ ਲੱਗੇ। ਇੱਕ ਵਕੀਲ ਦੇ ਤੌਰ 'ਤੇ ਗਰੀਬਾਂ ਦੇ ਕੇਸ ਕਈ ਵਾਰ ਮੁਫ਼ਤ ਲੜਦੇ। ਗਰੀਬ ਲੋਕ ਉਨ੍ਹਾਂ ਦੇ ਪੈਰੋਕਾਰ ਬਣ ਗਏ। ਇਸੇ ਦੌਰਾਨ ਮੁੰਬਈ ਦੇ ਰਾਜਪਾਲ ਨੇ ਡਾਕਟਰ ਅੰਬੇਡਕਰ ਨੂੰ ਮੁੰਬਈ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕਰ ਦਿੱਤਾ। ਜਦੋਂ ਮੁਲਕ 'ਚ 'ਸਵਰਾਜ ਮੇਰਾ ਜਨਮ ਸਿੱਧ ਅਧਿਕਾਰ ਹੈ' ਦੇ ਨਾਅਰੇ ਲੱਗ ਰਹੇ ਸਨ, ਉਦੋਂ ਉਹ ਛੂਆ-ਛੂਤ ਦਾ ਖ਼ਾਤਮਾ ਕਰਨਾ ਮੇਰਾ ਜਨਮ ਸਿੱਧ ਅਧਿਕਾਰ ਵਰਗਾ ਨਾਅਰਾ ਦੇ ਕੇ ਅਛੂਤਾਂ ਨੂੰ ਸਮਾਜ ਅੰਦਰ ਉਚਿਤ ਸਥਾਨ ਦਿਵਾਉਣ ਦੇ ਉਪਰਾਲੇ ਕਰ ਰਹੇ ਸਨ। 1930 ਦਾ ਵਰ੍ਹਾ ਭਾਰਤੀ ਇਤਿਹਾਸ 'ਚ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਇਸ ਸਾਲ ਲੰਡਨ 'ਚ ਗੋਲ ਮੇਜ਼ ਕਾਨਫਰੰਸ ਹੋਈ। ਡਾ. ਅੰਬੇਦਕਰ ਨੇ ਇਸ 'ਚ ਸ਼ਾਮਲ ਹੋ ਕੇ ਅਛੂਤਾਂ ਦੇ ਕਈ ਨੁਕਤੇ ਉਭਾਰੇ। ਉਨ੍ਹਾਂ ਕਿਹਾ ਕਿ ਉਹ ਜਿਨ੍ਹਾਂ ਅਛੂਤਾਂ ਦੇ ਪ੍ਰਤੀਨਿਧੀ ਦੇ ਰੂਪ 'ਚ ਇੱਥੇ ਆਏ ਹਨ, ਉਨ੍ਹਾਂ ਦੀ ਜਨਸੰਖਿਆ ਹਿੰਦੂਆਂ ਦੀ ਜਨਸੰਖਿਆ ਦਾ ਕੁੱਲ ਪੰਜਵਾਂ ਹਿੱਸਾ ਹੈ ਤੇ ਬਰਤਾਨੀਆ ਜਾਂ ਫਰਾਂਸ ਦੀ ਜਨਸੰਖਿਆ ਦੇ ਬਰਾਬਰ ਹੈ ਪਰ ਇਨ੍ਹਾਂ ਅਛੂਤਾਂ ਦੀ ਹਾਲਤ ਦਾਸਾਂ ਨਾਲੋਂ ਵੀ ਬੁਰੀ ਹੈ। ਪਹਿਲੀ ਗੋਲ ਮੇਜ਼ ਕਾਨਫਰੰਸ ਦੀ ਪ੍ਰਾਪਤੀ 'ਚ ਅਖੰਡ ਭਾਰਤ ਦਾ ਵਿਚਾਰ ਤਾਂ ਉਪਜਿਆ ਹੀ ਸੀ, ਤੇ ਨਾਲ ਹੀ ਇਸ ਦੀ ਵਿਸ਼ੇਸ਼ ਪ੍ਰਾਪਤੀ ਇਸ ਪੱਖੋਂ ਵੀ ਸੀ ਕਿ ਦਲਿਤ ਵਰਗ ਦੀ ਹਾਲਤ ਉੱਭਰ ਕੇ ਸੰਸਾਰ ਦੇ ਸਾਹਮਣੇ ਆਈ ਸੀ। ਇੱਥੇ ਹੀ ਮਹਾਤਮਾ ਗਾਂਧੀ ਨਾਲ ਆਪ ਦੇ ਵਿਚਾਰਧਾਰਕ ਵਿਰੋਧ ਪੈਦਾ ਹੋ ਗਏ। ਅਜਿਹੇ ਸਮੇਂ ਜਦੋਂ ਗਾਂਧੀ ਜੀ ਵਰਗੀ ਹਸਤੀ ਸਮੁੱਚੀ ਹਿੰਦੂ ਜਾਤੀ ਦੀ ਪ੍ਰਤੀਨਿਧਤਾ ਕਰ ਰਹੀ ਸੀ, ਉਨ੍ਹਾਂ ਨਾਲ ਟੱਕਰ ਲੈਣੀ ਕੋਈ ਬੱਚਿਆਂ ਦੀ ਖੇਡ ਨਹੀਂ ਸੀ। ਡਾ. ਅੰਬੇਦਕਰ ਹੱਕ-ਸੱਚ ਤੇ ਇਨਸਾਫ਼ ਲਈ ਲੜਨ ਵਾਲੇ ਨਿਧੜਕ ਤੇ ਨਿਡਰ ਲੀਡਰ ਸਨ। ਉਨ੍ਹਾਂ ਸਪਸ਼ਟ ਸ਼ਬਦਾਂ 'ਚ ਗਾਂਧੀ ਜੀ ਨੂੰ ਇਹ ਕਹਿ ਦਿੱਤਾ ਕਿ ਕਾਂਗਰਸ ਨੇ ਅਛੂਤਾਂ ਦੇ ਮਸਲੇ ਨੂੰ ਮਾਨਤਾ ਦੇਣ ਦੇ ਸਿਵਾਏ ਕੁਝ ਨਹੀਂ ਕੀਤਾ।

ਬਾਬਾ ਸਾਹਿਬ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਬਚਪਨ ਵਿੱਚ ਆਪ ਨੇ ਅਤਿ ਦੀ ਗਰੀਬੀ ਭੋਗੀ। ਸ਼ਾਦੀ ਤੋ ਬਾਅਦ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ। 27 ਮਈ 1935 ਨੂੰ ਉਨ੍ਹਾਂ 'ਤੇ ਜਿਵੇਂ ਦੁੱਖਾਂ ਦਾ ਪਹਾੜ ਹੀ ਟੁੱਟ ਪਿਆ। ਇਸ ਦਿਨ ਆਪ ਦੀ ਪਤਨੀ ਇਸ ਦੁਨੀਆ ਨੂੰ ਅਲਵਿਦਾ ਕਹਿ ਸਦਾ ਲਈ ਆਪ ਨੂੰ ਵਿਛੋੜਾ ਦੇ ਗਈ। ਬਾਬਾ ਸਾਹਿਬ ਨੇ ਬਾਅਦ ਵਿੱਚ ਬੁੱਧ ਧਰਮ ਗ੍ਰਹਿਣ ਕੀਤਾ। 1956 'ਚ ਡਾ. ਅੰਬੇਦਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇੱਕ ਭਾਸ਼ਣ 'ਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ ਕਿਉਂਕਿ ਇਸ 'ਚ ਤਿੰਨੇ ਅਸੂਲ ਇੱਕ ਥਾਂ ਮਿਲਦੇ ਹਨ। ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ। ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ। ਆਪ ਨੇ ਲੱਖਾਂ ਪੈਰੋਕਾਰਾਂ ਨਾਲ ਬੁੱਧ ਧਰਮ ਗ੍ਰਹਿਣ ਕੀਤਾ।

ਡਾਕਟਰ ਸਾਹਿਬ ਆਪਣੇ ਭਾਸ਼ਣ ਵਿੱਚ ਬੜਾ ਜ਼ੋਰ ਦੇ ਕੇ ਇਹ ਗੱਲ ਕਿਹਾ ਕਰਦੇ ਸਨ ਕਿ ਅਜਿਹੇ ਲੋਕਾਂ ਨਾਲ ਸੰਗਤ ਨਾ ਕਰੋ ਜੋ ਇਹ ਕਹਿੰਦੇ ਹਨ ਕਿ ਪਰਮਾਤਮਾ ਸਰਬਵਿਆਪੀ ਹੈ ਪਰ ਆਪਣੇ ਹੀ ਸਹਿਯੋਗੀ ਪੁਰਸ਼ ਨੂੰ ਪਸ਼ੂ ਤੋਂ ਵੀ ਭੈੜਾ ਸਮਝਦੇ ਹਨ। ਅਜਿਹੇ ਲੋਕ ਪਖੰਡੀ ਹਨ। ਅਜਿਹੇ ਲੋਕਾਂ ਨਾਲ ਮਿਲਵਰਤਣ ਕਰਨ ਦਾ ਕੀ ਫ਼ਾਇਦਾ ਜੋ ਕੀੜੀਆਂ ਦੇ ਭੌਣ 'ਤੇ ਮਿੱਠਾ ਜਾਂ ਚੌਲ ਖਿਲਾਰਦੇ ਹਨ ਪਰ ਦਲਿਤ ਆਦਮੀ ਨੂੰ ਪਾਣੀ ਪੀਣ ਤੋਂ ਮਨ੍ਹਾਂ ਕਰ ਕੇ ਭੁੱਖਾ-ਪਿਆਸਾ ਮਾਰ ਦਿੰਦੇ ਹਨ। ਉਹ ਲੋਕਾਂ ਨੂੰ ਥਾਪੀ ਦੇ ਕੇ ਕਿਹਾ ਕਰਦੇ ਸਨ- ਉੱਠੋ, ਤੁਸੀਂ ਤਾਂ ਸ਼ੇਰ ਹੋ, ਸ਼ੇਰ ਬਣ ਕੇ ਦਿਖਾਓ, ਬਲੀ ਸ਼ੇਰਾਂ ਦੀ ਨਹੀਂ, ਭੇਡਾਂ-ਬੱਕਰੀਆਂ ਦੀ ਦਿੱਤੀ ਜਾਂਦੀ ਹੈ। ਤੁਹਾਡੇ ਵਿੱਚ ਇੱਕ ਜੋਤ ਹੈ, ਜੋ ਬੁਝ ਚੁੱਕੀ ਹੈ। ਲੋੜ ਹੈ ਉਸ ਜੋਤ ਨੂੰ ਜਗਾਉਣ ਦੀ, ਆਪਣੀ ਰੌਸ਼ਨੀ ਆਪ ਬਣੋ। ਰੌਸ਼ਨੀ ਲੈਣ ਲਈ ਕਿਸੇ ਹੋਰ ਦੀ ਓਟ ਦੇ ਆਸਰੇ ਨਾ ਰਹੋ। ਸੱਚ ਦੀ ਸ਼ਰਨ ਲਵੋ, ਕਿਸੇ ਹੋਰ ਦੀ ਸ਼ਰਨ ਨਾ ਤੱਕੋ। ਡਾ. ਅੰਬੇਦਕਰ ਗਿਆਨ ਨੂੰ ਇੱਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਓਨਾ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨਾ ਚਿਰ ਉਹ ਗਿਆਨ ਦੇ ਖੇਤਰ 'ਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ। ਇਸ ਲਈ ਉਨ੍ਹਾਂ ਨੇ ਆਪਣੀ ਵਿਦਵਤਾ ਭਰਭੂਰ ਗੱਲਬਾਤ ਨਾਲ ਗਵਰਨਰ ਨੂੰ ਸਰਕਾਰੀ ਖ਼ਰਚੇ 'ਤੇ ਅਛੂਤ ਬੱਚਿਆਂ ਦੇ ਬੈਚ ਨੂੰ ਉੱਚ-ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਭੇਜਣ ਲਈ ਹਾਂ ਕਰਵਾ ਲਈ।

ਇਸ 'ਕੋਲੋਂਬੋ ਪਲਾਨ' ਤਹਿਤ 1944 'ਚ 15 ਵਿਦਿਆਰਥੀਆਂ ਦਾ ਪਹਿਲਾ ਬੈਚ ਭੇਜਿਆ ਗਿਆ ਤੇ 1946 'ਚ 16 ਵਿਦਿਆਰਥੀਆਂ ਦਾ ਦੂਜਾ ਬੈਚ ਭੇਜਿਆ ਗਿਆ ਤਾਂ ਜੋ ਉਹ ਸਾਰੇ ਵਾਪਸ ਆ ਕੇ ਆਪਣੇ ਸਮਾਜ ਨੂੰ ਜਿੱਲ੍ਹਣ 'ਚੋਂ ਕੱਢਣ ਲਈ ਕੰਮ ਕਰਨ। ਪਰ ਹੋਇਆ ਇਸ ਤੋਂ ਉਲਟ ਕਿਉਂਕਿ ਬਹੁਤੇ ਦਲਿਤ ਵਿਦਿਆਰਥੀ ਪੜ੍ਹ ਕੇ ਵਿਦੇਸ਼ਾਂ ਵਿੱਚ ਹੀ ਵਸ ਗਏ। ਡਾ. ਅੰਬੇਡਕਰ ਨੇ ਸੋਚਿਆ ਸੀ ਕਿ ਜੇਕਰ ਉਹ ਵਿਦੇਸ਼ਾਂ ਦੀ ਆਜ਼ਾਦ ਫ਼ਿਜ਼ਾ ਵਿੱਚ, ਜਾਤੀਵਾਦੀ ਅਤੇ ਮਨੂੰਵਾਦੀ ਸਿਸਟਮ ਤੋਂ ਦੂਰ ਰਹਿ ਕੇ, ਪੜ੍ਹ ਕੇ ਆਪਣੇ ਸਮਾਜ ਲਈ ਇੰਨਾ ਕੁਝ ਕਰ ਸਕਦਾ ਹੈ ਤਾਂ ਦਸ-ਵੀਹ ਦਲਿਤ ਵਿਦਿਆਰਥੀ ਤਾਂ ਬਹੁਤ ਵੱਡੇ ਪੱਧਰ 'ਤੇ ਸਮਾਜਿਕ ਪਰਿਵਰਤਨ ਕਰ ਦੇਣਗੇ, ਪਰ ਬਾਬਾ ਸਾਹਿਬ ਦੀ ਇਸ ਉਮੀਦ ਨੂੰ ਬੂਰ ਨਾ ਪਿਆ ਅਤੇ ਉਨ੍ਹਾਂ ਭਰੇ ਮਨ ਨਾਲ 18 ਮਾਰਚ 1956 'ਚ ਆਗਰਾ ਵਿਖੇ ਕਿਹਾ, "ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ, ਮੈਂ ਸੋਚਿਆ ਸੀ ਕਿ ਇਹ ਪੜ੍ਹ ਲਿਖ ਕੇ ਆਪਣੇ ਸਮਾਜ ਦੇ ਲਈ ਇਮਾਨਦਾਰੀ ਨਾਲ ਕੰਮ ਕਰਨਗੇ ਲੇਕਿਨ ਮੈਂ ਦੇਖ ਰਿਹਾ ਹਾਂ ਕਿ ਇਹ ਆਪਣਾ ਹੀ ਪੇਟ ਪਾਲਣ 'ਚ ਮਗਨ ਹਨ ਅਤੇ ਮੇਰੇ ਚਾਰੇ ਪਾਸੇ ਚਿੱਟੇ ਕਾਲਰਾਂ ਵਾਲੇ ਬਾਬੂਆਂ ਦੀ ਭੀੜ ਇਕੱਠੀ ਹੋ ਗਈ ਹੈ, ਜੋ ਕਿਸੇ ਕੰਮ ਦੀ ਨਹੀਂ ਹੈ ਅਤੇ ਹੁਣ ਮੈਂ ਇਨ੍ਹਾਂ ਪੜ੍ਹੇ-ਲਿਖੇ ਲੋਕਾਂ ਦੇ ਲਈ ਨਹੀਂ ਬਲਕਿ ਪਿੰਡਾਂ 'ਚ ਰਹਿ ਰਹੇ ਬੇਸਹਾਰਾ ਲੋਕਾਂ ਦੀ ਲੜਾਈ ਹੀ ਲੜਾਂਗਾ।"

ਉਨ੍ਹਾਂ ਦੇ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫ਼ਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ਼ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ ਲੱਗਦਾ।

ਬਾਬਾ ਸਾਹਿਬ ਨੂੰ ਵਧੇਰੇ ਕਰਕੇ ਸੰਵਿਧਾਨ ਦੇ ਨਿਰਮਾਤਾ ਵਜੋਂ ਜਾਣਿਆ ਜਾਂਦਾ ਹੈ। ਸਾਡੀ ਸੰਸਦੀ ਵਿਵਸਥਾ ਉਨ੍ਹਾਂ ਦੀ ਦੇਣ ਹੈ। ਆਪ ਦੇ ਯਤਨਾਂ ਸਦਕਾ ਹੀ ਤਿੰਨ ਰੰਗੇ ਕੌਮੀ ਝੰਡੇ 'ਚ ਅਸ਼ੋਕ ਚੱਕਰ ਦਾ ਨਿਸ਼ਾਨ ਰੱਖਿਆ ਗਿਆ। ਜਦੋਂ ਤਿੰਨ ਅਗਸਤ ਨੂੰ ਬਣੇ ਪਹਿਲੇ ਕੇਂਦਰੀ ਮੰਡਲ 'ਚ ਆਪ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਤਾਂ ਅੰਬੇਡਕਰ ਸਾਹਿਬ ਨੇ ਔਰਤਾਂ ਦੀ ਉਨਤੀ ਤੇ ਮੁਕਤੀ ਵਾਸਤੇ ਪੂਰੀ ਵਾਹ ਲਾਈ ਤੇ ਔਰਤਾਂ ਦੇ ਰੁਤਬੇ ਨੂੰ ਵਧਾਉਣ ਲਈ ਸੰਵਿਧਾਨ ਸਭਾ ਵਿੱਚ ਹਿੰਦੂ ਕੋਡ ਬਿੱਲ ਪੇਸ਼ ਕੀਤਾ। ਹਿੰਦੂ ਕੋਡ ਬਿਲ ਸਬੰਧੀ ਜਦੋਂ ਮੰਤਰੀ ਮੰਡਲ 'ਚ ਵਿਰੋਧ ਹੋਇਆ ਤਾਂ ਆਪ ਨੇ ਮੰਤਰੀ ਮੰਡਲ 'ਚ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਇਸ ਮਗਰੋਂ 26 ਜਨਵਰੀ 1950 ਨੂੰ ਆਪ ਦੁਆਰਾ ਨਿਰਮਿਤ 395 ਧਾਰਾਵਾਂ ਤੇ 9 ਅਨੁਸੂਚੀਆਂ ਵਾਲਾ ਸੰਵਿਧਾਨ ਲਾਗੂ ਕਰ ਦਿੱਤਾ ਗਿਆ। ਆਪ ਭਾਵੇਂ ਕਿਸੇ ਵੀ ਅਹੁਦੇ 'ਤੇ ਰਹੇ, ਆਪ ਦਾ ਪ੍ਰਮੁੱਖ ਉਦੇਸ਼ ਅਛੂਤਾਂ ਦੀ ਭਲਾਈ ਹੀ ਰਿਹਾ। ਬਾਬਾ ਸਾਹਿਬ ਨੇ ਕਈ ਕਿਤਾਬਾਂ ਵੀ ਲਿਖੀਆਂ। ਗਰੀਬ ਲੋਕਾਂ ਦੇ ਹੱਕਾਂ ਲਈ ਲੜਦੀ ਇਹ ਸ਼ਖ਼ਸੀਅਤ 6 ਦਸੰਬਰ 1956 ਨੂੰ ਸਦੀਵੀ ਵਿਛੋੜਾ ਦੇ ਗਈ। ਉਨ੍ਹਾਂ ਦੇ ਮਹਾਨ ਕਾਰਜਾਂ ਨੂੰ ਸਲਾਮ ਕਰਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1990 ਵਿੱਚ ਸਰਵਉੱਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜ਼ਿਆ। ਦੇਸ਼ਾਂ-ਵਿਦੇਸ਼ਾਂ ਵਿੱਚ ਹਰ ਸਾਲ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਦੀ ਜਯੰਤੀ ਬਹੁਤ ਧੂਮ-ਧਾਮ ਨਾਲ ਮਨਾਈ ਜਾਂਦੀ ਹੈ। ਲੋਕ ਜਾਗ੍ਰਿਤ ਹੋ ਰਹੇ ਹਨ। ਹੌਲੀ-ਹੌਲੀ ਆਰਥਿਕ ਅਤੇ ਸਮਾਜਿਕ ਤਬਦੀਲੀ ਆ ਰਹੀ ਹੈ ਜੋ ਮਾਨਵਤਾ ਲਈ ਸ਼ੁਭ ਸ਼ੰਕੇਤ ਹੈ।



ਮੂੰਹ ਦੀ ਸਿਹਤ ਮਹੀਨਾ 2025

# ਹੈਲਦੀ ਮੁਸਕਰਾਹਟ ਲਈ ਜ਼ਰੂਰੀ ਹੈ ਦੰਦਾਂ ਅਤੇ ਮਸੂੜਿਆਂ ਦੀ ਡੇਲੀ ਦੇਖਭਾਲ



*''ਓਰਲ ਹੈਲਥ ਮਹੀਨਾ 2025 ਦਾ ਥੀਮ ਹੈ- ਹਰ ਵਿਅਕਤੀ ਦੀ ਹੈਲਦੀ ਮੁਸਕਰਾਹਟ'' ਵਿਸ਼ਵ ਭਰ 'ਚ ਅੱਜ ਹੈਲਦੀ ਮੁਸਕਰਾਹਟ ਲਈ ਆਪਣੇ ਦੰਦਾਂ ਅਤੇ ਮਸੂੜਿਆਂ ਦੀ ਨਿਯਮਤ ਦੇਖਭਾਲ ਕਰਨੀ ਜਰੂਰੀ ਹੋ ਗਈ ਹੈ- ਡਾ. ਅਨਿਲ ਧੀਰ. ਕਾਲਮਨਿਸਟ. ਲੇਖਕ: ਸੈਲਫ-ਕੇਅਰ ਟਿਪਸ ਐਨਸਾਈਕਲੋਪੀਡੀਆ. ਸੋਸ਼ਲ ਐਕਟੀਵਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ*

ਹੈਲਥ ਮੀਡੀਆ ਕੈਨੇਡਾ: ਅਪ੍ਰੈਲ 2025 ਮੂੰਹ ਦੀ ਹੈਲਥ ਪ੍ਰਤੀ ਜਾਗਰੂਕਤਾ ਦੇ ਮਹੀਨੇ ਦੇ ਤੌਰ 'ਤੇ ਕਮਿਊਨਿਟੀ ਦੇ ਨਾਲ-ਨਾਲ ਸਰਕਾਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਇਸ ਮਹੀਨੇ ਦੌਰਾਣ ਲੋਕਾਂ ਨੂੰ ਮੂੰਹ ਦੀ ਅੰਦਰੂਨੀ ਸਫਾਈ ਅਤੇ ਮੂੰਹ ਦੇ ਰੋਗਾਂ ਤੋਂ ਬਚਾਅ ਬਾਰੇ ਦੰਦਾਂ ਦੇ ਮਾਹਿਰਾਂ ਦੁਆਰਾ ਜਾਗਰੁਕ ਕੀਤਾ ਜਾ ਰਿਹਾ ਹੈ। ਵਿਸ਼ਵ ਪੱਧਰ 'ਤੇ, ਮੂੰਹ ਦੀਆਂ ਬਿਮਾਰੀਆਂ, ਖਾਸ ਕਰਕੇ ਦੰਦਾਂ ਦੀ ਸੜਨ ਅਤੇ ਮਸੂੜਿਆਂ ਦੀ ਸਮੱਸਿਆ ਕਾਰਨ ਕਰੀਬਨ 3.6



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਬਿਲੀਅਨ ਲੋਕ ਅਸਰ ਹੇਠ ਹਨ, ਜੋ ਕਿ ਅੱਜ ਜਨਤਕ ਸਿਹਤ ਚੁਣੌਤੀ ਬਣ ਚੁੱਕੀ ਹੈ।

- ਸਥਾਈ ਦੰਦਾਂ 'ਚ ਇਲਾਜ਼ ਨਾ ਕੀਤੇ ਜਾਣ ਵਾਲੇ ਦੰਦਾਂ ਦੀ ਸੜਨ ਦੀ ਸਮੱਸਿਆ ਵੱਧ ਕੇ ਕਰੀਬਨ 2.3 ਬਿਲੀਅਨ ਤੱਕ ਪਹੁੰਚ ਚੁੱਕੀ ਹੈ।
- ਮੂੰਹ ਦੀਆਂ ਬਿਮਾਰੀਆਂ ਦਰਦ, ਬੇਆਰਾਮੀ, ਵਿਗਾੜ, ਖਾਣ-ਪੀਣ, ਬੋਲਣ ਅਤੇ ਸਮਾਜਿਕ ਆਪਸੀ ਅਸਰ ਨੂੰ ਪ੍ਰਭਾਵਿਤ ਹੋਣ ਨਾਲ ਡੇਲੀ ਲਾਈਫ ਸਟਾਈਲ 'ਤੇ ਮਾੜਾ ਅਸਰ ਪੈ ਰਿਹਾ ਹੈ।
- ਹਰ ਉਮਰ 'ਚ ਦੰਦਾਂ ਦੇ ਰੋਗ ਵੱਧਣ ਦਾ ਆਮ ਕਾਰਨ ਹੈ- ਖੰਡ ਦੀ ਜ਼ਿਆਦਾ ਵਰਤੋਂ, ਚਾਕਲੇਟ, ਮਿਠਾਈਆਂ, ਕੈਂਡੀ, ਬੇਕਰੀ ਪ੍ਰਾਡਕਟਸ, ਸਿਗੇਟਨੋਸ਼ੀ, ਤੰਬਾਕੂ ਚਬਾਉਣਾ, ਅਤੇ ਅਲਕੋਹਲ ਦੀ ਵੱਧ ਵਰਤੋਂ ਦੁਨੀਆ ਦੇ ਦੰਦ ਖਰਾਬ ਕਰ ਰਹੇ ਹਨ।
- ਦੰਦਾਂ ਦੀ ਸਫਾਈ ਦੇ ਸਹੀ ਅਭਿਆਸ, ਬੁਰਸ਼ ਕਰਨ, ਫਲਾਸਿੰਗ ਅਤੇ ਸਮੇਂ-ਸਮੇਂ ਤੇ ਨਿਯਮਤ ਜਾਂਚ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।
- ਡੇਲੀ ਫਲੋਰਾਈਡ ਟੱਥਪੇਸਟ, 'ਤੇ ਫਲੌਸ ਦੀ ਵਰਤੋਂ ਕਰਕੇ ਸਵੇਰੇ-ਸ਼ਾਮ ਆਪਣੇ ਦੰਦ ਬੁਰਸ਼ ਦੁਆਰਾ ਕਲੀਨ ਕਰੋ।
- ਮਸੂੜਿਆਂ ਦੀ ਬਿਮਾਰੀ ਅਤੇ ਮੂੰਹ ਦੇ ਕੈਂਸਰ ਦੇ ਲੱਛਣਾਂ ਲਈ ਰੁਟੀਨ 'ਚ ਆਪਣੇ ਮੂੰਹ ਦੀ ਜਾਂਚ ਕਰਦੇ ਰਹੋ।
- ਫਲੋਰਾਈਡ ਵਾਲਾ ਪਾਣੀ ਪੀਣ ਨਾਲ ਦੰਦਾਂ ਦੇ ਪਰਲੇ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਕੈਵੇਟੀਜ਼ ਦੇ ਖਤਰੇ ਨੂੰ ਘਟਾਇਆ ਜਾ ਸਕਦਾ ਹੈ।
- ਹਰ ਉਮਰ ਦੇ ਵਿਅਕਤੀ ਨੂੰ ਹਮੇਸ਼ਾ ਪੌਸ਼ਟਿਕ ਖ਼ੁਰਾਕ ਲੈਣੀ ਚਾਹੀਦੀ ਹੈ।
- ਰੁਟੀਨ 'ਚ ਫਿਲਟਰਡ ਪਾਣੀ 'ਚ ਲੌਂਗ, ਛੋਟੀ ਇਲਾਚੀ ਪਾ ਕੇ ਉਬਾਲਨ ਤੋਂ ਬਾਅਦ ਪੀਣ ਦੀ ਆਦਤ ਪਾ ਲੈਣੀ ਚਹੀਦੀ ਹੈ ।
- ਸਮੋਕਿੰਗ, ਧੂੰਆ ਰਹਿਤ ਤੰਬਾਕੂ ਅਤੇ ਵੇਪਿੰਗ ਦੀ ਵਰਤੋਂ ਨਾ ਕਰੋ। ਸੁਪਾਰੀ-ਪਾਣ ਖਾਣ ਵਾਲੇ ਸਾਵਧਾਨ ਰਹਿਣ। ਜ਼ਿਆਦਾ ਮਾਤਰਾ 'ਚ ਅਲਕੋਹਲ ਨਾ ਲੈ ਕੇ, ਸੀਮਤ ਮਾਤਰਾ 'ਚ ਲੈਣੀ ਚਾਹੀਦੀ ਹੈ।
- ਹਰ ਖਾਣ-ਪੀਣ ਵਾਲੀ ਚੀਜ਼ ਤੋਂ ਬਾਅਦ ਭੋਜਨ ਦੇ ਕਣਾਂ ਨੂੰ ਬਾਹਰ ਕੱਢਣ 'ਤੇ ਏਸਿਡ ਨੂੰ ਬੇਅਸਰ ਕਰਨ ਲਈ ਪਾਣੀ ਨਾਲ ਚੰਗੀ ਤਰਾਂ ਕੁਲੀ ਜਰੂਰ ਕਰੋ।
- ਮੂੰਹ ਅੰਦਰ ਦੀ ਦਰਦ, ਸੋਜ, 'ਤੇ ਬਦਬੂ ਦੂਰ ਕਰਨ ਲਈ ਇੱਕ ਕੱਪ ਗਰਮ ਪਾਣੀ 1 ਚਮਚ ਨਮਕ ਮਿਲਾਓ 'ਤੇ 30 ਸਕਿੰਟਾਂ ਲਈ ਕੁਰਲੀ ਕਰੀ ਚਾਹੀਦੀ ਹੈ।
- ਤੰਦਰੁਸਤ ਦੰਦਾਂ ਅਤੇ ਜਾਂਚ ਲਈ ਆਪਣੇ ਡਾਕਟਰ ਨੂੰ ਮਿਲਦੇ ਰਹੋ। ਗਰਭਵਤੀ ਔਰਤਾਂ ਆਪਣਾ ਖਾਸ ਧਿਆਣ ਰੱਖਣ।







# ਸਾਹ 'ਚ ਛੁਪੇ ਹਨ ਕਈ ਰਹੱਸ

ਇਹ ਗੱਲ ਆਮ ਹੈ ਕਿ ਸਾਹ ਲੈਣ ਅਤੇ ਛੱਡਣ ਦੀ ਕਿਰਿਆ ਤੋਂ ਬਿਨਾਂ ਜੀਵਨ ਦੀ ਕਲਪਨਾ ਕਰਨਾ ਹੀ ਬੇਕਾਰ ਹੈ। ਇਹੀ ਨਹੀਂ, ਮਨੁੱਖ ਦੇ ਜੀਵਨ ਵਿਚ ਸਾਹ ਲੈਣ ਵਰਗੀ ਆਮ ਸਮਝੀ ਜਾਣ ਵਾਲੀ ਕਿਰਿਆ ਬੇਹੱਦ ਮਹੱਤਵਪੂਰਨ ਹੁੰਦੀ ਹੈ। ਇਸ ਸਾਹ ਵਿਚ ਕਈ ਰਾਜ਼ ਛੁਪੇ ਹਨ ਜਿਨ੍ਹਾਂ ਦਾ ਰਾਜ਼ ਸਿਹਤ ਮਾਹਿਰ ਅੱਜ ਵੀ ਲੱਭਣ ਲੱਗੇ ਹੋਏ ਹਨ।

ਹਾਲਾਂਕਿ ਯੋਗ ਕਿਰਿਆ ਵਿਚ ਸਾਹ ਲੈਣਾ ਸਭ ਤੋਂ ਅਹਿਮ ਹੈ, ਕਿਉਂਕਿ ਇਸ ਵਿਚ ਕਈ ਰਹੱਸ ਛੁਪੇ ਹੁੰਦੇ ਹਨ। ਫਿਰ ਵੀ ਮਾਹਿਰਾਂ ਦੀ ਸਲਾਹ ਇਹੀ ਹੈ ਕਿ ਜਦੋਂ ਤਕ ਤੁਸੀਂ ਖ਼ੁਸ਼ ਹੋ ਕੇ ਸਾਹ ਲਵੋਂਗੇ ਤਾਂ ਸੁਕੂਨ ਮਹਿਸੂਸ ਕਰੋਗੇ, ਪਰ ਜੇਕਰ ਦੁਖੀ ਹੋ ਕੇ ਸਾਹ ਲਵੋਂਗੇ ਤਾਂ ਕੁਝ ਸੁੰਗੜਿਆ ਹੋਇਆ ਮਹਿਸੂਸ ਕਰੋਗੇ। ਇਸ ਤਰ੍ਹਾਂ ਸਰੀਰ ਦੀਆਂ 90 ਫ਼ੀਸਦੀ ਅਸ਼ੁੱਧੀਆਂ ਸਾਹ ਰਾਹੀਂ ਹੀ ਨਿਕਲਦੀਆਂ ਹਨ, ਜਦੋਂ ਕਿ ਇਹ ਕਿਰਿਆ ਯਾਦ ਸ਼ਕਤੀ ਵਧਾਉਣ ਵਿਚ ਵੀ ਬੇਹੱਦ ਜ਼ਰੂਰੀ ਹੁੰਦੀ ਹੈ।

ਦਰਅਸਲ ਸਾਹ ਲੈਣ ਤੇ ਛੱਡਣ ਦੀ ਕਿਰਿਆ ਆਤਮਾ, ਦਿਮਾਗ ਅਤੇ ਸਰੀਰ ਨੂੰ ਸ਼ੁੱਧ ਕਰਨ ਦੀ ਕਿਰਿਆ ਹੈ। ਇਸ ਲਈ ਹਰ ਰੋਜ਼ ਕੁਝ ਸਮਾਂ ਯੋਗ ਵੱਲ ਧਿਆਨ ਲਗਾ ਕੇ ਸਾਹ ਖਿੱਚੋ ਅਤੇ ਛੱਡੋ। ਇਸ ਤਰ੍ਹਾਂ ਲਗਾਤਾਰ ਅਭਿਆਸ ਕਰਨ ਨਾਲ ਸਰੀਰ ਖ਼ੁਦ ਹੀ ਤਣਾਅ-ਰਹਿਤ, ਵਧੇਰੇ ਕਿਰਿਆਵਾਂ ਤੋਂ ਆਈ ਥਕਾਨ, ਪ੍ਰੇਸ਼ਾਨੀ ਆਦਿ ਤੋਂ ਵੀ ਮੁਕਤ ਹੋ ਕੇ ਤਾਜ਼ਗੀ ਆਉਣ ਤੋਂ ਬਾਅਦ ਸ਼ਕਤੀ ਅਤੇ ਚੁਸਤੀ ਵਾਲਾ ਬਣ ਜਾਵੇਗਾ। ਇਹ ਦੱਸਣਯੋਗ ਹੈ ਕਿ ਥਕਾਨ ਅਤੇ ਕਮਜ਼ੋਰ ਹੁੰਦੀ ਯਾਦ ਸ਼ਕਤੀ ਤੋਂ



ਪ੍ਰੇਸ਼ਾਨ ਲੋਕ ਅਕਸਰ ਸਾਹ ਲੈਣ ਅਤੇ ਛੱਡਣ ਦੀ ਕਿਰਿਆ ਅਪਣਾ ਕੇ ਕਾਫੀ ਲਾਭ ਪ੍ਰਾਪਤ ਕਰ ਸਕਦੇ ਹਨ। ਜਿਥੇ ਸਾਹ ਲੈਣ ਦਾ ਸਹੀ ਤਰੀਕਾ ਅਪਣਾ ਕੇ ਅਸੀਂ ਵਧੇਰੇ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਪਾ ਲੈਂਦੇ ਹਾਂ, ਉਥੇ ਦੂਜੇ ਪਾਸੇ ਸਰੀਰ ਤਨ-ਮਨ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਰਹਿੰਦਾ ਹੈ। ਹੋਰ ਤਾਂ ਹੋਰ ਗੁੱਸੇ ਵਿਚ ਵੀ ਸਾਹ ਲੈਣ ਛੱਡਣ ਦੀ ਕਿਰਿਆ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ।

ਸੀਨੀਅਰ ਮਾਹਿਰਾਂ ਅਨੁਸਾਰ ਗੁੱਸਾ ਆਉਣ ਦੀ ਹਾਲਤ ਵਿਚ ਕੁਝ ਪਲਾਂ ਲਈ ਸਾਹ ਰੋਕ ਕੇ ਫਿਰ ਛੱਡਣ ਨਾਲ ਕਾਫੀ ਆਰਾਮ ਮਿਲਦਾ ਹੈ। ਏਨਾ ਹੀ ਨਹੀਂ, ਤਣਾਅ ਹੋਣ 'ਤੇ ਕੁਰਸੀ 'ਤੇ ਸਿੱਧੇ ਬੈਠ ਕੇ ਲੰਬਾ ਸਾਹ ਲਵੋ ਅਤੇ ਹੌਲੀ-ਹੌਲੀ ਛੱਡੋ, ਤਣਾਅ ਘਟਣ ਲੱਗਦਾ ਹੈ। ਇਸ ਤੋਂ ਇਲਾਵਾ ਇਹ ਪ੍ਰਕਿਰਿਆ ਭਜਨ ਅਤੇ ਗੀਤ ਗਾਉਣ ਵਾਲੇ ਲਈ ਬੇਹੱਦ ਫਾਇਦੇਮੰਦ ਸਾਬਿਤ ਹੁੰਦੀ ਹੈ। ਇਸ ਨਾਲ ਅਕਸਰ ਤਣਾਅ ਬਹੁਤ ਦੂਰ ਰਹਿੰਦਾ ਹੈ ਅਤੇ ਸਾਈਨਸ ਵਰਗੀ ਬਿਮਾਰੀ ਤੋਂ ਛੁਟਕਾਰਾ ਮਿਲ ਜਾਂਦਾ ਹੈ। ਇਕ ਅਧਿਐਨ ਅਨੁਸਾਰ ਗਾਉਂਦੇ ਸਮੇਂ ਛੱਡੇ ਜਾਣ ਵਾਲੀ ਸਾਹ ਵਿਚ ਨਾਈਟ੍ਰਿਕ ਆਕਸਾਈਡ ਦੀ ਮਾਤਰਾ ਆਮ ਨਾਲੋਂ ਲਗਭਗ 15 ਗੁਣਾ ਵਧੇਰੇ ਤਕ ਵਧ ਜਾਂਦੀ ਹੈ। ਸਿੱਟੇ ਵਜੋਂ ਲੋਕਾਂ ਦੀ ਬਾਣੀ ਵਧੇਰੇ ਵਧੀਆ ਹੋ ਜਾਂਦੀ ਹੈ। ਇਸ ਦੌਰਾਨ ਜੇਕਰ ਸਾਹ ਲੈਣ ਅਤੇ ਛੱਡਣ ਦੀ ਕਿਰਿਆ ਵੱਲ ਧਿਆਨ ਦਿੱਤਾ ਜਾਵੇ ਤਾਂ ਦਿਮਾਗ ਨੂੰ ਵੀ ਬਹੁਤ ਆਰਾਮ ਪਹੁੰਚਦਾ ਹੈ, ਪਰ ਧਿਆਨ ਲਗਾਉਂਦੇ ਹੋਏ ਘੱਟ-ਘੱਟ ਪੰਦਰਾਂ ਮਿੰਟ ਦਾ ਸਮਾਂ ਜ਼ਰੂਰ ਕੱਢੋ।

ਧਿਆਨ ਰਖੋ ਕਿ ਇਸ ਦੌਰਾਨ ਕੋਈ ਜਲਦਬਾਜ਼ੀ ਨਾ ਹੋਵੇ ਅਤੇ ਧਿਆਨ ਵਿਚ ਬੈਠਣ ਦੌਰਾਨ ਆਪਣੇ ਦਿਮਾਗ ਵਿਚ ਗੁੱਸੇ ਦੀ ਜਗ ?ਹਾ ਨਾ ਬਣਨ ਦਿਉ ਤਾਂ ਹੀ ਚੰਗਾ ਹੋਵੇਗਾ। ਨਾਲ ਹੀ ਸਾਹ ਜਿੰਨਾ ਡੂੰਘਾ ਲੈ ਸਕੋ, ਓਨਾ ਡੂੰਘ ਲਵੋ ਅਤੇ ਹੌਲੀ-ਹੌਲੀ ਤੁਸੀਂ ਸਾਹ ਵਿਚ ਛੁਪੇ ਅਣਗਿਣਤ ਰਹੱਸਾਂ ਨੂੰ ਜਾਣ ਸਕੋਗੇ ਕਿਉਂਕਿ ਸਾਹ ਲੈਣ-ਛੱਡਣ ਦੀ ਕਿਰਿਆ ਨਾ ਸਿਰਫ ਇਕ ਚੰਗੀ ਕਸਰਤ ਹੈ ਸਗੋਂ ਇਹ ਜੀਵਨ ਜਿਉਣ ਦੀ ਇਕ ਅਨੂਠੀ ਕਲਾ ਵੀ ਹੈ। ਇਸ ਲਈ ਅੱਜ ਦੀ ਦੌੜ-ਭੱਜ ਵਾਲੀ ਜੀਵਨ ਸ਼ੈਲੀ ਵਿਚ ਗੁੱਸਾ, ਚਿੜਚਿੜਾਪਨ, ਨਿਰਾਸ਼ਾ, ਗੱਲ-ਗੱਲ 'ਤੇ ਰੁੱਸਣਾ, ਆਦਿ ਰੋਗਾਂ ਤੋਂ ਪੀੜਤ ਲੋਕਾਂ ਵਲੋਂ ਆਪਣੀਆਂ ਇਨ੍ਹਾਂ ਸਾਰੀਆਂ ਪ੍ਰੇਸ਼ਾਨੀਆਂ ਨੂੰ ਜੜ ਤੋਂ ਖ਼ਤਮ ਕਰਨ ਲਈ ਵਿਸ਼ੇਸ਼ ਰੂਪ ਵਿਚ ਸਾਹ ਲੈਣ ਅਤੇ ਛੱਡਣ ਦੀ ਕਿਰਿਆ ਨੂੰ ਅਪਣਾ ਕੇ ਲਾਭ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।

## Change of Name

I, ROHIT KUMAR S/O RAVINDER SACHAR, SACHAR VILLA RAILWAY ROAD PHAGWARA, KAPURTHALA PIN:144401, PUNJAB, INDIA NOW R/O 2501 OLIVE AVE APT 1 LONG BEACH CA 90806, USA HAVE CHANGED MY NAME TO ROHIT SACHAR.

# ਆਉਣ ਨੇਰ੍ਹੀਆਂ ਜਾਣ ਨੇਰ੍ਹੀਆਂ, ਵਿੱਚ ਸੱਥ ਦੇ ਗੱਲਾਂ ਹੋਣ ਤੇਰੀਆਂ



*ਪਿੰਡ ਵਿੱਚ ਸੱਥ ਦੀ ਵਿਉਂਤ ਇਸ ਤਰ੍ਹਾਂ ਹੁੰਦੀ ਸੀ ਕਿ ਸੱਥ ਵਿੱਚ ਬੈਠਾ ਬੰਦਾ ਥੋੜ੍ਹਾ ਅੱਗੇ ਪਿੱਛੇ ਹੋ ਕੇ ਕਿਸੇ ਵੀ ਗਲ਼ੀ ਦੇ ਸਿਰੇ ਤੱਕ ਨਿਗ ?ਹਾ ਮਾਰ ਸਕਦਾ ਸੀ। ਪਿੰਡ ਵਿੱਚ ਕਿਸੇ ਵੀ ਪਾਸਿਓਂ ਪ੍ਰਵੇਸ਼ ਕਰਨ ਵਾਲੇ ਬੰਦੇ ਨੂੰ ਸੱਥ ਵੇਖ ਲੈਂਦੀ ਸੀ। ਮੰਗਤੇ, ਛਾਬੜੀ ਵਾਲੇ, ਗਜਾ ਕਰਨ ਵਾਲੇ ਨੂੰ ਸੱਥ ਕੋਲੋਂ ਲਾਜ਼ਮੀ ਲੰਘਣਾ ਪੈਂਦਾ ਸੀ। ਪਿੰਡ ਵਿੱਚ ਸ਼ੱਕੀ ਤੇ ਗ਼ਲਤ ਨੀਅਤ ਨਾਲ ਆਉਣ ਵਾਲਿਆਂ ਦੀ ਅੱਖ ਸੱਥ ਪਛਾਣ ਲੈਂਦੀ ਸੀ।*

ਸੱਥ ਸਾਡੇ ਸੱਭਿਆਚਾਰ ਦੀ ਨਿਸ਼ਾਨੀ ਹੈ ਅਤੇ ਸਾਡੇ ਲੋਕ ਗੀਤਾਂ ਦਾ ਸ਼ਿੰਗਾਰ ਹੈ। ਪਿੰਡ ਅਤੇ ਸੱਥ ਦਾ ਗੂੜ੍ਹਾ ਰਿਸ਼ਤਾ ਹੈ। ਜਿੱਥੇ ਪਿੰਡ ਹੋਵੇ, ਉੱਥੇ ਸੱਥ ਜ਼ਰੂਰ ਹੁੰਦੀ ਹੈ। ਇਹ ਪਿੰਡ ਦੇ ਲੋਕਾਂ ਦੀ ਰੂਹ ਦੀ ਖ਼ੁਰਾਕ ਹੈ। ਸੱਥ ਵਿੱਚ ਆ ਕੇ ਲੋਕ ਜਿਹੜਾ ਸਕੂਨ ਮਹਿਸੂਸ ਕਰਦੇ ਹਨ, ਉਹ ਹੋਰ ਕਿਧਰੇ ਨਹੀਂ ਮਿਲਦਾ। ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਵਿੱਚ 'ਗ੍ਰਹਿਸੱਥ' ਤੇ 'ਮਾਰਗਸੱਥ' ਸ਼ਬਦਾਂ ਦਾ ਹਵਾਲਾ ਦਿੰਦੇ ਹੋਏ ਸੱਥ ਦਾ ਭਾਵ ਸਾਥ ਦੱਸਦੇ ਹਨ। ਉਨ੍ਹਾਂ ਅਨੁਸਾਰ ਜਿੱਥੇ ਬਹਿ ਕੇ ਲੋਕ ਸਮੇਂ ਸਮੇਂ 'ਤੇ ਇੱਕ ਦੂਸਰੇ ਦਾ ਸਾਥ ਮਾਣਦੇ ਹਨ, ਉਹ ਥਾਂ ਸੱਥ ਹੁੰਦੀ ਹੈ।

ਸੱਥ ਆਪਸੀ ਸਾਂਝ ਤੇ ਮੇਲ ਮਿਲਾਪ ਵਧਾਉਣ ਦਾ ਸਾਧਨ ਹੈ। ਸੱਥ ਵਿੱਚ ਆ ਕੇ ਲੋਕ ਸਾਰੇ ਗਿਲੇ ਸ਼ਿਕਵੇ ਭੁੱਲ ਜਾਂਦੇ ਹਨ। ਸੱਥਾਂ ਵਿੱਚ ਇਕੱਠੇ ਹੋ ਕੇ ਲੋਕ ਨਿੱਜੀ ਮਸਲੇ ਹੀ ਹੱਲ ਨਹੀਂ ਕਰਦੇ ਸਗੋਂ ਪਿੰਡ ਦੀ ਖ਼ੁਸ਼ਹਾਲੀ ਤੇ ਤਰੱਕੀ ਲਈ ਵਿਚਾਰ ਵਟਾਂਦਰੇ ਵੀ ਕਰਦੇ ਹਨ। ਸੱਥਾਂ, ਪਿੰਡਾਂ ਵਿੱਚ ਸੁਖਾਵਾ ਮਾਹੌਲ ਸਿਰਜਣ ਵਿੱਚ ਸਹਾਇਕ ਹਨ। ਇਹ ਪਿੰਡਾਂ ਨੂੰ ਇਕਮੁੱਠ ਰਹਿਣਾ ਸਿਖਾਉਂਦੀਆਂ ਹਨ। ਇਹ ਗੱਭਰੂਆਂ ਨੂੰ ਸਚਿਆਰਾ ਬਣਾਉਂਦੀਆਂ ਹਨ। ਸੱਥਾਂ ਮੁਹਾਵਰਿਆਂ, ਅਖਾਣਾਂ ਤੇ ਲੋਕ ਸਿਆਣਪਾਂ ਦਾ ਖ਼ਜ਼ਾਨਾ ਹੁੰਦੀਆਂ ਸਨ। ਸੱਥਾਂ ਵਿਚਲੇ ਮਖੌਲੀਏ, ਮਖੌਲ-ਮਖੌਲ ਵਿੱਚ ਬਹੁਤ ਕੁਝ ਸਿਖਾ ਜਾਂਦੇ ਹਨ। ਸੱਥ ਵਿੱਚ ਆ ਕੇ ਲੋਕ ਹਰੇਕ ਗੱਲ ਬੇਝਿਜਕ ਕਰ ਲੈਂਦੇ ਹਨ। ਲੋਕ ਬੋਲੀ, 'ਆਉਣ ਨੇਰ੍ਹੀਆਂ ਜਾਣ ਨੇਰ੍ਹੀਆਂ, ਵਿੱਚ ਸੱਥ ਦੇ ਗੱਲਾਂ ਹੋਣ ਤੇਰੀਆਂ' ਸੱਥ ਦੀ ਪ੍ਰਕਿਰਤੀ ਨੂੰ ਦਰਸਾਉਂਦੀ ਹੈ।

ਸਿਰਫ਼ ਪੰਜਾਬ ਹੀ ਨਹੀਂ, ਸਾਰੇ ਉਤਰੀ ਭਾਰਤ ਵਿੱਚ ਸੱਥ ਸੱਭਿਆਚਾਰ ਮਕਬੂਲ ਰਿਹਾ ਹੈ। ਉਂਝ ਭੂਗੋਲਿਕ ਵਿਭਿੰਨਤਾ ਕਾਰਨ ਸੱਥਾਂ ਲਈ ਵੱਖ-ਵੱਖ ਨਾਂ ਵਰਤੇ ਜਾਂਦੇ ਰਹੇ ਹਨ। ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿੱਚ ਸੱਥਾਂ ਨੂੰ ਪਰਸ ਜਾਂ ਚੌਪਾਲ ਕਿਹਾ ਜਾਂਦਾ ਹੈ। ਪੁਰਾਣੇ ਪੰਜਾਬ ਦੇ ਬਹੁਤੇ ਪਿੰਡਾਂ ਦੀ ਬਣਤਰ ਇੱਕੋ ਜਿਹੀ ਹੁੰਦੀ ਸੀ। ਪਿੰਡ ਦੇ ਵਿਚਾਲੇ ਸੱਥ ਹੁੰਦੀ ਸੀ। ਪਿੰਡ ਦੀਆਂ ਸਾਰੀਆਂ ਗਲ਼ੀਆਂ ਸੱਥ ਵਿੱਚ ਆ ਕੇ ਮਿਲਦੀਆਂ ਹੁੰਦੀਆਂ ਸਨ। ਪਿੰਡਾਂ ਦੇ ਬੱਝਣ ਵਾਂਗ ਸੱਥਾਂ ਦੇ ਬੱਝਣ ਦਾ ਵੀ ਰੋਚਕ ਇਤਿਹਾਸ ਹੈ। ਜਿਵੇਂ-ਜਿਵੇਂ ਸਾਡੇ ਪਿੰਡ ਸਾਧਨ ਸਪੰਨ ਹੁੰਦੇ ਗਏ। ਸੱਥਾਂ ਵੀ ਵਿਕਾਸ ਕਰਦੀਆਂ ਗਈਆਂ। ਹਰੀ ਕ੍ਰਾਂਤੀ ਆਉਣ ਤੋਂ ਪਹਿਲਾਂ ਕਿਸੇ ਖੁੰਢ ਨੂੰ ਧੂਹ ਕੇ ਪਿੰਡ ਦੇ ਵਿਚਾਲੇ ਧਰ ਲਿਆ ਜਾਂਦਾ ਸੀ। ਲੋਕ ਇਨ੍ਹਾਂ ਖੁੰਢਾਂ 'ਤੇ ਬਹਿ ਕੇ ਵਿਚਾਰ-ਵਟਾਂਦਰਾ ਕਰਦੇ ਸਨ। ਇਹ ਸੱਥਾਂ ਦਾ ਮੁੱਢਲਾ ਰੂਪ ਸੀ।

ਇਕਬਾਲ ਸਿੰਘ ਹਮਜਾਪੁਰ

ਇਨ੍ਹਾਂ ਖੁੰਢਾਂ ਨੇੜੇ ਛਾਂ ਵਾਸਤੇ ਬੋਹੜ-ਪਿੱਪਲ ਜਾਂ ਕੋਈ ਹੋਰ ਰੁੱਖ ਲਾ ਦਿੱਤਾ ਜਾਂਦਾ ਸੀ। ਸੱਥਾਂ ਵਿੱਚ ਬੋਹੜਾਂ ਪਿੱਪਲਾਂ ਦੁਆਲੇ ਥੜ੍ਹੇ ਬਣਾ ਕੇ ਬਹਿਣ ਦਾ ਜੁਗਾੜ ਵੀ ਕੀਤਾ ਜਾਂਦਾ ਰਿਹਾ ਹੈ। ਸਮਾਂ ਪਾ ਕੇ ਸੱਥਾਂ ਵਿੱਚ ਇਮਾਰਤਾਂ ਬਣਾਈਆਂ ਜਾਣ ਲੱਗੀਆਂ। ਇੱਕ ਵੱਡਾ ਦਲਾਨ ਤੇ ਅੱਗੇ ਬਰਾਂਡਾ ਸੱਥ ਵਿੱਚ ਜ਼ਰੂਰ ਬਣਾਇਆ ਜਾਂਦਾ ਸੀ। ਸੱਥ ਦੇ ਚਾਰ ਚੁਫ਼ੇਰੇ ਦਰਵਾਜ਼ੇ ਰੱਖੇ ਜਾਂਦੇ ਸਨ। ਜੇਕਰ ਚਾਰ ਚੁਫ਼ੇਰੇ ਦਰਵਾਜ਼ੇ ਰੱਖਣ ਦੀ ਵਿਉਂਤ ਨਹੀਂ ਬਣਦੀ ਸੀ ਤਾਂ ਦੋ ਪਾਸੇ ਦਰਵਾਜ਼ੇ ਜ਼ਰੂਰ ਰੱਖੇ ਜਾਂਦੇ ਸਨ। ਸੱਥਾਂ ਦੀਆਂ ਆਲੀਸ਼ਾਨ ਇਮਾਰਤਾਂ ਪਿੰਡਾਂ ਵਿੱਚੋਂ ਉਗਰਾਹੀ ਕਰਕੇ ਬਣਾਈਆਂ ਜਾਂਦੀਆਂ ਸਨ;

**ਕਿੱਕਰ ਵੇਚ ਕੇ ਕੁਝ ਨਾ ਬਣਾਇਆ**
**ਤੂਤ ਵੇਚ ਕੇ ਲਹਿੰਗਾ।**
**ਨੀਂ ਲਾ ਕੇ ਯਾਰੀਆਂ**
**ਸੱਥ ਵਿਚਾਲੇ ਬਹਿੰਦਾ।**

ਇਹ ਲੋਕ ਗੀਤ ਆਮਦਨ ਦਾ ਕੁਝ ਹਿੱਸਾ ਸੱਥਾਂ ਉੱਪਰ ਲਾਉਣ ਵੱਲ ਇਸ਼ਾਰਾ ਕਰਦਾ ਹੈ। ਸੱਥਾਂ ਵਿੱਚ ਬਣੀਆਂ ਕਈ ਇਮਾਰਤਾਂ ਭਵਨ ਨਿਰਮਾਣ ਕਲਾ ਦੇ ਉੱਤਮ ਨਮੂਨੇ ਹਨ। ਇਨ੍ਹਾਂ ਇਮਾਰਤਾਂ ਨੂੰ ਵੀ ਦਰਵਾਜ਼ਿਆਂ ਤੇ ਹਵੇਲੀਆਂ ਵਿਚਲੀਆਂ ਇਮਾਰਤਾਂ ਵਾਂਗ ਸਜਾਇਆ ਜਾਂਦਾ ਸੀ। ਹਵੇਲੀਆਂ ਦੀ ਤਰ੍ਹਾਂ ਸੱਥਾਂ ਦੀਆਂ ਕੰਧਾਂ ਵੀ ਮੋਟੀਆਂ ਮੋਟੀਆਂ ਬਣਾਈਆਂ ਜਾਂਦੀਆਂ ਸਨ। ਸੱਥਾਂ ਦੇ ਦਰਵਾਜ਼ਿਆਂ ਅਤੇ ਖਿੜਕੀਆਂ ਨੂੰ ਛੱਜਿਆਂ ਨਾਲ ਸਜਾਇਆ ਜਾਂਦਾ ਸੀ। ਸੱਥਾਂ ਦੀਆਂ ਕੰਧਾਂ ਵਿੱਚ ਵੀ ਥਾਂ-ਥਾਂ ਆਲ਼ੇ ਤੇ ਝਰੋਖੇ ਛੱਡੇ ਜਾਂਦੇ ਸਨ। ਡਾਕਟਰ ਮਹਿੰਦਰ ਸਿੰਘ ਰੰਧਾਵਾ ਨੇ ਵੀ ਆਪਣੀ ਪੁਸਤਕ 'ਹਰਿਆਣੇ ਦੇ ਲੋਕਗੀਤ' ਵਿੱਚ ਸੱਥ ਜਾਂ ਪਰਸ ਦੀ ਸੁੰਦਰਤਾ ਵੱਲ ਇਸ਼ਾਰਾ ਕੀਤਾ ਹੈ। ਉਹ ਲਿਖਦੇ ਹਨ- "ਚੁਪਾਲ ਜਾਂ ਪਰਸ ਪਿੰਡ ਦੇ ਮੱਧ ਵਿੱਚ ਪੱਕੀਆਂ ਇੱਟਾਂ ਜਾਂ ਪੱਥਰਾਂ ਨਾਲ ਬਣੀ ਸੁੰਦਰ ਇਮਾਰਤ ਹੁੰਦੀ ਹੈ, ਜਿਸ ਦੇ ਲੱਕੜੀ ਦੇ ਭਿੱਤਾਂ (ਦਰਵਾਜ਼ਿਆਂ) ਉੱਤੇ ਸੋਹਣੀ ਗੁਲਕਾਰੀ ਕੀਤੀ ਹੁੰਦੀ ਹੈ।" ਹਰਿਆਣੇ ਦੇ ਜੀਂਦ ਜ਼ਿਲ੍ਹੇ ਦੇ ਪਿੰਡ ਉਝਾਨਾ ਅਤੇ ਛਾਤਰ ਦੀ ਪਰਸ ਤਾਂ ਆਪਣੀ ਸੁੰਦਰਤਾ ਅਤੇ ਮਜ਼ਬੂਤੀ ਕਾਰਨ ਦੂਰ ਦੂਰ ਤੱਕ ਪ੍ਰਸਿੱਧ ਹੈ।

ਸੱਥਾਂ ਦੀਆਂ ਕੰਧਾਂ 'ਤੇ ਵੇਲ-ਬੂਟਿਆਂ ਦੇ ਨਾਲ-ਨਾਲ ਖੇਤੀ ਦੇ ਸੰਦਾਂ, ਪਸ਼ੂ-ਪੰਛੀਆਂ ਤੇ ਦੇਵੀ ਦੇਵਤਿਆਂ ਦੇ ਚਿੱਤਰ ਵੀ ਵਾਹੇ ਜਾਂਦੇ ਰਹੇ ਹਨ। ਪੰਜਾਬ ਦੇ ਕੰਧ ਚਿੱਤਰਾਂ ਵਿੱਚ ਸੱਥਾਂ ਵਿਚਲੇ ਵੇਲ ਬੂਟਿਆਂ ਨਾਲ ਸਜੇ ਚਿੱਤਰ ਵੀ ਸ਼ਾਮਲ ਹਨ। ਸੱਥ ਦੇ ਆਲੇ ਦੁਆਲੇ ਰੁੱਖ ਲਾਉਣੇ ਤੇ ਇਨ੍ਹਾਂ ਰੁੱਖਾਂ ਦੀ ਸਾਂਭ-ਸੰਭਾਲ ਕਰਨੀ ਲੋਕ ਆਪਣਾ ਧਰਮ ਸਮਝਦੇ ਸਨ। ਸੱਥ ਵਿੱਚ ਪਾਣੀ ਦੇ ਘੜੇ ਭਰ ਕੇ ਰੱਖਣ ਤੇ ਸੱਥ ਵਿੱਚ ਝਾੜੂ ਲਾਉਣ ਨੂੰ ਵੱਡਾ ਪੁੰਨ ਸਮਝਿਆ ਜਾਂਦਾ ਸੀ। ਸਰਦੇ-ਪੁੱਜਦੇ ਘਰ ਸੱਥਾਂ ਕੋਲ ਖੂਹ ਵੀ ਬਣਵਾਉਂਦੇ ਰਹੇ ਹਨ। ਦਿਨ ਤਿਉਹਾਰ 'ਤੇ ਸੱਥ ਵਿੱਚ ਦੀਵਾ ਜਗਾਉਣਾ ਉੱਤਮ ਸਮਝਿਆ ਜਾਂਦਾ ਸੀ।

ਪਿੰਡ ਵਿੱਚ ਸੱਥ ਦੀ ਵਿਉਂਤ ਇਸ ਤਰ੍ਹਾਂ ਹੁੰਦੀ ਸੀ ਕਿ ਸੱਥ ਵਿੱਚ ਬੈਠਾ ਬੰਦਾ ਥੋੜ੍ਹਾ ਅੱਗੇ ਪਿੱਛੇ ਹੋ ਕੇ ਕਿਸੇ ਵੀ ਗਲ਼ੀ ਦੇ ਸਿਰੇ ਤੱਕ ਨਿਗ ?ਹਾ ਮਾਰ ਸਕਦਾ ਸੀ। ਪਿੰਡ ਵਿੱਚ ਕਿਸੇ ਵੀ ਪਾਸਿਓਂ ਪ੍ਰਵੇਸ਼ ਕਰਨ ਵਾਲੇ ਬੰਦੇ ਨੂੰ ਸੱਥ ਵੇਖ ਲੈਂਦੀ ਸੀ। ਮੰਗਤੇ, ਛਾਬੜੀ ਵਾਲੇ, ਗਜਾ ਕਰਨ ਵਾਲੇ ਨੂੰ ਸੱਥ ਕੋਲੋਂ ਲਾਜ਼ਮੀ ਲੰਘਣਾ ਪੈਂਦਾ ਸੀ। ਪਿੰਡ ਵਿੱਚ ਸ਼ੱਕੀ ਤੇ ਗ਼ਲਤ ਨੀਅਤ ਨਾਲ ਆਉਣ ਵਾਲਿਆਂ ਦੀ ਅੱਖ ਸੱਥ ਪਛਾਣ ਲੈਂਦੀ ਸੀ। ਪਿੰਡਾਂ ਵਿੱਚ ਆਉਣ ਵਾਲੇ ਅਫ਼ਸਰ ਤੇ ਮੰਤਰੀ-ਸੰਤਰੀ ਸੱਥਾਂ ਵਿੱਚ ਪੜਾਅ ਕਰਦੇ ਸਨ। ਬਰਾਤਾਂ ਦਾ ਠਹਿਰਾਅ ਵੀ ਸੱਥਾਂ ਵਿੱਚ ਹੀ ਹੁੰਦਾ ਸੀ। ਵਿਆਹ ਸਮੇਂ ਜਾਗੋ ਲੈ ਕੇ ਸੱਥ ਵਿੱਚ ਗੇੜਾ ਮਾਰਨਾ ਸ਼ੁਭ ਸਮਝਿਆ ਜਾਂਦਾ ਸੀ। ਨਾਨਕਾ ਮੇਲ ਵੀ ਸਾਰੇ ਪਿੰਡ ਨੂੰ ਖ਼ਬਰ ਕਰਨ ਦੇ ਇਰਾਦੇ ਨਾਲ ਢੋਲ ਵਜਾਉਂਦਾ ਹੋਇਆ ਸੱਥ ਵਿੱਚੋਂ ਲੰਘਦਾ ਸੀ। ਲੋਹੜੀ ਵਰਗੇ ਤਿਓਹਾਰ ਤਾਂ ਮਨਾਏ ਹੀ ਸੱਥ ਵਿੱਚ ਜਾਂਦੇ ਸਨ। ਲੋਕ ਬੋਲੀ ਹੈ;

**ਧੂਣੀ ਸੱਥ ਦੇ ਵਿਚਾਲੇ ਪਾਈ**
**ਪੋਤੇ ਦੀ ਦਾਦੀ ਵੰਡੇ ਰਿਓੜੀਆਂ।**

ਸੱਭਿਆਚਾਰਕ ਮਹੱਤਵ ਦੇ ਨਾਲ ਸੱਥਾਂ ਦਾ ਇਤਿਹਾਸਕ ਮਹੱਤਵ ਵੀ ਹੈ। 1857 ਦੇ ਗ਼ਦਰ ਵੇਲੇ ਲੋਕ ਸੱਥਾਂ ਵਿੱਚ ਇਕੱਠੇ ਹੋ ਕੇ ਰਣਨੀਤੀਆਂ ਬਣਾਉਂਦੇ ਰਹੇ ਹਨ। ਵੰਡ ਵੇਲੇ ਵੀ ਸੱਥਾਂ ਇੱਕ ਪਾਸੇ ਲੋਕਾਂ ਨੂੰ ਪਨਾਹ ਦਿੰਦੀਆਂ ਰਹੀਆਂ ਹਨ ਤੇ ਦੂਸਰੇ ਪਾਸੇ ਸਦਭਾਵਨਾ ਬਣਾਈ ਰੱਖਣ ਦਾ ਸੁਨੇਹਾ ਦਿੰਦੀਆਂ ਰਹੀਆਂ ਹਨ।

ਪੰਜਾਬੀ ਸੱਭਿਆਚਾਰ ਵਿੱਚ ਸੱਥ ਦੀ ਸਿਰਮੌਰਤਾ ਤੇ ਮਕਬੂਲੀਅਤ ਦਾ ਅੰਦਾਜ਼ਾ ਇੱਥੋਂ ਵੀ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿਚਲੀਆਂ ਅਨੇਕਾਂ ਸਾਹਿਤ ਸਭਾਵਾਂ ਦੇ ਨਾਂਵਾਂ ਨਾਲ ਸ਼ਬਦ 'ਸੱਥ' ਜੁੜਿਆ ਹੋਇਆ ਹੈ। ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਵੀ ਸੱਥ ਨੂੰ ਭੁੱਲੇ ਨਹੀਂ ਹਨ। ਵਿਦੇਸ਼ਾਂ ਵਿੱਚ ਬਣੀਆਂ ਸਾਹਿਤ ਸਭਾਵਾਂ ਨਾਲ ਸੱਥ ਜੁੜੀ ਹੋਈ ਹੈ। ਜਿਵੇਂ ਪੰਜਾਬੀ ਸੱਥ ਪਰਥ, ਪੰਜਾਬੀ ਸੱਥ ਮੈਲਬਰਨ। ਅੱਜ ਬਹੁਤੀਆਂ ਸੱਥਾਂ ਦੀ ਆਪਣੀ ਹੋਂਦ ਸੰਕਟ ਵਿੱਚ ਹੈ। ਹੁਣ ਸੱਥਾਂ ਵਿੱਚ ਪਹਿਲਾਂ ਵਾਂਗ ਲੋਕ ਨਹੀਂ ਜੁੜਦੇ। ਸੱਥਾਂ ਦੀ ਰੌਣਕ ਨੂੰ ਮੋਬਾਈਲ ਤੇ ਸੋਸ਼ਲ ਮੀਡੀਆ ਨਿਗਲ ਗਿਆ ਹੈ। ਅੱਜ ਸੱਥਾਂ ਵਿੱਚ ਕੋਈ ਵਿਰਲਾ ਟਾਵਾਂ ਹੀ ਬਹਿੰਦਾ ਹੈ। ਸੱਥਾਂ ਤਾਸ਼ ਖੇਡਣ ਵਾਲਿਆਂ ਤੇ ਨਸ਼ੇੜੀਆਂ ਦੇ ਅੱਡੇ ਬਣ ਕੇ ਰਹਿ ਗਈਆਂ ਹਨ। ਸੱਥਾਂ ਦੀ ਸਾਂਭ ਸੰਭਾਲ ਵੀ ਪਹਿਲਾਂ ਵਾਲੀ ਨਹੀਂ ਰਹੀ। ਇਹ ਖੰਡਰ ਬਣਦੀਆਂ ਜਾ ਰਹੀਆਂ ਹਨ।






# ਲੋਪ ਹੋ ਰਹੀਆਂ ਲੋਕ ਕਲਾਵਾਂ

ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ



ਲੋਕ ਕਲਾ ਨੂੰ ਪਰਿਭਾਸ਼ਿਤ ਕਰਨਾ, ਇਸ ਦਾ ਸਰੂਪ ਨਿਸ਼ਚਿਤ ਕਰਨਾ ਅਤੇ ਲੋਕ ਕਲਾ ਦੇ ਵੱਖ-ਵੱਖ ਰੂਪਾਂ ਨੂੰ ਕਿਸੇ ਨਿਸ਼ਚਿਤ ਸ਼੍ਰੇਣੀ ਵਿੱਚ ਵੰਡਣਾ ਬਹੁਤ ਹੀ ਕਠਿਨ ਕੰਮ ਹੈ। ਕਲਾ ਦਾ ਪਹਿਲਾ ਕੰਮ ਸੁਹਜ ਸੁਆਦ ਪੈਦਾ ਕਰਨਾ ਹੈ। ਲੋਕ ਕਲਾ ਦੇ ਖੇਤਰ ਵਿੱਚ ਲਲਿਤ ਤੇ ਉਪਯੋਗੀ ਕਲਾ ਦਾ ਨਿਖੇੜ ਨਹੀਂ ਕੀਤਾ ਜਾਂਦਾ, ਸਗੋਂ ਇਸ ਖੇਤਰ ਦੀ ਕਲਾ ਸੁਹਜ ਰਸ ਦੀ ਤ੍ਰਿਪਤੀ ਕਰਨ ਦੇ ਨਾਲ-ਨਾਲ ਉਪਯੋਗੀ ਵੀ ਹੁੰਦੀ ਹੈ ਅਤੇ ਜੀਵਨ ਵਿੱਚ ਸਹਿਜ ਰੂਪ ਵਿੱਚ ਰਚੀ ਹੁੰਦੀ ਹੈ। ਇਹ ਜੀਵਨ ਦੀਆਂ ਲੋੜਾਂ ਵਿੱਚੋਂ ਪੈਦਾ ਹੋਈ ਹੋਣ ਕਾਰਨ ਜੀਵਨ ਦਾ ਸਹਿਜ ਅੰਗ ਹੁੰਦੀ ਹੈ। ਲੋਕ ਕਲਾ ਘਰਾਂ ਦਾ ਸੁਹਜ-ਸ਼ਿੰਗਾਰ ਹੁੰਦੀ ਹੈ।

ਘਰਾਂ ਵਿੱਚ ਵਰਤੇ ਜਾਂਦੇ ਖੇਸ, ਦਰੀਆਂ, ਗਲੀਚੇ, ਫੁਲਕਾਰੀਆਂ, ਚਾਦਰਾਂ, ਸਿਰਹਾਣੇ ਖ਼ੂਬਸੂਰਤ ਤਰੀਕੇ ਨਾਲ ਕੱਢੇ ਜਾਂਦੇ ਹਨ। ਕੁੜੀ ਦੀ ਖ਼ੂਬਸੂਰਤੀ ਇਸ ਦੇ ਕਲਾਤਮਿਕ ਗੁਣਾਂ 'ਤੇ ਵੀ ਨਿਰਭਰ ਕਰਦੀ ਹੈ। ਪਿਛਲੇ ਸਮਿਆਂ ਵਿੱਚ ਜਿਹੜੀ ਕੁੜੀ ਨੂੰ ਕੱਢਣਾ, ਕੱਤਣਾ, ਸੀਣਾ-ਪਰੋਣਾ ਸਲੀਕੇ ਨਾਲ ਆਉਂਦਾ ਸੀ, ਉਸ ਨੂੰ ਸੁਹੁਨਰੀ ਹੋਣ ਦਾ ਨਾਮ ਦਿੱਤਾ ਜਾਂਦਾ ਸੀ, ਨਹੀਂ ਤਾਂ ਉਸ ਨੂੰ ਕੁੱਢਰ ਆਖਿਆ ਜਾਂਦਾ ਸੀ। ਕੁੱਢਰ ਔਰਤ ਸਮਾਜ ਵਿੱਚ ਨਿੰਦਿਆ ਦੀ ਪਾਤਰ ਬਣਦੀ ਹੈ। ਇਸ ਲਈ ਲੋਕ ਕਲਾ ਇਨਸਾਨੀ ਜ਼ਿੰਦਗੀ ਦਾ ਨਾ-ਜੁਦਾ ਹੋਣ ਵਾਲਾ ਅੰਗ ਹੈ। ਇਸ ਵਿੱਚ ਕੰਧ ਚਿੱਤਰ, ਤੀਲਾਂ ਜਾਂ ਕਾਗਜ਼ ਦੇ ਬੋਹਟੇ, ਬੋਹਟੀਆਂ, ਮੂਹੜੇ, ਗੋਹਲੇ, ਛਿੱਕੂ, ਖੇਸ, ਦਰੀਆਂ, ਕਸੀਦੇ, ਫੁਲਕਾਰੀਆਂ ਆਦਿ ਸ਼ਾਮਿਲ ਹਨ। ਮਿੱਟੀ ਦੇ ਚੁੱਲ੍ਹੇ, ਹਾਰੇ ਅਤੇ ਉਨ੍ਹਾਂ ਉੱਤੇ ਕੀਤੀ ਰੰਗਾਂ ਦੀ ਕਾਰੀਗਰੀ ਇਸ ਕਲਾ ਦੇ ਖੇਤਰ ਵਿੱਚ ਸ਼ਾਮਿਲ ਹਨ।

ਪੰਜਾਬ ਦੇ ਲੋਕ ਇਤਿਹਾਸ ਵਿੱਚ ਬਹੁਤ ਸਾਰੀਆਂ ਅਜਿਹੀਆਂ ਲੋਕ-ਕਲਾਵਾਂ ਹਨ ਜੋ ਕਿ ਹੱਥ ਦੇ ਕਮਾਲ ਨਾਲ ਸਬੰਧਿਤ ਹਨ। ਸਾਨੂੰ ਬਹੁਤ ਮਾਣ ਹੈ ਕਿ ਪੰਜਾਬ ਦੀਆਂ ਔਰਤਾਂ ਨੇ ਇਨ੍ਹਾਂ ਕਲਾਵਾਂ ਵਿੱਚ ਬਹੁਤ ਯੋਗਦਾਨ ਪਾਇਆ ਹੈ। ਇਸੇ ਕਰਕੇ ਭਾਈ ਕਾਨ੍ਹ ਸਿੰਘ ਨਾਭਾ ਨੇ ਪੰਜਾਬ ਦੀ ਇਸਤਰੀ ਨੂੰ ਬੱਤੀ ਸੁਲੱਖਣੀ, ਭਾਵ 32 ਗੁਣਾਂ ਵਾਲੀ ਸੁਲੱਖਣੀ ਔਰਤ ਦੱਸਿਆ ਹੈ, ਜੇਕਰ ਅਸੀਂ ਇਨ੍ਹਾਂ ਸਾਰੀਆਂ ਕਲਾਵਾਂ ਬਾਰੇ ਗੱਲ ਕਰੀਏ ਤਾਂ ਇਨ੍ਹਾਂ ਦੀ ਗਿਣਤੀ ਕਰਨੀ ਸੌਖੀ ਨਹੀਂ। ਇਨ੍ਹਾਂ ਵਿੱਚੋਂ ਕੁਝ ਵਿਸ਼ੇਸ਼ ਕਲਾਵਾਂ ਦਾ ਹੀ ਅਸੀਂ ਵਰਣਨ ਕਰਾਂਗੇ।

**ਟੋਕਰੀਆਂ, ਛਿੱਕੂ ਬਣਾਉਣੇ:** ਟੋਕਰੀਆਂ ਤੇ ਛਿੱਕੂ ਬਣਾਉਣ ਦਾ ਮਕਸਦ ਔਰਤਾਂ ਦੀ ਹਰ ਰੋਜ਼ ਦੀ ਜ਼ਿੰਦਗੀ ਵਿੱਚ ਸੁਖਾਲ ਲਿਆਉਣਾ ਸੀ। ਇਨ੍ਹਾਂ ਦੀ ਸਹਾਇਤਾ ਨਾਲ ਕਈ ਤਰ੍ਹਾਂ ਦੀਆਂ ਚੀਜ਼ਾਂ ਬਾਹਰ ਤੋਂ ਲਿਆਉਣ ਤੇ ਘਰ ਵਿੱਚ ਸਾਂਭਣ ਦਾ ਕੰਮ ਲਿਆ ਜਾਂਦਾ ਸੀ। ਹੌਲੀ ਹੌਲੀ ਇਨ੍ਹਾਂ ਦੀ ਬਣਾਵਟ ਤੇ ਸਜਾਵਟ ਵੱਲ ਵੀ ਧਿਆਨ ਦਿੱਤਾ ਜਾਣ ਲੱਗਾ।

**ਖੇਸ ਬੁਣਨਾ:** ਪੁਰਾਣੇ ਸਮਿਆਂ ਵਿੱਚ ਔਰਤਾਂ ਆਪਣਾ ਵਿਹਲਾ ਸਮਾਂ ਸੂਤ ਕੱਤ ਕੇ ਬਤੀਤ ਕਰਦੀਆਂ ਸਨ। ਉਹ ਆਪਣਾ ਸਾਰਾ ਦਾਜ ਕੱਤ ਕੇ ਤਿਆਰ ਕਰਦੀਆਂ ਸਨ। ਕੱਤਣ ਤੋਂ ਬਾਅਦ ਸੂਤ ਨੂੰ ਰੰਗ ਕੇ ਅਲੱਗ ਅਲੱਗ ਨਮੂਨਿਆਂ ਦੀਆਂ ਦਰੀਆਂ ਤੇ ਖੇਸ ਅੱਡਿਆਂ 'ਤੇ ਬੁਣੇ ਜਾਂਦੇ ਸਨ।

**ਕਢਾਈ ਕਸੀਦਾ ਕੱਢਣਾ:** ਪੰਜਾਬ ਦੀਆਂ ਸੁਆਣੀਆਂ ਨੇ ਕਸੀਦਾ ਕਾਰੀ ਵਿੱਚ ਵੀ ਆਪਣੇ ਜੌਹਰ ਦਿਖਾਏ ਹਨ। ਇੱਥੋਂ ਦੀ ਫੁਲਕਾਰੀ ਦੀ ਕਢਾਈ ਪੂਰੇ ਸੰਸਾਰ ਵਿੱਚ ਪ੍ਰਸਿੱਧ ਹੈ। ਇਸ ਤੋਂ ਬਿਨਾਂ ਚਾਦਰਾਂ ਦੀ ਕਢਾਈ, ਮੇਜ਼ਪੋਸ ਦੀ ਕਢਾਈ, ਰੁਮਾਲਾਂ ਦੀ ਕਢਾਈ ਆਦਿ ਵੀ ਕੀਤੀ ਜਾਂਦੀ ਸੀ। ਇਨ੍ਹਾਂ ਕਢਾਈਆਂ ਦੀਆਂ ਕਿਸਮਾਂ ਵੀ ਅਲੱਗ-ਅਲੱਗ ਹੁੰਦੀਆਂ ਸਨ। ਇਨ੍ਹਾਂ ਨੂੰ ਔਰਤਾਂ ਰੰਗ-ਬਿਰੰਗੇ ਰੇਸ਼ਮੀ ਧਾਗਿਆਂ ਨਾਲ ਬੁਣਦੀਆਂ ਸਨ। ਰੰਗ ਬਿਰੰਗੇ ਨਾਲੇ ਵੀ ਘਰ ਵਿੱਚ ਬੁਣੇ ਜਾਂਦੇ ਸਨ।

**ਪੀੜ੍ਹੀਆਂ, ਮੰਜੇ ਬੁਣਨੇ:** ਸੂਤ ਨੂੰ ਰੰਗ ਕੇ ਤੇ ਵੱਟ ਕੇ ਬਣਾਏ ਗਏ ਬਾਣ ਨਾਲ ਅਲੱਗ-ਅਲੱਗ ਡਿਜ਼ਾਇਨਾਂ ਨਾਲ ਪੀੜ੍ਹੀਆਂ ਬੁਣੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਸੂਤ ਨਾਲ ਜਾਂ ਨਾਰੀਅਲ ਦੇ ਬਾਣ ਨਾਲ ਮੰਜੇ ਵੀ ਬੁਣੇ ਜਾਂਦੇ ਹਨ।

**ਕੰਧ ਚਿੱਤਰਕਾਰੀ:** ਪੰਜਾਬ ਦੀਆਂ ਔਰਤਾਂ ਕੰਧ ਚਿੱਤਰਕਾਰੀ ਲਈ ਖ਼ਾਸ ਤੌਰ 'ਤੇ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਚਿੱਤਰਾਂ ਨੂੰ ਕੰਧ ਲਿਪ ਕੇ ਉਸ ਉੱਪਰ ਰੰਗਾਂ ਨਾਲ ਬਣਾਇਆ ਜਾਂਦਾ ਸੀ। ਇਨ੍ਹਾਂ ਚਿੱਤਰਾਂ ਵਿੱਚ ਕੁਦਰਤ ਅਤੇ ਪਰਮਾਤਮਾ ਨੂੰ ਹੀ ਚਿਤਰਿਆ ਜਾਂਦਾ ਸੀ। ਇਨ੍ਹਾਂ ਚਿੱਤਰਾਂ ਵਿੱਚ ਤੋਤੇ, ਮੋਰ, ਕਬੂਤਰ, ਫੁੱਲ ਅਤੇ ਦੇਵੀ ਦੇਵਤਿਆਂ ਦੇ ਚਿੱਤਰ ਚਿਤਰੇ ਜਾਂਦੇ ਸਨ। ਅਸਲ ਵਿੱਚ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਉਲੀਕਣ ਦਾ ਮਕਸਦ ਬੁਰਾਈਆਂ ਨੂੰ ਆਪਣੇ ਘਰ ਤੋਂ ਦੂਰ ਰੱਖਣ ਦਾ ਤਰੀਕਾ ਸੀ। ਇਨ੍ਹਾਂ ਉਪਰੋਕਤ ਕਲਾਵਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਹੱਥ-ਕਲਾਵਾਂ ਪੰਜਾਬੀ ਔਰਤਾਂ ਦੇ ਹਿੱਸੇ ਆਉਂਦੀਆਂ ਹਨ, ਜਿਵੇਂ ਕਿ ਪਰਾਂਦਾ ਬਣਾਉਣਾ, ਚਿੱਤਰ ਬਣਾਉਣੇ, ਨਾਲੇ ਬੁਣਨਾ, ਮਿੱਟੀ ਦੇ ਚੁੱਲ੍ਹੇ, ਹਾਰੇ ਬਣਾਉਣੇ ਆਦਿ।

ਲੋਕ ਕਲਾ ਦੇ ਖੇਤਰ ਵਿੱਚ ਮਿੱਟੀ, ਲੱਕੜੀ, ਧਾਤ ਦੀਆਂ ਮੂਰਤੀਆਂ ਤੋਂ ਲੈ ਕੇ ਕਾਗਜ਼ੀ ਫੁੱਲਾਂ ਤੱਕ ਅਨੇਕ ਕਲਾਵਾਂ ਸ਼ਾਮਿਲ ਹਨ। ਇਸ ਵਿੱਚ ਕੰਧ-ਚਿੱਤਰ, ਸੋਨੇ ਦੇ ਗਹਿਣਿਆਂ, ਮਿੱਟੀ ਦੇ ਬਰਤਨਾਂ ਉੱਤੇ ਕੀਤੀ ਗਈ ਮੀਨਾਕਾਰੀ ਵੀ ਸ਼ਾਮਿਲ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਹੱਥ ਸ਼ਿਲਪ ਦੇ ਹੋਰ ਬਹੁਤ ਸਾਰੇ ਹੁਨਰਾਂ ਨੂੰ ਲੋਕ ਧੰਦਿਆਂ ਦੀ ਸ਼੍ਰੇਣੀ ਵਿੱਚ ਰੱਖਣ ਦਾ ਸੁਝਾਅ ਦਿੱਤਾ ਹੈ, ਪਰ ਇਹ ਵੀ ਸੱਚ ਹੈ ਕਿ ਲੋਕ-ਧੰਦਿਆਂ ਰਾਹੀਂ ਵੀ ਲੋਕ ਕਲਾ ਦਾ ਹੀ ਪ੍ਰਦਰਸ਼ਨ ਹੁੰਦਾ ਹੈ।

ਪੰਜਾਬ ਦੀ ਲੋਕ ਕਲਾ ਕਈ ਰਵਾਇਤਾਂ ਤੇ ਮਨੌਤਾਂ ਦੇ ਸੁਮੇਲ ਵਿੱਚੋਂ ਨਿੱਖਰੀ ਹੈ। ਬਾਹਰ ਤੋਂ ਜਿੰਨੀਆਂ ਵੀ ਵੱਖ-ਵੱਖ ਸੱਭਿਅਤਾਵਾਂ ਦੇ ਧਾੜਵੀ ਪੰਜਾਬ ਵਿੱਚ ਆਏ ਉਨ੍ਹਾਂ ਨੇ ਵੀ ਇੱਥੋਂ ਦੀ ਮੂਲ ਵੰਨਗੀ 'ਤੇ ਆਪਣਾ ਅਸਰ ਜ਼ਰੂਰ ਪਾਇਆ ਹੈ। ਲੋਕ ਕਲਾ ਨੂੰ ਸੰਵਾਰਨ, ਨਿਖਾਰਨ ਤੇ ਪ੍ਰਸਾਰਨ ਵਿੱਚ ਭਾਵੇਂ ਮਰਦਾਂ ਦਾ ਵੀ ਯੋਗਦਾਨ ਰਿਹਾ ਹੈ, ਪਰ ਪੰਜਾਬ ਦੀਆਂ ਘਰੇਲੂ ਸੁਆਣੀਆਂ ਨੇ ਤਾਂ ਲੋਕ ਕਲਾ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ। ਜੇ ਪੰਜਾਬ ਦੀਆਂ ਹੋਰ ਲੋਕ ਕਲਾਵਾਂ ਦੀ ਗੱਲ ਨਾ ਵੀ ਕਰੀਏ ਤਾਂ ਫੁਲਕਾਰੀ ਹੀ ਇਸ ਦਾ ਬੇਜੋੜ ਨਮੂਨਾ ਹੈ।

ਲੋਕ ਕਲਾ ਵੀ ਸਮਾਜਿਕ ਆਰਥਿਕ ਹਾਲਤਾਂ ਨਾਲ ਬਦਲਦੀ ਰਹਿੰਦੀ ਹੈ। ਮੁਗ਼ਲਾਂ ਦੇ ਆਉਣ ਤੋਂ ਪਹਿਲਾਂ ਗਹਿਣਿਆਂ 'ਤੇ ਸੂਰਜ, ਚੰਦ ਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਹੁੰਦੀਆਂ ਸਨ, ਪਰ ਮੁਗ਼ਲ ਰਾਜ ਤੋਂ ਬਾਅਦ ਇਨ੍ਹਾਂ ਦੀ ਥਾਂ ਫੁੱਲਾਂ ਤੇ ਵੇਲਾਂ ਨੇ ਲੈ ਲਈ, ਪਰ ਅੱਜਕੱਲ੍ਹ ਇਹ ਸਾਰਾ ਕੁਝ ਲਗਾਤਾਰ ਲੋਪ ਹੋ ਰਿਹਾ ਹੈ।

ਸੱਭਿਆਚਾਰ ਲਗਾਤਾਰ ਬਦਲਦਾ ਰਹਿੰਦਾ ਹੈ। ਲੋਕ ਕਲਾਵਾਂ ਵੀ ਸੱਭਿਆਚਾਰ ਦਾ ਹੀ ਇੱਕ ਅੰਗ ਹਨ, ਸੋ ਬਦਲਦੇ ਸੱਭਿਆਚਾਰ ਦਾ ਅਸਰ ਲੋਕ ਕਲਾਵਾਂ 'ਤੇ ਵੀ ਹੋਇਆ ਹੈ। ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਸੱਭਿਆਚਾਰਕ ਪਰਿਵਰਤਨ ਦੇ ਕਾਰਨਾਂ ਨੂੰ ਤਿੰਨ ਮੁੱਖ ਹਿੱਸਿਆਂ ਵਿੱਚ ਵੰਡਦੇ ਹਨ: ਪ੍ਰਕਿਰਤਕ ਮਾਹੌਲ ਵਿੱਚ ਆਏ ਪਰਿਵਰਤਨ, ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ ਅਤੇ ਸਮਾਜ ਤੋਂ ਬਾਹਰੋਂ ਆਏ ਕਾਰਨ।

ਪਿਛਲੇ ਕੁਝ ਸਮੇਂ ਵਿੱਚ ਸ਼ਬਦ ਵਿਸ਼ਵੀਕਰਨ ਵਿਸ਼ੇਸ਼ ਚਰਚਾ ਦਾ ਵਿਸ਼ਾ ਹੈ, ਕੰਪਿਊਟਰ, ਸੈਟੇਲਾਈਟ ਤੇ ਹੋਰ ਵਿਗਿਆਨਕ ਵਿਕਾਸ ਨੇ ਵਿਸ਼ਵ ਨੂੰ ਜੋੜ ਦਿੱਤਾ ਹੈ। ਇੰਟਰਨੈੱਟ ਦੀ ਵਰਤੋਂ ਨਾਲ ਕਿਸੇ ਵੀ ਜਾਣਕਾਰੀ ਤੱਕ ਪਹੁੰਚ ਕੀਤੀ ਜਾ ਸਕਦੀ ਹੈ। ਨਵੀਂ ਟੈਕਨਾਲੋਜੀ ਦੇ ਵਿਕਾਸ ਨਾਲ ਸੋਸ਼ਲ ਮੀਡੀਆ ਨੇ ਸਾਡੇ ਜ਼ਿੰਦਗੀ ਦੇ ਹਰ ਇੱਕ ਪੱਖ 'ਤੇ ਪ੍ਰਭਾਵ ਪਾਇਆ ਹੈ। ਜੇਕਰ ਅਸੀਂ ਇੱਥੇ ਲੋਕ ਕਲਾਵਾਂ ਦੀ ਗੱਲ ਕਰੀਏ ਤਾਂ ਮੀਡੀਆ ਨੇ ਇਸ 'ਤੇ ਵੀ ਆਪਣਾ ਪ੍ਰਭਾਵ ਪਾਇਆ ਹੈ। ਇਸ ਪ੍ਰਭਾਵ ਨੂੰ ਅਸੀਂ ਦੋਵੇਂ ਪੱਖਾਂ ਤੋਂ ਦੇਖ ਸਕਦੇ ਹਾਂ-ਹਾਂ ਪੱਖੀ ਤੇ ਨਾਂਹ ਪੱਖੀ। ਇਸ ਵਿੱਚ ਜ਼ਿਆਦਾ ਨਾਂਹ ਪੱਖੀ ਪ੍ਰਭਾਵ ਬਲਵਾਨ ਹੈ। ਮੀਡੀਆ ਦੁਆਰਾ ਅੱਜਕੱਲ੍ਹ ਮਸ਼ੀਨੀ ਵਸਤੂਆਂ ਦੀ ਜ਼ਿਆਦਾ ਮਸ਼ਹੂਰੀ ਕੀਤੀ ਜਾਂਦੀ ਹੈ ਜਿਸ ਕਰਕੇ ਹੱਥੀਂ ਤਿਆਰ ਕੀਤੀਆਂ ਵਸਤੂਆਂ ਦੀ ਹਰਮਨ ਪਿਆਰਤਾ ਕਾਫ਼ੀ ਘਟ ਗਈ ਹੈ। ਮੀਡੀਆ ਦੀ ਚਕਾਚੌਂਧ ਵਿੱਚ ਲੋਕ ਕਲਾਵਾਂ ਦੱਬ ਕੇ ਰਹਿ ਗਈਆਂ ਹਨ। ਪੁਰਾਣੇ ਲੋਕ-ਨਾਚ, ਲੋਕ ਸੰਗੀਤ ਨੂੰ ਨਵੇਂ ਜ਼ਮਾਨੇ ਦੇ ਅਨੁਸਾਰ ਮੀਡੀਆ ਦੁਆਰਾ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਹੈ। ਲੋਕ ਇਨ੍ਹਾਂ ਵੱਲ ਜ਼ਿਆਦਾ ਆਕਰਸ਼ਿਤ ਹੁੰਦੇ ਹਨ। ਅਖ਼ਬਾਰਾਂ, ਟੈਲੀਵਿਜ਼ਨ ਅਤੇ ਇੰਟਰਨੈੱਟ ਉਤੇ ਲੋਕਾਂ ਨੂੰ ਮਸ਼ੀਨੀ ਵਸਤੂਆਂ ਦੀ ਹੋਂਦ ਬਾਰੇ ਜਾਣੂ ਕਰਵਾ ਕੇ ਵਿਦੇਸ਼ੀ ਕੰਪਨੀਆਂ ਵੱਲੋਂ ਭਾਰਤੀ ਲੋਕਾਂ ਦੀ ਲੁੱਟ ਹੋ ਰਹੀ ਹੈ। ਜਿੱਥੇ ਮੀਡੀਆ ਨੇ ਲੋਕ-ਕਲਾਵਾਂ ਨੂੰ ਢਾਹ ਲਾਈ ਹੈ, ਉੱਥੇ ਇਸ ਦੇ ਕੁਝ ਹਾਂ-ਪੱਖੀ ਪੱਖ ਵੀ ਹਨ। ਕੁਝ ਚੰਗੀਆਂ ਨੀਤੀਆਂ ਅਧੀਨ ਕੁਝ ਅਖ਼ਬਾਰਾਂ, ਟੈਲੀਵਿਜ਼ਨ ਤੇ ਇੰਟਰਨੈੱਟ 'ਤੇ ਫਿਰ ਤੋਂ ਪੰਜਾਬੀ ਲੋਕ ਕਲਾਵਾਂ ਨੂੰ ਮਕਬੂਲ ਕਰਨ ਦੇ ਉਪਰਾਲੇ ਕੀਤੇ ਗਏ ਹਨ। ਨਵੀਂ ਪੀੜ੍ਹੀ ਜੋ ਕਿ ਪੁਰਾਣੀਆਂ ਲੋਕ-ਕਲਾਵਾਂ ਤੋਂ ਅਣਜਾਣ ਹੈ, ਉਨ੍ਹਾਂ ਲਈ ਕਈ ਇਸ ਤਰ੍ਹਾਂ ਦੇ ਪ੍ਰੋਗਰਾਮ ਤਿਆਰ ਕੀਤੇ ਗਏ ਹਨ, ਜਿਸ ਦੀ ਮਦਦ ਨਾਲ ਉਨ੍ਹਾਂ ਨੂੰ ਸਾਡੀਆਂ ਗੌਰਵਸ਼ਾਲੀ ਲੋਕ-ਕਲਾਵਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਭਾਰਤ ਸਰਕਾਰ ਤੇ ਰਾਜ ਸਰਕਾਰ ਦੁਆਰਾ ਚਲਾਏ ਜਾ ਰਹੇ ਟੀ.ਵੀ. ਚੈਨਲ ਜਿਵੇਂ ਕਿ ਡੀ.ਡੀ. ਪੰਜਾਬੀ ਅਤੇ ਡੀ.ਡੀ. ਨੈਸ਼ਨਲ ਕੁਝ ਅਜਿਹੇ ਹੀ ਉਪਰਾਲੇ ਹਨ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਲੋਕ ਕਲਾਵਾਂ ਪੰਜਾਬੀ ਸੱਭਿਆਚਾਰ ਵਿੱਚੋਂ ਲਗਭਗ ਲੋਪ ਹੋ ਚੁੱਕੀਆਂ ਹਨ। ਜੋ ਥੋੜ੍ਹਾ ਬਹੁਤ ਬਾਕੀ ਹੈ, ਉਹ ਕਿੱਤਿਆਂ ਦੇ ਤੌਰ 'ਤੇ ਹੀ ਜੀਵਤ ਹਨ। ਦੂਜੇ ਪਾਸੇ ਕੁਝ ਪੰਜਾਬੀ ਕਲਾਵਾਂ ਅਜਿਹੀਆਂ ਹਨ ਜੋ ਪੂਰੇ ਸੰਸਾਰ ਵਿੱਚ ਅਮਰ ਹੋ ਗਈਆਂ ਹਨ, ਜਿਵੇਂ ਕਿ ਫੁਲਕਾਰੀ, ਪਰ ਇਹ ਵੀ ਪੈਸੇ ਕਮਾਉਣ ਦਾ ਸਾਧਨ ਹੀ ਬਣ ਕੇ ਰਹਿ ਗਈ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਮੇਲਾ ਵਿਸਾਖੀ ਦਾ

ਲੰਘ ਗਿਆ ਚੇਤ, ਆਣ ਚੜ੍ਹਿਆ ਵਿਸਾਖ ਏ
ਘਰ ਘਰ ਹੋ ਗਈ ਦਾਣੇ-ਫੱਕਿਆਂ ਦੀ ਆਸ ਏ
ਰੰਗ ਸੂਰਜ ਦੀਆਂ ਅੱਖਾਂ ਦਾ ਵੀ ਗਹਿਰੀ ਹੋ ਗਿਆ
ਰੰਗ ਕਣਕਾਂ ਦਾ ਹਰੇ ਤੋਂ ਸੁਨਹਿਰੀ ਹੋ ਗਿਆ
ਪੱਕੀ ਫਸਲ ਨੂੰ ਵੇਖ ਨਹੀਂ ਸਮਾਉਂਦਾ ਫੁੱਲਿਆ
ਲਾਕੇ ਟੌਹਰ ਤੇ ਸ਼ੁਕੀਨੀ ਜੱਟ ਮੇਲੇ ਚੱਲਿਆ

ਚਿੱਟਾ ਚਾਦਰਾ ਤੇ ਵੱਟ ਮੁੱਛਾਂ ਨੂੰ ਵੀ ਚਾੜ੍ਹ ਕੇ
ਜੁੱਤੀ ਤਿੱਲੇਦਾਰ ਪਾ ਲਈ ਪੈਰੀਂ, ਥੱਲੇ ਝਾੜ ਕੇ
ਪੱਗ ਬੰਨ੍ਹ ਉੱਚਾ ਤੁਰਲ੍ਹੇ ਦਾ ਲੜ ਛੱਡਿਆ
ਡਾਂਗ ਸੰਮਾ ਵਾਲੀ ਧਰੀ, ਮੋਢੇ ਤੇ ਸ਼ਿੰਗਾਰ ਕੇ
ਰੋਹਬ ਜੱਟੀ ਦਾ ਵੀ ਮਿੱਤਰੋ, ਨਹੀਂ ਜਾਂਦਾ ਝੱਲਿਆ
ਲਾਕੇ ਟੌਹਰ ਤੇ ਸ਼ੁਕੀਨੀ ਜੱਟ ਮੇਲੇ ਚੱਲਿਆ

ਲੋਕੀਂ ਮੇਲਿਆਂ ਨੂੰ ਜਾਣ ਬੰਨ੍ਹ ਬੰਨ੍ਹ ਟੋਲੀਆਂ
ਕਿਤੇ ਵੱਜਦੇ ਨੇ ਢੋਲ, ਕਿਤੇ ਪੈਣ ਬੋਲੀਆਂ
ਰਾਗੀ, ਢਾਡੀ ਤੇ ਕਵੀਸ਼ਰ ਵੀ ਗਾਉਣ ਵਾਰਾਂ ਨੂੰ
ਗੀਤਾਂ ਰਾਹੀਂ ਸਮਝਾਉਣ ਸਿੱਖੀ ਸੰਸਕਾਰਾਂ ਨੂੰ
ਕਿਤੇ ਅਲਗੋਜ਼ੇ ਵਾਲਿਆਂ ਨੇ ਪਿੜ ਮੱਲਿਆ
ਲਾਕੇ ਟੌਹਰ ਤੇ ਸ਼ੁਕੀਨੀ ਜੱਟ ਮੇਲੇ ਚੱਲਿਆ

ਕੋਈ ਕੱਢਦਾ ਜਲੇਬੀਆਂ, ਪਕੌੜੇ ਤਲ ? ਕੇ
ਬੱਚੇ, ਬੁੱਢੇ ਤੇ ਜਵਾਨ ਸਾਰੇ ਖਾਣ ਰਲ ? ਕੇ
ਮੇਲਾ ਵੇਖਦੀਆਂ ਜੱਟੀਆਂ, ਲੈ ਫੁਲਕਾਰੀਆਂ
ਕਿਤੇ ਘੁੰਮਦੇ ਪੰਘੂੜੇ, ਪੈਣ ਕਿਲਕਾਰੀਆਂ
ਕਿਤੇ ਵਣਜਾਰਿਆਂ ਨੂੰ ਕੁੜੀਆਂ ਦਵੱਲਿਆ
ਲਾਕੇ ਟੌਹਰ ਤੇ ਸ਼ੁਕੀਨੀ ਜੱਟ ਮੇਲੇ ਚੱਲਿਆ

ਏਸੇ ਦਿਨ ਹੀ ਗੁਰੂ ਨੇ ਖਾਲਸਾ ਸੀ ਸਾਜਿਆ
ਬਾਟੇ ਅੰਮ੍ਰਿਤ ਨਾਲ ਸਿੰਘਾਂ ਨੂੰ ਨਵਾਜਿਆ
ਏਸੇ ਲਈ ਇਹ ਦਿਹਾੜਾ ਹੋਰ ਵੀ ਮਹਾਨ ਹੈ
ਸਿੱਖੀ ਵਾਸਤੇ ਵਿਸਾਖੀ, 'ਖੁਸ਼ੀ' ਵੱਡਾ ਮਾਣ ਹੈ
ਜ਼ੁਲਮ ਨਾ ਟਾਕਰੇ ਦਾ ਸੀ ਸੁਨੇਹਾ ਘੱਲਿਆ
ਲਾਕੇ ਟੌਹਰ ਤੇ ਸ਼ੁਕੀਨੀ ਜੱਟ ਮੇਲੇ ਚੱਲਿਆ।

-ਖੁਸ਼ੀ ਮੁਹੰਮਦ ਚੱਠਾ

## ਵਿਸਾਖੀ ਦਾ ਮੇਲਾ

ਪੱਕ ਪਈਆਂ ਕਣਕਾਂ, ਲੁਕਾਠ ਰਸਿਆ।
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ।
ਫਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ।
ਚੱਲ ਨੀ ਪ੍ਰੇਮੀਏਂ, ਵਿਸਾਖੀ ਚੱਲੀਏ।
ਦੂਰ ਦੂਰ ਥਾਓਂ ਵਣਜਾਰੇ ਆਏ ਨੇ।
ਸੋਹਣੇ ਸੋਹਣੇ ਕੁੰਜਾਂ ਤੇ ਫੀਤੇ ਲਿਆਏ ਨੇ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ।
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ।
ਸੈਂਕੜੇ ਸੁਗਾਤਾਂ ਨਾਲੋ ਨਾਲ ਆਈਆਂ।
ਹੱਟੀ ਹੱਟੀ ਸ਼ੌਂਕੀਆਂ ਦੀ ਭੀੜ ਖਲ੍ਹੀ ਏ।
ਚੱਲ ਨੀ ਪ੍ਰੇਮੀਏਂ, ਵਿਸਾਖੀ ਚੱਲੀਏ।
ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇ।
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।
ਵੰਝਲੀ, ਲਗੋਜਾ, ਕਾਟੋ, ਤੂੰਬਾ ਵੱਜਦੇ।
ਛਿੰਜ ਵਿਚ ਸੂਰੇ ਪਹਿਲਵਾਨ ਗੱਜਦੇ।
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ।
ਭੀੜ ਵਿੱਚ ਮੋਢੇ ਨਾਲ ਮੋਢਾ ਵੱਜਦਾ।
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ।
ਚੱਲ ਨੀ ਪ੍ਰੇਮੀਏਂ, ਵਿਸਾਖੀ ਚੱਲੀਏ।
ਬਾਲ, ਬੁੱਢੇ, ਗੱਭਰੂ ਮੇਲੇ ਚ ਆਏ ਨੇ।
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇ।
ਭਾਂਤੋ ਭਾਂਤ ਦਿਲ, ਭਾਂਤੋ ਭਾਂਤ ਮਾਲ ਨੇ।
ਟੋਲ ਰਹੇ ਆਪੋ ਆਪਣਾ ਖਿਆਲ ਨੇ।
ਮੇਲੇ ਦੀ ਬਹਾਰ ਏ, ਤਿਕਾਲਾਂ ਤੀਕ ਏ।
ਸੌਦਾ ਲਏ ਵਿਹਾਜ ਜਿਦੀ ਜੋ ਤੌਫ਼ੀਕ ਏ।
ਪਲੋ ਪਲੀ ਵਿੱਚ ਹੋਣੀ ਚਲੋ ਚਲੀ ਏ।
ਚੱਲ ਨੀ ਪ੍ਰੇਮੀਏਂ, ਵਿਸਾਖੀ ਚੱਲੀਏ।

- ਧਨੀ ਰਾਮ ਚਾਤ੍ਰਿਕ

## ਜਲ੍ਹਿਆਂ ਵਾਲੇ ਬਾਗ਼ ਦੀ ਵਿਸਾਖੀ

ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਗਈ।
ਓਹੀ ਵਿਸਾਖੀ ਆ ਗਈ!

ਇਕਦਰ ਮਸ਼ੀਨਾਂ ਬੀੜੀਆਂ,
ਇਕਦਰ ਨੇ ਤਣੀਆਂ ਛਾਤੀਆਂ,
ਇਕਦਰ ਸਬਰ ਦੀਆਂ ਆਹੀਆਂ,
ਇਕਦਰ ਜਬਰ ਦੀਆਂ ਕਾਤੀਆਂ,

ਉਹ ਬੇਗੁਨਾਹਾਂ ਦੇ ਖ਼ੂਨ ਵਿਚ
ਰਜ ਰਜ ਕੇ ਓਥੇ ਨ੍ਹਾਤੀਆਂ।
ਐ ਬਾਗ਼ ਜਲ੍ਹਿਆਂ ਵਾਲਿਆ

ਮੇਲੇ ਗਏ ਹੋਏ ਵੀਰ ਨੂੰ,
ਕੋਈ ਭੈਣ ਸਿਕਦੀ ਰਹਿ ਗਈ!
ਅਤੇ ਜਿਗਰ ਦੇ ਟੋਟੇ ਲਈ
ਅੰਬੜੀ ਪਟਿਕਦੀ ਰਹਿ ਗਈ!
ਨਾ ਜਾਈਂ ਅਜ ਦੀ ਰਾਤ ਵੇ
(ਕੋਈ) ਪ੍ਰੀਤਮ ਨੂੰ ਛਿਕਦੀ ਰਹਿ ਗਈ!
ਆਸਾਂ ਦੀ ਤੰਦੜੀ ਟੁਟ ਗਈ,
ਮੁੜ ਕੇ ਨਾ ਜਦ ਕੋਈ ਬਹੁੜਿਆ।
ਘਰ ਘਰ ਸੀ ਮਾਤਮ ਹੋ ਰਿਹਾ!

ਕੀ ਕਹਿਰ ਉਥੇ ਵਰਤਿਆ ?
ਬਸ ਓਹੀ ਦਸ ਹੈ ਸਕਦੀ,
ਜਿਸ ਉਥੇ ਗੁਜ਼ਾਰੀ ਰਾਤ ਸੀ।

ਜ਼ੁਲਮਾਂ ਦੀ ਕਾਲੀ ਰਾਤ ਸੀ,
ਚੁਪ ਮੌਤ ਵਾਂਙੂ ਛਾ ਰਹੀ,
ਲੋਥਾਂ ਦਾ ਲੱਗਾ ਢੇਰ ਸੀ,
ਲਹੂ ਦੀ ਨਦੀ ਸੀ ਵਹਿ ਰਹੀ।

ਬੈਠੀ ਸਰ੍ਹਾਂਦੀ ਪਤੀ ਦੇ
ਇਕ ਰਤਨ ਦਈ ਸੀ ਰੋ ਰਹੀ!
ਬਸ ਉਹੀ ਦਸ ਹੈ ਸਕਦੀ,
ਜਿਸ ਓਥੇ ਗੁਜ਼ਾਰੀ ਰਾਤ ਸੀ।

ਉਸ ਜਲ੍ਹਿਆਂ ਵਾਲੇ ਬਾਗ਼ ਵਿਚ,
ਜੋ ਲਹੂ ਸ਼ਹੀਦੀ ਡੁਲ੍ਹਿਆ
ਸਾਨੂੰ ਅਜੇ ਨਹੀਂ ਭੁਲਿਆ।
ਡਾਇਰ ਦੀ ਤਕ ਕੇ ਡਾਇਰੀ,
ਦਰਦਾਂ ਨੇ ਕੀਤੀ ਸ਼ਾਇਰੀ।
ਮਾਸੂਮ ਬੇ-ਹਥਿਆਰ ਤੇ,
ਸ਼ਸਤ੍ਰ ਚਲਾਣਾਂ ਕਾਇਰੀ।
ਲਾਹਨਤ ਹੈ ਉਸ ਤਹਿਜ਼ੀਬ ਨੂੰ,
ਜਿਸ ਏਹ ਕਿਆਮਤ ਲਿਆ ਧਰੀ।

ਓਸੇ ਸ਼ਹੀਦੀ ਖ਼ੂਨ 'ਚੋਂ,
ਇਕ ਮਰਦ ਪੈਦਾ ਹੋ ਗਿਆ।
ਇਕ ਦਰਦ ਪੈਦਾ ਹੋ ਗਿਆ।

ਜਿਸਦਾ ਆਜ਼ਾਦੀ ਮਜ਼ਹਬ ਹੈ,
ਹਿੰਦੀ ਹੈ ਨਾਉਂ ਸਦਾਉਂਦਾ।
ਭਾਰਤ ਨੂੰ ਕਹਿੰਦਾ ਮਾਉਂ ਹੈ,
ਵੀਰਾਂ ਨੂੰ ਛਾਤੀ ਲਾਉਂਦਾ।
ਆਖੇ ਇਹ ਪ੍ਰਣ ਮੈਂ ਨਿਭਾਉਣਾ,
ਡਾਇਰਾਂ ਨੂੰ ਹੁਣ ਮੈਂ ਮੁਕਾਉਣਾ।
ਕਾਲਖ ਦਾ ਟਿਕਾ ਏਹ ਗੁਲਾਮੀ,
ਮਥਿਓਂ ਹੁਣ ਲਾਹੁਣਾ।

ਆਜ਼ਾਦ ਕਰਨਾ ਵਤਨ ਨੂੰ,
ਅਗੇ ਹੀ ਅਗੇ ਜਾਵਣਾ।
ਨਹੀਂ ਪੈਰ ਪਿਛੇ ਪਾਵਣਾ।
ਇਹ ਕੂਕ ਹੁਣ ਤਕ ਆ ਰਹੀ,
ਉਸ ਜਲ੍ਹਿਆਂ ਦੇ ਬਾਗ਼ ਦੀ
'ਐ ਹਿੰਦੀਆ ਤੂੰ ਸੌਂ ਰਿਹਾ,
ਪਰ ਰਤਨ ਦਈ ਹੈ ਜਾਗਦੀ।
ਉਠਕੇ ਸ਼ਹੀਦੀ ਬੰਨ੍ਹ ਗਾਨਾ,
ਵਤਨ ਉਤੋਂ ਜਿੰਦ ਘੁਮਾ,
ਆਜ਼ਾਦ ਹਿੰਦ ਕਰਕੇ ਵਿਖਾ।'

ਐ ਬਾਗ਼ ਜਲ੍ਹਿਆਂ ਵਾਲਿਆ,
ਫਿਰ ਯਾਦ ਤੇਰੀ ਆ ਰਹੀ।
ਓਹੀ ਵਸਾਖੀ ਆ ਗਈ!

-ਹੀਰਾ ਸਿੰਘ ਦਰਦ

## ਬਹੁਮਤ ਦੀਆਂ ਆਰੀਆਂ !

ਸਿਰ ਤੋਲਣ ਦੀ ਜਗਾਹ ਹਨ 'ਗਿਣੇ' ਜਾਂਦੇ
ਲੋਕਰਾਜ ਦੀਆਂ ਸਿਫਤਾਂ ਨਿਆਰੀਆਂ ਜੀ।
ਫਿਰਕਾਪ੍ਰਸਤੀ ਤੇ ਹੈਂਕੜ ਫਿਰ ਜੋਰ-ਜਰਬੀ
ਇਹ ਬੀਮਾਰੀਆਂ ਨੇ 'ਹੈਂਸਿਆਰੀਆਂ' ਜੀ।
ਧੂੰਆਂ ਧਾਰ 'ਤਕਰੀਰਾਂ' ਵੀ 'ਸਭਾ' ਅੰਦਰ
ਬਣਨ 'ਯਾਭਾਂ ਦੇ ਭੇੜ' ਵਿਚਾਰੀਆਂ ਜੀ।
'ਜਿੰਦਰੇ' ਜੀਭਾਂ ਨੂੰ ਫੌਰਨ ਲਾ ਦਿੰਦੀਆਂ ਨੇ
ਸੱਤਾ ਧਿਰ ਨਾਲ ਲੱਗੀਆਂ 'ਯਾਰੀਆਂ' ਜੀ।
ਰਹਿ ਜਾਣ ਫਿਰ 'ਧਰੀਆਂ ਧਰਾਈਆਂ' ਹੀ
ਘੱਟ ਗਿਣਤੀਆਂ ਦੀਆਂ 'ਤਿਆਰੀਆਂ' ਜੀ
'ਚਿੱਟਾ ਸੱਚ' ਹੋਵੇ ਫਿਰ ਵੀ 'ਚੀਰ' ਸੁੱਟਣ
ਬਹੁ-ਮੱਤ ਦੀਆਂ ਤਿੱਖੀਆਂ 'ਆਰੀਆਂ' ਜੀ



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਮਾਂ ਬੋਲੀ

ਨੀ ਪੰਜਾਬੀਏ ਜਬਾਨੇ, ਤੇਰੇ ਵਰਣਾਂ ਦੀ ਠੰਡੀ ਮਿੱਠੀ ਛਾ ਨੀ,
ਜਦੋਂ ਪੜ੍ਹਾ ਤਾ ਲੱਗੇ ਮੇਰੇ ਨਾਲ ਖੜ੍ਹੀ ਮੇਰੀ ਮਾਂ ਨੀ।
ਤੇਰਾ ਹਰ ਇੱਕ ਵਰਣ ਦੇ ਰਿਹਾ ਏ ਹੋਕਾ,
ੳ, ਉਠਣ ਲਈ ਕਹਿੰਦਾ, ਅ, ਅੰਮ੍ਰਿਤ ਵੇਲੇ,
ੲ, ਕਹੇ ਏਕਤਾ ਵਿੱਚ ਰਹਿਣਾ, ਸ, ਸਹਿਣੀ ਨਾ ਗੁਲਾਮੀ,
ਹ, ਹਾਂਜੀ-ਹਾਂਜੀ ਕਹਿਣਾ, ਗਲਤ ਨੂੰ ਕਰ ਦੇਣੀ ਨਾਂਹ ਨੀ,
ਨੀ ਪੰਜਾਬੀਏ...
ਜਦੋਂ ਪੜ੍ਹਾ ਤਾ...
ਕ, ਕਹਿੰਦਾ ਕਹਿਣੀ ਕਥਨੀ ਇੱਕ ਬਣਾਉਣੀ,
ਖ, ਖੁਸ਼ੀ-ਖੁਸ਼ੀ ਬਾਣੀ ਪੜ੍ਹਨੀ, ਗ, ਗੁਰਮਤਿ ਨਾਲ ਜੁੜਨਾ,
ਘ, ਘਰ ਵਿੱਚ ਰਹਿ ਕੇ ਜੋਗ ਕਮਾਉਣਾ, ਙ, ਙਿਙ ਕਿਸੇ ਨਾਲ
ਨਹੀਂ ਫਸਾਉਣੇ,
ਸਭ ਨੂੰ ਗਲੇ ਲਗਾਉਣਾ ਸਿੱਖਿਆ ਦਿੰਦੀ ਹੁੰਦੀ ਸੀ ਮੇਰੀ ਮਾਂ ਨੀ,
ਨੀ ਪੰਜਾਬੀਏ...
ਜਦੋਂ ਪੜ੍ਹਾ...
ਚ, ਚਲਾ ਜਾਈ ਨੰਗੇ ਪੈਰੀਂ ਨਿੱਤ ਗੁਰਦੁਆਰੇ,
ਛ, ਛੱਡ ਕੇ ਵੈਰ ਵਿਰੋਧ ਤੂੰ ਸਾਰੇ, ਜ, ਜਗਤ ਗੁਰੂ ਨੂੰ ਧਿਆਈ,
ਝ, ਝੁੱਕ-ਝੁੱਕ ਕੇ ਮੱਥਾ ਟੇਕੀ, ਞ, ਇੰਞ ਬਣਨਾ ਵਧੀਆ ਇਨਸਾਨ
ਬੱਚਿਆ, ਹਰ ਰੋਜ ਸਿੱਖਿਆ ਦਿੰਦੀ ਹੁੰਦੀ ਸੀ ਮੇਰੀ ਮਾਂ ਨੀ।
ਨੀ ਪੰਜਾਬੀਏ ਜਬਾਨੇ....
ਜਦੋਂ ਪੜ੍ਹਾ...
ਟ, ਟੌਹਰ ਬਾਣਾਉਣੀ, ਠ, ਠੰਡ ਸਭ ਪਾਸੇ ਵਰਤਾਉਣੀ,
ਡ, ਡੋਲ ਦੁੱਖ ਵਿੱਚ ਨਾ ਜਾਵੀ, ਢ, ਢੱਕੇ ਸਤਿਗੁਰੂ ਤੇਰੇ ਪਰਦੇ,
ਣ, ਜਾਣੀ ਜਾਣ ਵੱਸੇ ਤੇਰੇ ਚਾਰ ਚੁਫੇਰੇ, ਹਰਦਮ ਹੋਵੇ ਉਹੀ ਸਹਾਈ
ਕਹਿੰਦੀ ਹੁੰਦੀ ਸੀ ਮੇਰੀ ਮਾਂ ਨੀ।
ਨੀ ਪੰਜਾਬੀਏ ਜ਼ੁਬਾਨੇ...
ਜਦੋਂ ਪੜ੍ਹਾ...
ਤ, ਤੇਰਾ-ਤੇਰਾ ਆਖੀ, ਥ, ਥੁੜ ਨਾ ਕੋਈ ਰਹਿਣੀ,
ਦ, ਦਾਤੇ ਦੇ ਗੁਣ ਗਾਵੀ, ਧ, ਧੀਆ ਦਾ ਸਤਿਕਾਰ ਤੂੰ ਵਧਾਵੀ,
ਨ, ਨਿਰਪੱਖ ਰਹਿਕੇ ਸਾਰੇ ਫ਼ੈਸਲੇ ਸੁਣਾਵੀ, ਸ਼ਿਖਾ ਕੇ ਗਈ ਸੀ ਮੇਰੀ ਮਾ ਨੀ
ਨੀ ਪੰਜਾਬੀਏ...
ਜਦੋਂ ਪੜ੍ਹਾ...
ਪ, ਪ੍ਰੇਮ, ਪਿਆਰ ਨਾਲ ਰਹੀ, ਫਿਰ, ਮੁੜ ਆਉਣਾ ਨਹੀ ਇੱਥੇ,
ਬ, ਬੀਮਾਰੀ ਤੋਂ ਦੇਹ ਨੂੰ ਬਚਾਵੀ, ਭ, ਭਾਈਆ ਵਿੱਚ ਤੇਰ ਮੇਰ ਨਾ
ਪਾਵੀ, ਮ ਮੁਖੋ ਮੰਦਾ ਕਿਸੇ ਨੂੰ ਨਾ ਬੋਲੀ, ਰਹੀ ਹੱਸੂ-ਹੱਸੂ ਕਰਦਾ
ਸਮਝਾ ਕੇ ਗਈ ਸੀ ਮੇਰੀ ਮਾ ਨੀ,
ਨੀ ਪੰਜਾਬੀਏ...
ਜਦੋਂ ਪੜ੍ਹਾ...
ਯ, ਯਾਦ ਰੱਖੀ ਮਰਨੇ ਦੀ ਕਹਾਣੀ, ਰ, ਰੱਬ ਨੂੰ ਵਸਾ ਲਈ ਵਿੱਚ ਅੱਖੀਂ,
ਲ, ਲੜਾਈ ਝਗੜਾ ਕਿਸੇ ਨਾਲ ਨਾ ਰੱਖੀ, ਵ, ਵਾਹਿਗੁਰੂ ਨੂੰ
ਸਵਾਸ-ਸਵਾਸ ਤੂੰ ਸਿਮਰੀ, ੜ, ਤਾੜ ਦੂਜਿਆਂ ਤੇ ਨਾ ਰੱਖੀ, ਦੱਬ ਕੇ ਵਾਹੀ,
ਤੇ ਰੱਜ ਕੇ ਖਾਵੀ, ਸਮਝਾ ਕੇ ਗਈ ਗਿੱਲ,
ਜੰਡਾ ਦੀ ਮੁਹਿੰਦਰ ਕੌਰ ਸੰਧੂ ਗਿੱਲ ਮਾਂ ਨੀ।
ਸ਼, ਸ਼ਬਦ ਕੀਰਤਨ ਤੂੰ ਕਰੀ, ਖ਼, ਖ਼ਾਮੋਸ਼ੀ ਵਾਲਾ ਗੁਣ ਗ੍ਰਹਿਣ ਕਰੀ
ਗ਼., ਗਵਾਹੀ ਦੇਵੀ ਸਦਾ ਸੱਚੀ, ਜ਼., ਜ਼ਰੂਰਤ ਮੰਦਾ ਦੀ ਕਰੀ
ਸਹਾਇਤਾ, ਫ਼., ਫਲ ਪਾਵੇਗਾ ਹਮੇਸ਼ਾ ਮਿੱਠੇ, ਲ਼. ਗਿੱਲ ਜੰਡਾ
ਆਖੇ ਫਿਰ ਰਹਿਮਤਾਂ ਦੇ ਬੱਦਲ. ਵਰਸਣਗੇ ਤੇਰੇ ਵਿਹੜੇ,
ਪੈਣੇ ਗਿੱਧੇ ਅਤੇ ਭੰਗੜੇ, ਹੋਣੇ 'ਮਾਂ ਬੋਲੀ ਦੇ ਸਵੇਰੇ'।
ਨੀ ਪੰਜਾਬੀਏ...
ਜਦੋਂ ਪੜ੍ਹਾ....



-ਮਹਿੰਦਰ ਕੌਰ ਜੰਡਾ

## ਨਾੜ ਨਬਜ਼

ਨਾੜ ਨਬਜ਼ ਨਹੀਂ ਫੜਨੇ ਵਾਲਾ ਵਾਹ ਸ਼ਾਮਤ।
ਰੋਗ ਹੋ ਰਿਹਾ ਅੜਨੇ ਵਾਲਾ ਵਾਹ ਸ਼ਾਮਤ।

ਹਰ ਕਿਸੇ ਦਾ ਹੀ ਦੇਖੋ ਹੈ ਕਮਜ਼ੋਰ ਹੋਇਆ,
ਰੱਖਿਆ ਤੰਤਰ ਲੜਨੇ ਵਾਲਾ ਵਾਹ ਸ਼ਾਮਤ।

ਕਿਹਨੂੰ ਦਿਲ ਦੀ ਦੱਸੀਏ, ਕਿਹਦੇ ਗਲ ਲੱਗੀਏ,
ਪਿਆਰ ਵੀ ਹੋਇਆ ਲੜਨੇ ਵਾਲਾ ਵਾਹ ਸ਼ਾਮਤ।

ਦੁਆਵਾਂ ਛੱਡ ਕੇ ਸਾਰਾ ਜ਼ੋਰ ਦਵਾਈਆਂ 'ਤੇ,
ਅਨਪ੍ਹੜ ਹੈ ਕਿਓਂ ਪੜ੍ਹਨੇ ਵਾਲਾ ਵਾਹ ਸ਼ਾਮਤ।

ਰੀਝ ਨੀਝ ਬਿਨ ਜ਼ਿੰਦਗੀ ਜ਼ਿੰਦਗੀ ਨਹੀਂ ਰਹਿੰਦੀ,
ਵਿਰਲਾ ਕੋਕੇ ਜੜਨੇ ਵਾਲਾ ਵਾਹ ਸ਼ਾਮਤ।

ਦੱਸੋ ਕਿਹੜਾ ਮੱਥੇ ਉਹਨੂੰ ਲਾਊਗਾ,
ਮੱਥਾ ਹੈ ਜੋ ਸੜਨੇ ਵਾਲਾ ਵਾਹ ਸ਼ਾਮਤ।

ਹਰ ਕਿਸੇ ਦੇ ਦੇਖੋ ਕਿੱਦਾਂ ਪੇਸ਼ ਪਿਆ,
ਚਿੱਤ ਬਹਾਨੇ ਘੜਨੇ ਵਾਲਾ ਵਾਹ ਸ਼ਾਮਤ।

ਸੋਧਾ ਲਾ ਕੇ ਜਾਂ ਪਤਿਆ ਕੇ ਰੱਖ 'ਢੇਸੀ'
ਮਨ ਹੀ ਮਨ 'ਤੇ ਕੜ੍ਹਨੇ ਵਾਲਾ ਵਾਹ ਸ਼ਾਮਤ।

- ਕੁਲਵੰਤ ਸਿੰਘ ਢੇਸੀ

## ਦਮਦਮਾ ਸਾਹਿਬ ਦੀ ਵਿਸਾਖੀ

ਆਈ ਵਿਸਾਖੀ ਖੁਸ਼ੀਆਂ ਵਾਲ਼ੀ, ਦਮਦਮਾ ਸਾਹਿਬ ਨੂੰ ਚੱਲੀਏ।
ਤਖ਼ਤ ਸਾਹਿਬ ਚੱਲ ਟੇਕੀਏ ਮੱਥਾ, ਨਾਲ ਸੰਗਤ ਦੇ ਰਲ਼ੀਏ।

ਆਏ ਏਥੇ ਸਨ ਦਸਮ ਪਾਤਸ਼ਾਹ, ਚੱਲ ਕੇ ਢਾਬ ਖਿਦਰਾਣਾ।
ਨੌਂ ਮਹੀਨੇ ਨੌਂ ਦਿਨ ਸਤਿਗੁਰ, ਕੀਤਾ ਇੱਥੇ ਟਿਕਾਣਾ।

ਲੰਮੇ ਸਮੇਂ ਦੇ ਯੁੱਧਾਂ ਪਿੱਛੋਂ, ਕੀਤਾ ਗੁਰ ਬਿਸਰਾਮ।
ਏਸ ਜਗ੍ਹਾ ਨੂੰ ਸਤਿਗੁਰ ਦਿੱਤਾ, ਤਖ਼ਤ ਚੌਥੇ ਦਾ ਨਾਮ।

ਭਾਈ ਡੱਲੇ ਨੂੰ ਦਾਤੇ ਨੇ, ਦਿੱਤੀ ਸੀ ਵਡਿਆਈ।
ਸਿੰਘ ਸਜਾ ਕੇ ਗਲ਼ ਨਾਲ ਲਾਇਆ, ਉਸਦੀ ਪੈਜ ਰਖਾਈ।

ਮੌਜ 'ਚ ਆ ਕੇ ਦਸਮ ਗੁਰੂ ਨੇ, ਕਈ ਕੌਤਕ ਸਨ ਕੀਤੇ।
ਸੰਗਤ ਨੇ ਵੀ ਦਾਤੇ ਕੋਲ਼ੋਂ, ਘੁੱਟ ਅੰਮ੍ਰਿਤ ਦੇ ਪੀਤੇ।

'ਗੁਰੂ ਕਾਸ਼ੀ' ਅਖਵਾਏ ਧਰਤੀ, ਖੁੱਲ੍ਹੇ ਕਈ ਵਿਦਿਆਲੇ।
ਗੁਰ-ਦਾਤੇ ਦੀ ਅਜ਼ਮਤ ਤੋਂ, ਸਭ ਹੁੰਦੇ ਜਾਣ ਨਿਹਾਲੇ।

ਮੇਲੇ ਵਾਲ਼ੇ ਦਿਨਾਂ ਨੂੰ ਏਥੇ, ਲੱਗਣ ਅਜਬ ਬਹਾਰਾਂ।
ਗੁਰ-ਦਰਬਾਰ 'ਚ ਮੱਥਾ ਟੇਕਣ, ਬੰਨ੍ਹਣੀਆਂ ਪੈਣ ਕਤਾਰਾਂ।

ਚੋਜੀ ਪ੍ਰੀਤਮ ਕੋਲੋਂ ਓਹੀ, ਮਨਇੱਛਿਤ ਫ਼ਲ ਪਾਵੇ।
ਸ਼ਰਧਾ ਨਾਲ਼ 'ਸ਼ਨਾਨ ਕਰੇ, ਤੇ ਸੱਚੇ ਦਿਲੋਂ ਧਿਆਵੇ।

ਸਰਕਸ, ਝੂਲੇ, ਖਾਣ-ਪੀਣ ਦੀਆਂ, ਸਜੀਆਂ ਬਹੁਤ ਦੁਕਾਨਾਂ।
ਲੋਕਾਂ ਦੇ ਇਸ ਅਜਬ ਜਲੌਅ ਨੂੰ, ਖੜ੍ਹ ਕੇ ਵੇਖ ਜਵਾਨਾ।

ਕਿਧਰੇ ਕਵੀ, ਕਵੀਸ਼ਰ ਕਿਧਰੇ, ਢਾਡੀ ਵਾਰਾਂ ਗਾਉਂਦੇ।
ਮੱਲ 'ਖਾੜੇ ਵਿੱਚ ਦੂਰ ਪਰ੍ਹੇ, ਇੱਕ-ਦੂਜੇ ਨੂੰ ਪਏ ਢਾਹੁੰਦੇ।

ਦਸਮ ਪਿਤਾ ਦੇ ਦਰ ਤੇ ਸਾਰੇ, ਆਓ ਸੀਸ ਝੁਕਾਈਏ!
ਧੰਨ ਗੁਰੂ, ਧੰਨ ਅੰਮ੍ਰਿਤ-ਦਾਤਾ, ਨਾਲ਼ ਰੂਹੀ ਦੇ ਗਾਈਏ।

-ਪ੍ਰੋ. ਨਵ ਸੰਗੀਤ ਸਿੰਘ
9417692015

## ਧੀ

ਧੀ ਨੂੰ ਨਫਰਤ ਕਰਨ ਵਾਲਿਓ,
ਧੀ ਵੀ ਤਾ ਹੈ ਰੱਬ ਦਾ ਜੀਅ,
ਕਿਸੇ ਦਾ ਨਾ ਉਹ ਖਾਵੇ ਕੁਛ ਵੀ,
ਦੁਨੀਆਂ ਦੇਖੋ ਚੰਨ ਤੇ ਪੁੱਜ ਗੀ,
ਤੁਸੀਂ ਕੁੱਖ ਚ ਮਾਰਨ ਦੀ ਛੱਡਦੇ ਨਾ ਲੀਹ,
ਹੁਣ ਟਰੱਕ ਤੋਂ ਜਹਾਜ਼ ਤੱਕ ਚਲਾਵਣ,
ਮੰਨਦੇ ਪਹਿਲਾਂ ਥੋੜੀ ਅਨਪੜ੍ਹਤਾ ਸੀ,
ਵਕੀਲ ਜੱਜ ਡਾਕਟਰ ਅੱਜ ਕੱਲ ਨੇ ਧੀਆਂ,
ਲੱਗੀਆ ਨੇ ਡੀ ਸੀ, ਡੀ ਐਸ ਪੀ,
ਨਨ੍ਹੀ ਜਿਹੀ ਜਾਨ ਨੂੰ ਕੀ ਪਤਾ ਏ,
ਜੰਮਣ ਵਾਲੇ ਈ ਮੇਰੇ ਵੈਰੀ ਸੀ,
ਝਿੰਗੜਾਂ ਦਾ ਪੰਮਾ ਹੱਥ ਜੋੜ ਕਰੇ ਬੇਨਤੀ,
ਬਦਲੋ ਸੋਚ ਨੂੰ ਤੇ ਕੁੱਝ ਸਮਝੋ ਜੀ,
ਧੀ ਨੂੰ ਨਫਰਤ ਕਰਨ ਵਾਲਿਓ,
ਧੀ ਵੀ ਤਾਂ ਹੈ ਰੱਬ ਦਾ ਜੀਅ,
ਆਪਣੇ ਕਰਮਾਂ ਦਾ ਉਹ ਖਾਵੇ,
ਕਿਸੇ ਦਾ ਨਾ ਉਹ ਖਾਵੇ ਕੁੱਝ ਵੀ.



ਪੰਮਾਂ ਝਿੰਗੜਾ ਵਾਲਾ

# ਵਿਆਹੁਤਾ ਰਿਸ਼ਤਿਆਂ ਵਿੱਚ ਵਧ ਰਹੀ ਅਸੰਵੇਦਨਸ਼ੀਲਤਾ



ਸਮਾਜ ਨੂੰ ਡਰਾਉਣ ਅਤੇ ਪ੍ਰੇਸ਼ਾਨ ਕਰਨ ਵਾਲੀਆਂ ਅਪਰਾਧਿਕ ਗਤੀਵਿਧੀਆਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਚਿੰਤਾ ਦਾ ਵਿਸ਼ਾ ਹੈ। ਵਿਆਹੁਤਾ ਰਿਸ਼ਤਿਆਂ ਵਿੱਚ ਅਸੰਵੇਦਨਸ਼ੀਲਤਾ ਦੇ ਮਾਮਲਿਆਂ ਵਿੱਚ ਨੌਜਵਾਨ ਮਰਦਾਂ ਅਤੇ ਔਰਤਾਂ ਦੀ ਦਿਸ਼ਾਹੀਣਤਾ ਸੱਚਮੁੱਚ ਚਿੰਤਾ ਦਾ ਵਿਸ਼ਾ ਬਣ ਗਈ ਹੈ। ਸਾਡੇ ਨਾਲ ਰਹਿਣ ਵਾਲੇ ਲੋਕਾਂ ਪ੍ਰਤੀ ਇਹ ਬੇਰਹਿਮੀ ਕਿੱਥੋਂ ਆ ਰਹੀ ਹੈ ? ਵਿਆਹੁਤਾ ਜੀਵਨ ਨੂੰ ਤਾਕਤ ਦੇਣ ਵਾਲੀ ਸੰਗਤ ਅਤੇ ਸਥਿਰਤਾ ਦੀ ਭਾਵਨਾ ਕਿੱਥੇ ਗਈ ਹੈ ? ਇਹ ਮੰਦਭਾਗਾ ਹੈ ਕਿ ਇਹ ਸਥਿਤੀ ਦਿਲ ਤੋਂ ਚੁਣੇ ਗਏ ਰਿਸ਼ਤਿਆਂ ਵਿੱਚ ਵੀ ਦੇਖੀ ਜਾਂਦੀ ਹੈ। ਜਿਨ੍ਹਾਂ ਲੋਕਾਂ ਨੇ ਪਿਆਰ ਲਈ ਵਿਆਹ ਕੀਤਾ ਹੈ ਅਤੇ ਹਰ ਤਰ੍ਹਾਂ ਦੇ ਸਮਾਜਿਕ ਅਤੇ ਪਰਿਵਾਰਕ ਦਬਾਅ ਤੋਂ ਪਰੇ ਰਹਿ ਕੇ ਸੈਟਲ ਹੋ ਗਏ ਹਨ, ਉਨ੍ਹਾਂ ਨੂੰ ਵੀ ਇਹ ਸਮਝ ਨਹੀਂ ਆਇਆ ਕਿ ਇਕੱਠੇ ਕਿਵੇਂ ਰਹਿਣਾ ਹੈ। ਇਨ੍ਹਾਂ ਸਥਿਤੀਆਂ ਨੂੰ ਕਿਤੇ ਨਾ ਕਿਤੇ ਜ਼ਿੰਮੇਵਾਰੀਆਂ ਨਿਭਾਉਣ ਤੋਂ ਭੱਜਣ ਦੀ ਮਾਨਸਿਕਤਾ ਨਾਲ ਜੋੜਿਆ ਜਾ ਸਕਦਾ ਹੈ। ਇਹ ਪੀੜ੍ਹੀ, ਜੋ ਹਰ ਮਾਮਲੇ ਵਿੱਚ ਆਪਣੇ ਆਪ ਨੂੰ ਅਗਾਂਹਵਧੂ ਸਮਝਦੀ ਹੈ, ਸਮਝ ਦੇ ਮੋਰਚੇ ’ਤੇ ਇੰਨੀ ਦਿਸ਼ਾਹੀਣ ਹੈ ਕਿ ਸਮਝ ਦੀ ਘਾਟ ਹੋਣ ’ਤੇ ਵਿਆਹੁਤਾ ਰਿਸ਼ਤੇ ਵਿੱਚ ਵਿਛੋੜੇ ਦਾ ਸਹੀ ਰਸਤਾ ਚੁਣਨ ਦੀ ਬਜਾਏ, ਘਿਨਾਉਣੇ ਅਪਰਾਧ ਕਰਨ ਦਾ ਰਸਤਾ ਅਖਤਿਆਰ ਕਰ ਰਹੀ ਹੈ। ਇਹ ਹੁੰਦਾ ਰਿਹਾ ਹੈ। ਸਾਂਝੀ ਜ਼ਿੰਦਗੀ ਵਿੱਚ ਹਿੰਸਕ ਘਟਨਾਵਾਂ ਦੀ ਇਹ ਬੇਅੰਤ ਲੜੀ ਪਰਿਵਾਰਕ ਪ੍ਰਣਾਲੀ ਦੀ ਨੀਂਹ ਨੂੰ ਤਬਾਹ ਕਰਨ ਵਾਲੀ ਹੈ। ਕਿਸੇ ਪਿਆਰੇ ਦੀ ਜਾਨ ਗੁੱਸੇ ਵਿੱਚ ਨਹੀਂ ਸਗੋਂ ਇੱਕ ਯੋਜਨਾਬੱਧ ਰਣਨੀਤੀ ਦੇ ਹਿੱਸੇ ਵਜੋਂ ਲੈਣ ਦੇ ਮਾਮਲੇ ਡਰਾਉਣੇ ਹਨ ਅਤੇ ਵਿਸ਼ਵਾਸ ਨੂੰ ਹਿਲਾ ਦਿੰਦੇ ਹਨ। ਉਹ ਵਿਆਹ ਪ੍ਰਣਾਲੀ ਦੀਆਂ ਵਿਗੜਦੀਆਂ ਸਥਿਤੀਆਂ ਨੂੰ ਉਜਾਗਰ ਕਰਦੇ ਹਨ ਜਿਸਨੂੰ ਸਮਾਜ ਦੀ ਨੀਂਹ ਮੰਨਿਆ ਜਾਂਦਾ ਹੈ। ਹਾਲ ਹੀ ਵਿੱਚ ਉੱਤਰ ਪ੍ਰਦੇਸ਼ ਦੇ ਮੇਰਠ ਵਿੱਚ ਇੱਕ ਪਤਨੀ ਨੇ ਆਪਣੇ ਪਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਇਸ ਘਟਨਾ ਵਿੱਚ ਵਿਸ਼ਵਾਸ ਟੁੱਟਣ ਦੀ ਸਥਿਤੀ ਦੇਖੀ ਜਾ ਸਕਦੀ ਹੈ ਕਿ ਇਸ ਮਾਮਲੇ ਵਿੱਚ ਕੁੜੀ ਦੇ ਮਾਪਿਆਂ ਨੇ ਖ਼ੁਦ ਉਸ ਲਈ ਸਖ਼ਤ ਸਜ਼ਾ ਦੀ ਮੰਗ ਕੀਤੀ। ਦੋਸ਼ ਹੈ ਕਿ ਇਸ ਵਿਆਹੁਤਾ ਔਰਤ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਆਪਣੇ ਪਤੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਅਤੇ ਫਿਰ ਲਾਸ਼ ਦੇ ਟੁਕੜੇ-ਟੁਕੜੇ ਕਰ ਕੇ ਇੱਕ ਢੋਲ ਵਿੱਚ ਰੱਖ ਕੇ ਦਫ਼ਨਾ ਦਿੱਤਾ। ਇਸ ਹਰਕਤ ਨੂੰ ਅੰਜਾਮ ਦੇਣ ਤੋਂ ਬਾਅਦ, ਔਰਤ ਆਪਣੇ ਪ੍ਰੇਮੀ ਨਾਲ ਬਾਹਰ ਚਲੀ ਗਈ। ਇਸ ਘਟਨਾ ਦੀ ਯੋਜਨਾ ਪਿਛਲੇ ਸਾਲ ਤੋਂ ਬਣਾਈ ਜਾ ਰਹੀ ਸੀ। ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ, ਲੜਕੀ ਨੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਗੁਆਂਢੀਆਂ ਨੂੰ ਗੁੰਮਰਾਹ ਕਰਨ ਦੀ ਰਣਨੀਤੀ ਤਿਆਰ ਕੀਤੀ। ਡਾਕਟਰ ਨੂੰ ਝੂਠ ਬੋਲ ਕੇ ਨੀਂਦ ਦੀਆਂ ਗੋਲੀਆਂ ਖਾਧੀਆਂ ਗਈਆਂ। ਇਹ ਦਵਾਈ ਦੇ ਕੇ ਪਹਿਲਾਂ ਪਤੀ ਨੂੰ ਬੇਹੋਸ਼ ਕੀਤਾ ਗਿਆ ਅਤੇ ਫਿਰ ਉਸਦਾ ਕਤਲ ਕਰ ਦਿੱਤਾ ਗਿਆ। ਘਟਨਾ ਨੂੰ ਅੰਜਾਮ ਦਿੰਦੇ ਸਮੇਂ, ਕੁੜੀ ਨੇ ਆਪਣੀ ਪੰਜ ਸਾਲ ਦੀ ਧੀ ਦੇ ਭਵਿੱਖ ਦੀ ਵੀ ਪਰਵਾਹ ਨਹੀਂ ਕੀਤੀ। ਦਰਅਸਲ, ਅਜਿਹੇ ਜ਼ਿਆਦਾਤਰ ਮਾਮਲਿਆਂ ਦੇ ਪਿੱਛੇ, ਮਹੱਤਵਪੂਰਨ ਕਾਰਨ ਨਾਜਾਇਜ਼ ਸਬੰਧ, ਪ੍ਰੇਮ ਸੰਬੰਧ, ਪੈਸੇ ਦਾ ਲਾਲਚ ਜਾਂ ਸਾਥੀ ਤੋਂ ਛੁਟਕਾਰਾ ਪਾਉਣਾ ਹੁੰਦੇ ਹਨ। ਇਹ ਦੁੱਖ ਦੀ ਗੱਲ ਹੈ ਕਿ ਹੁਣ ਨੌਜਵਾਨ ਔਰਤਾਂ ਵੀ ਗੁੰਮਰਾਹ ਹੋ ਰਹੀਆਂ ਹਨ। ਇੱਕ ਖਿੰਡਿਆ ਹੋਇਆ ਮਨ ਨਾ ਸਿਰਫ਼ ਉਨ੍ਹਾਂ ਨੂੰ ਪਰਿਵਾਰਕ ਰਿਸ਼ਤਿਆਂ ਨਾਲ ਸਬੰਧਤ ਜ਼ਿੰਮੇਵਾਰੀ ਦੀ ਭਾਵਨਾ ਤੋਂ ਦੂਰ ਕਰ ਰਿਹਾ ਹੈ, ਸਗੋਂ ਆਪਣੇ ਆਪ ਨੂੰ ਕਾਬੂ ਕਰਨ ਦੀ ਯੋਗਤਾ ਵੀ ਗੁਆ ਰਿਹਾ ਹੈ। ਸਸ਼ਕਤ ਹੋਣ ਦੀ ਗਲਤ ਧਾਰਨਾ ਕਾਰਨ ਦੂਜਿਆਂ ’ਤੇ ਭਾਵਨਾਤਮਕ ਨਿਰਭਰਤਾ ਵਧ ਰਹੀ ਹੈ। ਅਜਿਹੇ ਮਾਮਲੇ ਨੌਜਵਾਨਾਂ ਦੀ ਮਾਨਸਿਕ ਸਥਿਤੀ ਨੂੰ ਅਸਫਲ ਵਿਆਹਾਂ ਦੁਆਰਾ ਜ਼ਹਿਰੀਲੇ ਹੋਣ ਦਾ ਪ੍ਰਤੀਬਿੰਬ ਹਨ ਅਤੇ ਇਹ ਵੀ ਪੁਸ਼ਟੀ ਕਰਦੇ ਹਨ ਕਿ ਉਹ ਆਪਣੇ ਭਵਿੱਖ ਦੇ ਜੀਵਨ ਵਿੱਚ ਅਵਿਵਹਾਰਕ ਰਿਸ਼ਤੇ ਜੀਉਂਦੇ ਹਨ ਅਤੇ ਅਵਿਸ਼ਵਾਸੀ ਸੁਪਨਿਆਂ ਦੇ ਭਰਮਾਂ ਵਿੱਚ ਫਸ ਜਾਂਦੇ ਹਨ। ਨਤੀਜੇ ਵਜੋਂ ਭਾਵਨਾਤਮਕ ਬੰਧਨ ਦੀਆਂ ਭਾਵਨਾਵਾਂ ਦਾ ਨੁਕਸਾਨ ਕਈ ਵਾਰ ਸਵੈ-ਵਿਨਾਸ਼ ਦਾ ਕਾਰਨ ਬਣਦਾ ਹੈ ਅਤੇ ਕਈ ਵਾਰ ਸਾਥੀ ਦੀ ਜਾਨ ਵੀ ਲੈ ਲੈਂਦਾ ਹੈ। ਲਾਲਚ ਅਤੇ ਨਾਜਾਇਜ਼ ਸਬੰਧ ਵੀ ਅਜਿਹੇ ਮਾਮਲਿਆਂ ਦੀ ਜੜ੍ਹ ਹਨ। ਜ਼ਿੰਦਗੀ ਭਰ ਇਕੱਠੇ ਰਹਿਣ ਦੇ ਵਾਅਦਿਆਂ ਨਾਲ ਸ਼ੁਰੂ ਹੋਇਆ ਸਫ਼ਰ ਅਵਿਸ਼ਵਾਸ ਅਤੇ ਬਦਨਾਮੀ ਦਾ ਰਾਹ ਫੜਦਾ ਹੈ। ਦੁੱਖ ਦੀ ਗੱਲ ਹੈ ਕਿ ਜਿਹੜੇ ਨੌਜਵਾਨ ਮੁੰਡੇ ਅਤੇ ਕੁੜੀਆਂ ਇੰਟਰਨੈੱਟ ’ਤੇ ਮਾਰਨ ਅਤੇ ਭੱਜਣ ਦੇ ਸੁਝਾਵਾਂ ਦੀ ਭਾਲ ਕਰਦੇ ਹਨ, ਉਹ ਕਾਨੂੰਨੀ ਤਰੀਕੇ ਨਾਲ ਵੱਖ ਹੋਣ ਦੀ ਸਿਆਣਪ ਹਾਸਲ ਕਰਨ ਵਿੱਚ ਅਸਮਰੱਥ ਹਨ। ਉਲਝਣ ਦੇ ਸਮੇਂ ਉਹ ਆਪਣੇ ਬਜ਼ੁਰਗਾਂ ਨਾਲ ਸਲਾਹ ਨਹੀਂ ਕਰਦੇ। ਇੱਕ ਗੁੰਝਲਦਾਰ ਰਿਸ਼ਤੇ ਤੋਂ ਬਾਹਰ ਨਿਕਲਣ ਦੀ ਬਜਾਏ, ਵਿਅਕਤੀ ਦੂਜੇ ਦਿਸ਼ਾਹੀਣ ਰਿਸ਼ਤਿਆਂ ਵਿੱਚ ਉਲਝ ਜਾਂਦਾ ਹੈ। ਹਾਲ ਹੀ ਦੇ ਸਮੇਂ ਵਿੱਚ ਤਲਾਕ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ, ਇਹ ਵੀ ਸੱਚ ਹੈ ਕਿ ਜੋ ਲੋਕ ਪਿਆਰ ਦੇ ਆਧਾਰ ’ਤੇ ਇਕੱਠੇ ਜ਼ਿੰਦਗੀ ਬਿਤਾਉਣ ਦਾ ਫੈਸਲਾ ਕਰਦੇ ਹਨ, ਉਹ ਵੀ ਇੱਕ ਦੂਜੇ ਪ੍ਰਤੀ ਬੇਰਹਿਮ ਹੋਣ ਤੋਂ ਨਹੀਂ ਝਿਜਕਦੇ। ਨੌਜਵਾਨ ਪੀੜ੍ਹੀ ਇਹ ਭੁੱਲ ਰਹੀ ਹੈ ਕਿ ਭਾਵੇਂ ਇਹ ਪ੍ਰੇਮ ਵਿਆਹ ਹੋਵੇ ਜਾਂ ਰਿਸ਼ਤੇਦਾਰਾਂ ਦੇ ਸੁਝਾਅ ’ਤੇ ਰਵਾਇਤੀ ਤੌਰ ’ਤੇ ਬਣਿਆ ਰਿਸ਼ਤਾ, ਜੀਵਨ ਜਿਊਣ ਲਈ ਸਮਰਪਣ ਦੀ ਭਾਵਨਾ ਜ਼ਰੂਰੀ ਹੈ। ਦੋਵਾਂ ਪਾਸਿਆਂ ਤੋਂ ਸਾਂਝੇ ਜੀਵਨ ਵਿੱਚ ਵਿਸ਼ਵਾਸ ਦੀ ਭਾਵਨਾ ਨੂੰ ਪੈਦਾ ਕਰਨਾ ਮਹੱਤਵਪੂਰਨ ਹੈ। ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਹਿਣਸ਼ੀਲਤਾ ਅਤੇ ਸਤਿਕਾਰ ਵਿਆਹ ਦੀ ਨੀਂਹ ਹਨ। ਇੰਨਾ ਹੀ ਨਹੀਂ ਵਿਆਹ ਨੂੰ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ। ਨਵੇਂ ਰਿਸ਼ਤਿਆਂ ਦੀ ਨਵੀਂ ਦੁਨੀਆਂ ਵਿੱਚ, ਕੁਝ ਜ਼ਿੰਮੇਵਾਰੀਆਂ ਅਤੇ ਚੁਣੌਤੀਆਂ ਵੀ ਆਉਂਦੀਆਂ ਹਨ। ਜੇਕਰ ਜ਼ਿੰਮੇਵਾਰੀਆਂ ਅਤੇ ਆਪਸੀ ਵਿਸ਼ਵਾਸ ਪ੍ਰਤੀ ਜਾਗਰੂਕਤਾ ਨਾ ਹੋਵੇ, ਤਾਂ ਵਿਆਹੁਤਾ ਰਿਸ਼ਤਾ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਅੱਜ ਦੇ ਸਮੇਂ ਵਿੱਚ, ਪਤੀ-ਪਤਨੀ ਛੋਟੀਆਂ-ਛੋਟੀਆਂ ਗੱਲਾਂ ’ਤੇ ਵੱਖ ਹੋ ਰਹੇ ਹਨ। ਅਜਿਹੀ ਸਥਿਤੀ ਵਿੱਚ, ਏਕਤਾ, ਸੰਚਾਰ ਅਤੇ ਹਮਦਰਦੀ ਮਹੱਤਵਪੂਰਨ ਹਨ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਵਿਆਹੁਤਾ ਰਿਸ਼ਤੇ ਵਿੱਚ ਜੋੜੇ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਪਰਾਧਿਕ ਅਤੇ ਨਕਾਰਾਤਮਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਬਜਾਏ, ਵੱਖ ਹੋਣ ਦਾ ਸਹੀ ਰਸਤਾ ਚੁਣਨਾ ਬਿਹਤਰ ਹੈ। ਹਾਲ ਹੀ ਦੇ ਸਾਲਾਂ ਵਿੱਚ, ਅਜਿਹੇ ਮਾਮਲੇ ਤੇਜ਼ੀ ਨਾਲ ਵਧੇ ਹਨ ਜਿਨ੍ਹਾਂ ਵਿੱਚ ਨਾ ਤਾਂ ਵਿਆਹੁਤਾ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਵਿਚੋਲਗੀ ਕੰਮ ਕਰਦੀ ਹੈ ਅਤੇ ਨਾ ਹੀ ਆਪਸੀ ਸਮਝ ਰਾਹੀਂ ਕੋਈ ਹੱਲ ਲੱਭਿਆ ਜਾਂਦਾ ਹੈ। ਕਾਨੂੰਨੀ ਦਬਾਅ ਅਜਿਹੇ ਸਬੰਧਾਂ ਨੂੰ ਮੁੜ ਸੁਰਜੀਤ ਨਹੀਂ ਕਰ ਸਕਦਾ। ਅਜਿਹੀ ਸਥਿਤੀ ਵਿੱਚ, ਜੇਕਰ ਵਿਵਹਾਰਕ ਤੌਰ ’ਤੇ ਦੇਖਿਆ ਜਾਵੇ ਤਾਂ ਦੋਵਾਂ ਧਿਰਾਂ ਦੇ ਆਰਾਮਦਾਇਕ ਜੀਵਨ ਲਈ ਵੱਖ ਹੋਣਾ ਜ਼ਰੂਰੀ ਹੈ। ਨੌਜਵਾਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜ਼ਿੰਮੇਵਾਰੀ ਸਿਰਫ਼ ਰਿਸ਼ਤਾ ਬਣਾਉਣ ਵੇਲੇ ਹੀ ਨਹੀਂ ਆਉਂਦੀ, ਸਗੋਂ ਇਸਨੂੰ ਤੋੜਨ ਵੇਲੇ ਵੀ ਆਉਂਦੀ ਹੈ। ਖਿੰਡਾਅ ਵਿੱਚ ਵੀ, ਸ਼ਾਂਤੀ ਜ਼ਰੂਰੀ ਹੈ। ਅਜਿਹੇ ਔਖੇ ਸਮੇਂ ਵਿੱਚ ਆਪਣੇ ਮਨ ਨੂੰ ਸਮਝਣਾ ਅਤੇ ਸਮਝਾਉਣਾ ਬਹੁਤ ਜ਼ਰੂਰੀ ਹੈ। ਮੰਗਣੀ ਦੇ ਸਮੇਂ ਬਹੁਤ ਸਾਰੇ ਲੋਕ ਭਾਵਨਾਤਮਕ ਮੋਰਚੇ ’ਤੇ ਇਕੱਠੇ ਰਹਿੰਦੇ ਹਨ। ਜਿੱਥੇ ਵਿਆਹੁਤਾ ਰਿਸ਼ਤੇ ਦੇ ਟੁੱਟਣ ਦਾ ਸਮਾਂ ਇਕੱਲੇ ਰਹਿਣ ਦਾ ਸਮਾਂ ਹੁੰਦਾ ਹੈ, ਉੱਥੇ ਇਹ ਸਮਾਂ ਮਰਦਾਂ ਅਤੇ ਔਰਤਾਂ ਦੋਵਾਂ ਲਈ ਮੁਸ਼ਕਲਾਂ ਨਾਲ ਭਰਿਆ ਹੁੰਦਾ ਹੈ। ਸਾਡੀ ਸਮਾਜਿਕ ਪਰਿਵਾਰਕ ਪ੍ਰਣਾਲੀ ਵਿੱਚ ਵਿਆਹੁਤਾ ਸਬੰਧਾਂ ਦਾ ਟੁੱਟਣਾ ਕਈ ਸਵਾਲ ਖੜ੍ਹੇ ਕਰਦਾ ਹੈ। ਇਨ੍ਹਾਂ ਹਾਲਾਤਾਂ ਵਿੱਚ, ਨਾ ਸਿਰਫ਼ ਗੁੰਮਰਾਹਕੁੰਨ ਲੋਕ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ, ਸਗੋਂ ਅਪਰਾਧਿਕ ਘਟਨਾਵਾਂ ਵੀ ਵਾਪਰਦੀਆਂ ਹਨ। ਇੱਕ ਪਾਸੇ, ਟੁੱਟੇ ਮਨ ਦੀ ਉਲਝਣ ਮਨੁੱਖ ਨੂੰ ਅਪਰਾਧ ਕਰਨ ਵੱਲ ਲੈ ਜਾਂਦੀ ਹੈ, ਦੂਜੇ ਪਾਸੇ, ਨਾਜਾਇਜ਼ ਰਿਸ਼ਤਿਆਂ ਵਿੱਚ ਪਿਆਰ ਦੇ ਨਾਮ ’ਤੇ ਦੇਖੇ ਅਤੇ ਦਿਖਾਏ ਗਏ ਝੂਠੇ ਸੁਪਨੇ ਮਨੁੱਖ ਨੂੰ ਉਲਝਾਉਂਦੇ ਹਨ। ਇਹ ਮੰਦਭਾਗਾ ਹੈ ਕਿ ਇਸ ਮੋੜ ’ਤੇ ਅਪਰਾਧ ਕਰਨ ਨਾਲ ਕਿਸੇ ਦੀ ਜ਼ਿੰਦਗੀ ਹਮੇਸ਼ਾ ਲਈ ਦਿਸ਼ਾਹੀਣ ਹੋ ਜਾਂਦੀ ਹੈ। ਜ਼ਿੰਦਗੀ ਨੂੰ ਸਮਝਣ ਅਤੇ ਵਿਵਹਾਰਕ ਆਧਾਰ ’ਤੇ ਜਿਉਣ ਦੀ ਕੋਸ਼ਿਸ਼ ਕਰਨਾ ਮਹੱਤਵਪੂਰਨ ਹੈ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਬੱਚੇ ਦੇ ਵਿਕਾਸ ਵਿਚ ਉਤਸ਼ਾਹ ਦੀ ਮਹੱਤਤਾ

ਬੱਚੇ ਦੇ ਸਰਵ ਪੱਖੀ ਵਿਕਾਸ ਲਈ ਜਿਥੇ ਬੱਚੇ ਦੀਆਂ ਕੁਦਰਤੀ ਰੁਚੀਆਂ, ਪਰਿਵਾਰਕ ਅਤੇ ਆਲੇ ਦੁਆਲੇ ਦਾ ਮਾਹੌਲ, ਉਸ ਦੇ ਵਿਦਿਅਕ ਅਦਾਰੇ ਦਾ ਮਾਹੌਲ, ਉਸ ਦੇ ਨਜ਼ਦੀਕੀ ਮਿੱਤਰਾਂ ਦੀ ਸੰਗਤ ਆਦਿ ਪੱਖ ਆਪਣਾ-ਆਪਣਾ ਯੋਗਦਾਨ ਪਾਉਂਦੇ ਹਨ, ਉਥੇ ਬੱਚੇ ਵਿਚ ਆਤਮ ਵਿਸ਼ਵਾਸ ਪੈਦਾ ਕਰਨਾ, ਉਸ ਦੇ ਅੰਦਰ ਲੁਕੀ ਪ੍ਰਤਿਭਾ ਨੂੰ ਉਜਾਗਰ ਕਰਨ ਲਈ ਹੱਲਾਸ਼ੇਰੀ ਦੇਣੀ ਅਤੇ ਇਕ ਅਜਿਹਾ ਮਾਹੌਲ ਪ੍ਰਦਾਨ ਕਰਨਾ ਜਿਸ ਵਿਚ ਉਸ ਨੂੰ ਨਿਰੋਲ ਹਾਂ-ਪੱਖੀ ਹੁੰਗਾਰਾ ਹੀ ਮਿਲੇ ਦਾ ਵੀ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਅਜਿਹੇ ਉਸਾਰੂ ਹਾਲਾਤ ਵਿਚ ਪ੍ਰਵਾਨ ਚੜ੍ਹੇ ਬੱਚੇ ਨਵੀਆਂ ਮੰਜ਼ਲਾਂ ਸਰ ਕਰਨ ਵਿਚ ਹੀ ਸਫਲ ਨਹੀਂ ਹੁੰਦੇ ਬਲਕਿ ਇਕ ਉਸਾਰੂ ਸਮਾਜ ਦੀ ਸਿਰਜਣਾ ਵੀ ਕਰਦੇ ਹਨ। ਇਸ ਪੱਖੋਂ ਕੈਨੇਡਾ ਵਿਚ ਮੁੱਢਲੀ ਸਿੱਖਿਆ ਸਮੇਂ ਬੱਚਿਆਂ ਨੂੰ ਇਕ ਅਜਿਹੇ ਸਾਂਚੇ ਵਿਚ ਢਾਲਣ ਦਾ ਯਤਨ ਕੀਤਾ ਜਾਂਦਾ ਹੈ ਜਿਥੇ ਆਲੋਚਨਾ ਦੀ ਥਾਂ ਉਹਨਾਂ ਨੂੰ ਹੌਸਲਾ ਦਿੱਤਾ ਜਾਂਦਾ ਹੈ, ਬੱਚਿਆਂ ਦੀ ਛੋਟੀ ਤੋਂ ਛੋਟੀ ਪਰਾਪਤੀ ਲਈ ਉਹਨਾਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ ਅਤੇ ਅਧਿਆਪਕ ਅਤੇ ਸਕੂਲ ਦੇ ਉੱਚ ਅਧਿਕਾਰੀਆਂ ਦੀ ਇਹ ਭਰਪੂਰ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਪ੍ਰਤੀ ਕੋਈ ਨਾਂਹ-ਪੱਖੀ ਟਿੱਪਣੀ ਨਾ ਕੀਤੀ ਜਾਵੇ, ਜਿਸ ਨਾਲ ਬੱਚਿਆਂ ਦੀ ਮਾਨਸਿਕਤਾ ਵਿਚ ਕਿਸੇ ਤਰਾਂ ਦੀ ਹੀਨ ਭਾਵਨਾ ਪੈਦਾ ਹੋਵੇ। ਜਿਆਦਾ ਸ਼ਰਾਰਤੀ ਬੱਚਿਆਂ ਨੂੰ ਉਸਾਰੂ ਢੰਗ ਨਾਲ ਸਹੀ ਰਸਤੇ ‘ਤੇ ਲਿਆਉਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਅਧਿਆਪਕ ਹੁੰਦੇ ਹਨ ਜੋ ਅਜਿਹੇ ਬੱਚਿਆਂ ਦੀ ਮਾਨਸਿਕਤਾ ਨੂੰ ਬਦਲਣ ਲਈ ਮਨੋਵਿਗਾਨਿਕ ਢੰਗਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਦੀਆਂ ਉਸਾਰੂ ਗਤੀਵਿਧੀਆਂ ਨੂੰ ਨਵੀਂ ਦਿਸ਼ਾ ਦੇਣ ਦੇ ਯਤਨ ਕੀਤੇ ਜਾਂਦੇ ਹਨ ਅਤੇ ਉਹਨਾਂ ਨੂੰ ਹੱਲਾਸ਼ੇਰੀ ਦੇ ਕੇ ਉਹਨਾਂ ਵਿਚ ਹਾਂ-ਪੱਖੀ ਵਰਤਾਰੇ ਦੀ ਭਾਵਨਾ ਪੈਦਾ ਕੀਤੀ ਜਾਂਦੀ ਹੈ। ਇਸ ਪੱਖ ਦੀ ਇਕ ਉਦਾਹਰਣ ਦਾ ਵਰਣਨ ਕਰਨਾ ਚਾਹੁੰਦਾ ਹਾਂ ਜੋ ਉਪਰੋਕਤ ਵਿਚਾਰਧਾਰਾ ਦੀ ਸੱਚਾਈ ਪ੍ਰਗਟ ਕਰਦੀ ਹੈ। ਕੈਨੇਡਾ ਦੇ ਇਕ ਵੱਡੇ ਸ਼ਹਿਰ ਕੈਲਗਰੀ ਦੇ ਕੋਲ ਹੀ ਇਕ ਸ਼ਹਿਰ ਹੈ ਚੈਸਟਰਮੇਅਰ। ਨਵੇਂ ਸਾਲ ਦੇ ਕਾਰਡ ਬਣਾਉਣ ਵਾਲੇ ਇਕ ਅਦਾਰੇ ਵੱਲੋਂ ਚੈਸਟਰਮੇਅਰ ਦੇ ਐਲੀਮੈਂਟਰੀ (ਕਿੰਡਰ ਗਾਰਟਨ ਤੋਂ ਸਤਵੀਂ ਜਮਾਤ ਤੱਕ) ਸਕੂਲਾਂ ਵਿਚ ਆਪਣੇ ਕਰਮਚਾਰੀ ਭੇਜੇ ਗਏ। ਉਹਨਾਂ ਨੇ ਵੱਖ-ਵੱਖ ਕਲਾਸਾਂ ਵਿਚ ਜਾ ਕੇ ਬੱਚਿਆਂ ਨੂੰ ਡਰਾਇੰਗ ਸ਼ੀਟਾਂ ਦਿੱਤੀਆਂ ਅਤੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਉਹਨਾਂ ਸ਼ੀਟਾਂ ‘ਤੇ ਕੁਝ ਵੀ ਬਣਾਉਣ ਅਤੇ ਰੰਗ ਭਰਨ। ਇਸ ਕੰਮ ਵਿਚ ਬਾਹਰੀ ਤੌਰ ਤੇ ਬੱਚਿਆਂ ਨੂੰ ਕੋਈ ਸਹਾਇਤਾ ਨਹੀਂ ਦਿੱਤੀ ਗਈ, ਭਾਵ ਬੱਚਿਆਂ ਦੇ ਅਧਿਆਪਕਾਂ ਵੱਲੋਂ ਕਿਸੇ ਕਿਸਮ ਦੀ ਸਹਾਇਤਾ ਜਾਂ ਸਲਾਹ ਨਹੀਂ ਦਿੱਤੀ ਗਈ। ਸਾਰੇ ਬੱਚਿਆਂ ਨੇ ਆਪਣੀ ਸੋਚ ਮੁਤਾਬਿਕ ਕੁਝ ਨਾ ਕੁਝ ਬਣਾਇਆ, ਰੰਗ ਭਰੇ ਅਤੇ ਆਪਣਾ ਨਾਂ ਲਿਖ ਦਿੱਤਾ। ਬੱਚਿਆਂ ਵੱਲੋਂ ਬਣਾਏ ਗਏ ਇਹ ਕਾਰਡ ਉਸ ਅਦਾਰੇ ਦੇ ਕਰਮਚਾਰੀ ਆਪਣੇ ਨਾਲ ਲੈ ਗਏ। ਕੁਝ ਦਿਨਾਂ ਬਾਅਦ ਹਰ ਬੱਚੇ ਨੂੰ ਉਸਦੀ ਬਣਾਈ ਡਰਾਇੰਗ ਦੇ ਵੀਹ-ਵੀਹ ਕਾਰਡ ਦਿੱਤੇ ਗਏ। ਇਹ ਕਾਰਡ ਛਾਪਣ ਵੇਲੇ ਬੱਚਿਆਂ ਵੱਲੋਂ ਬਣਾਏ ਕਾਰਡਾਂ ਨੂੰ ਕਿਸੇ ਕਿਸਮ ਨਾਲ ਸੋਧਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਜਦੋਂ ਬੱਚਿਆਂ ਨੇ ਆਪਣੇ ਵੱਲੋਂ ਬਣਾਈ ਡਰਾਇੰਗ ਨੂੰ ਕਾਰਡ ਦੇ ਰੂਪ ਵਿਚ ਦੇਖਿਆ, ਉਹਨਾਂ ਦੇ ਚਿਹਰੇ ਦੇ ਹਾਵ-ਭਾਵ ਦੇਖਣ ਵਾਲੇ ਸੀ। ਉਹ ਮਹਿਸੂਸ ਕਰ ਰਹੇ ਸਨ ਜਿਵੇਂ ਉਹ ਹਵਾ ਵਿਚ ਉੱਡ ਰਹੇ ਹੋਣ। (ਇਥੇ ਮੈਂ ਪਹਿਲੀ ਕਲਾਸ, ਉਮਰ ਸੱਤ ਸਾਲ ਅਤੇ ਤੀਜੀ ਕਲਾਸ, ਉਮਰ ਨੌਂ ਸਾਲ ਦੇ ਬੱਚਿਆਂ ਵੱਲੋਂ ਬਣਾਏ ਕਾਰਡਾਂ ਦੀਆਂ ਤਸਵੀਰਾਂ ਦੇ ਰਿਹਾ ਹਾਂ)। ਮੈਂ ਇਹ ਨਹੀਂ ਕਹਿੰਦਾ ਕਿ ਇਹ ਚਿੱਤਰ ਕਲਾ ਦੇ ਵਧੀਆ ਨਮੂਨੇ ਹਨ, ਪਰ ਬੱਚਿਆਂ ਦੀ ਉਮਰ ਨੂੰ ਦੇਖਦੇ ਹੋਏ ਅਤੇ ਉਹਨਾਂ ਦੇ ਮਾਨਸਿਕ ਪੱਧਰ ਨੂੰ ਦੇਖਦੇ ਹੋਏ, ਉਹਨਾਂ ਦੀ ਅਤੇ ਹੋਰ ਬੱਚਿਆਂ ਦੀ ਪ੍ਰਸੰਸਾ ਕਰਨੀ ਤਾਂ ਬਣਦੀ ਹੀ ਹੈ। ਜਦੋਂ ਇਹਨਾਂ ਬੱਚਿਆਂ ਨੇ ਇਹ ਕਾਰਡ ਆਪਣੇ ਨੇੜਲੇ ਰਿਸ਼ਤੇਦਾਰਾਂ ਨੂੰ ਭੇਜੇ ਹੋਣਗੇ ਤਾਂ ਉਹਨਾਂ ਵੱਲੋਂ ਮਿਲੀ ਸ਼ਾਬਾਸ਼ ਨਿਸ਼ਚੇ ਹੀ ਬੱਚਿਆਂ ਦੇ ਮਨੋਬਲ ਨੂੰ ਉੱਚਾ ਚੁੱਕਣ ਵਿਚ ਸਹਾਈ ਹੋਵੇਗੀ ਅਤੇ ਭਵਿੱਖ ਵਿਚ ਉਹਨਾਂ ਨੂੰ ਅਜਿਹੀਆਂ ਗਤੀ ਵਿਧੀਆਂ ਵਿਚ ਅੱਗੇ ਆਉਣ ਦੀ ਪਰੇਰਣਾ ਤਾਂ ਮਿਲੇਗੀ ਹੀ, ਇਸ ਦੇ ਨਾਲ ਹੀ ਭਵਿੱਖ ਵਿਚ ਵੀ ਬੱਚਿਆਂ ਦੀ ਕਲਪਨਾ ਹੋਰ ਉੱਚੀਆਂ ਉਡਾਰੀਆਂ ਲਾਵੇਗੀ ।



ਆਪਣੀ ਜਮਾਤ ਵਿਚ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀ ਵਿਧੀਆਂ ਵਿਚ ਹਿੱਸਾ ਲੈਣਾ ਜਿਸ ਕਰਕੇ ਉਹਨਾਂ ਦੀ ਪ੍ਰਸੰਸਾ ਹੋਵੇ, ਬੱਚਿਆਂ ਦੇ ਦਿਲ ਵਿਚ ਇਕ ਨਵੀਂ ਨਰੋਈ ਭਾਵਨਾ ਹੀ ਪੈਦਾ ਨਹੀਂ ਕਰਦੀ ਸਗੋਂ ਜ਼ਿੰਦਗੀ ਪ੍ਰਤੀ ਉਹਨਾਂ ਦੀ ਸੋਚ ਨੂੰ ਹਾਂ-ਪੱਖੀ ਹੁਲਾਰਾ ਦਿੰਦੀ ਹੈ। ਅਜਿਹੇ ਮਾਹੌਲ ਵਿਚ ਪ੍ਰਵਾਨ ਚੜ੍ਹੇ ਬੱਚੇ ਹਮੇਸ਼ਾ ਹੀ ਹੱਸਦੇ-ਹੱਸਦੇ ਨਵੀਆਂ ਚੁਣੌਤੀਆਂ ਨਾਲ ਦੋ-ਚਾਰ ਹੋਣ ਤੋਂ ਘਬਰਾਉਂਦੇ ਨਹੀਂ. ਉਹਨਾਂ ਦੇ ਅਚੇਤ ਮਨ ਵਿਚ ਵਿਚਰ ਰਹੇ ਹੌਸਲੇ ਕਰਕੇ ਡਰ ਉਹਨਾਂ ਦੇ ਨੇੜੇ ਨਹੀਂ ਢੁੱਕਦਾ। ਉਹ ਜ਼ਿੰਦਗੀ ਵਿਚ ਆਈਆਂ ਅਸਫਲਤਾਵਾਂ ਤੋਂ ਵੀ ਕੁਝ ਸਿੱਖਦੇ ਹਨ ਅਤੇ ਨਵੇਂ ਦਿਸ-ਹੱਦਿਆਂ ਵੱਲ ਵਧਣ ਦੀ ਯੋਗਤਾ ਵੀ ਰੱਖਦੇ ਹਨ। ਜਦੋਂ ਬੱਚਿਆਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਏ ਕਿ ਉਹਨਾਂ ਵੱਲੋਂ ਕੀਤਾ ਕੰਮ ਵਿਸ਼ੇਸ਼ ਮਹੱਤਵ ਵਾਲਾ ਹੈ ਤਾਂ ਉਹਨਾਂ ਦੇ ਦਿਲ ਵਿਚ ਇਹ ਭਾਵਨਾ ਘਰ ਕਰ ਜਾਂਦੀ ਹੈ ਕਿ ਉਹ ਵੀ ਇਸ ਦੁਨੀਆਂ ਵਿਚ ਕੁਝ ਨਵੇਕਲਾ ਕਰ ਸਕਦੇ ਹਨ। ਇਨਸਾਨ ਵਿਚ ਪੈਦਾ ਹੋਈ ਅਜਿਹੀ ਉਸਾਰੂ ਸੋਚ ਨੇ ਹੀ ਪੱਥਰ ਕਾਲ ਦੇ ਯੁਗ ਨੂੰ ਵਰਤਮਾਨ ਸਮੇਂ ਦੇ ਵਿਗਿਆਨਕ ਯੁਗ ਵਿਚ ਬਦਲਿਆ ਹੈ।

ਜਿੰਨਾਂ ਬਾਲ ਮਨਾਂ ਨੂੰ ਅਜਿਹੇ ਉਤਸ਼ਾਹ ਭਰੇ ਮਾਹੌਲ ਵਿਚ ਰਹਿਣ ਦਾ ਮੌਕਾ ਮਿਲਿਆ ਹੋਵੇ, ਉਹਨਾਂ ਦੀਆਂ ਜਾਗਦੀਆਂ ਅੱਖਾਂ ਦੇ ਸੁਪਨੇ ਪੂਰੇ ਹੀ ਨਹੀਂ ਹੁੰਦੇ, ਉਹ ਆਉਣ ਵਾਲੇ ਕੱਲ ਦੇ ਨੇਤਾ ਬਣ ਕੇ ਇਸ ਦੁਨੀਆਂ ਨੂੰ ਹੋਰ ਜਿਉਣ ਜੋਗੀ ਬਣਾਉਂਦੇ ਦੇ ਕਾਬਿਲ ਵੀ ਬਣਦੇ ਹਨ। ਬੱਚੇ ਦੀ ਯੋਗਤਾ ਨੂੰ ਕਿਤਾਬੀ ਪੜਾਈ ਦੀਆਂ ਪਰਾਪਤੀਆਂ ਤੋਂ ਹੀ ਨਹੀਂ ਪਹਿਚਾਣਿਆ ਜਾ ਸਕਦਾ, ਸਗੋਂ ਇਹ ਦੇਖਣਾ ਵੀ ਜਰੂਰੀ ਹੁੰਦਾ ਹੈ ਕਿ ਉਹ ਆਪਣੇ ਅੰਦਰ ਲੁਕੀਆਂ ਹੋਰ ਕੁਦਰਤੀ ਰੁਚੀਆਂ ਨੂੰ ਕਿਵੇਂ ਉਜਾਗਰ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਆਪ ‘ਤੇ ਕਿੰਨਾ ਭਰੋਸਾ ਹੈ ? ਜੇ ਹਰ ਬੱਚੇ ਨੂੰ ਬਿਨਾਂ ਕਿਸੇ ਡਰ ਜਾਂ ਝਿਜਕ ਦੇ ਆਪਣੀ ਸਮਰਥਾ ਨੂੰ ਪ੍ਰਗਟਾਉਣ ਦਾ ਮੌਕਾ ਮਿਲੇ ਤਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਉਹ ਬੱਚਾ ਵੱਡਾ ਹੋ ਕੇ ਕਿਹੜੀਆਂ-ਕਿਹੜੀਆਂ ਮੁਸ਼ਕਿਲ ਘਾਟੀਆਂ ਸਰ ਕਰ ਸਕਦਾ ਹੈ।



ਰਵਿੰਦਰ ਸਿੰਘ ਸੋਢੀ
ਕੈਲਗਰੀ (ਕੈਨੇਡਾ)
001-604-369-2371

# Dosanjh Family AUTO GROUP

Cadillac · CHEVROLET · INFINITI · KIA · NISSAN · BUICK · GMC

CHRYSLER · Jeep · DODGE · RAM · TOYOTA · Ford · ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD